# ਸਮਤਾ

ਦੰਬਰ 1980 (ਅੰਕ 7)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਸੰਪਾਦਕੀ ਮੰਡਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

7

ਦਸੰਬਰ 1980

## ਇਨਕਲਾਬ ਦੇ ਰਾਹ ਤੇ



ਚਿਤ੍ਰਕਾਰ : ਦੇਵੀ ਪ੍ਰਸਾਦ ਰਾਏ ਚੌਧਰੀ

## ਇਸ ਅੰਕ ਵਿਚ–

ਸਰਮਾਏ ਹੇਠ ਕਿਰਤ ਦੀ ਅਸਲੀ ਤੇ ਰਸਮੀ ਸ਼ਮੂਲੀਅਤ–ਦੀਪੰਕਰ ਗੁਪਤਾ

ਕਵਿਤਾਵਾਂ : ਸੁਰਜੀਤ ਹਾਂਸ, ਦਰਸ਼ਨ ਖਟਕੜ, ਦੋਰਜਿਨ ਗੋਬੋਜ਼ਗਵ, ਆਂਧਰਾਂ ਪ੍ਰਦੇਸ਼ ਦੇ ਇਨਕਲਾਬੀ
ਕਵੀ ਲੋਚਨ ਅਤੇ ਰਾਜੂ ਦੀਆਂ ਕਵਿਤਾਵਾਂ

ਕਹਾਣੀ : ਪਰਾਈ ਪਿਆਸ ਦਾ ਸਫਰ–ਆਲਮਸ਼ਾਹ ਖਾਨ

ਬਿਲੌਰ : ਸੁਰਜੀਤ ਹਾਂਸ–ਪੱਛਮੀ ਰਾਜਨੀਤੀ ਚਿੰਤਕ ਵਿਚ ਔਰਤ
ਵੀਨਾ ਮਜਮੁਦਾਰ–ਔਰਤਾਂ ਦੀ ਪ੍ਰਗਤੀ ਤੇ ਰੁਜ਼ਗ ਰ

ਨਾਟਕ : ਕਥਾ ਕੇਹਰ ਸਿੰਘ ਕਿਸਾਨ ਦੀ–ਬੀਰ ਸਿੰਘ ਨਿਰਵੈਰ ਦੇ
ਨਾਵਲ ਤੇ ਆਧਾਰਤ ਨਾਟਕ–ਸਕਰਿਪਟ–ਗੁਰਸ਼ਰਨ ਸਿੰਘ

ਇਹ ਹਮਾਰਾ ਜੀਵਣਾ : ਵਿਰਸੇ ਦੀ ਪਛਾਣ, ਲਾਇਸੈਂਸ ਯਾਫਤਾ ਹਥਿਆਰ, ਨਕਸਲਬਾੜੀ ਲਹਿਰ

ਕਹਾਣੀ ਬਿਨ ਸਰਨਾਵੇਂ ਤੋਂ : ਬੱਸਾਂ ਦੇ ਵੱਧੇ ਕਿਰਾਏ–ਐਮ. ਸੀ. ਭਾਰਦਵਾਜ

ਪਾਠਕੀ : ਪ੍ਰੇਮ ਪ੍ਰਕਾਸ਼, ਸੁਰਜੀਤ ਗਿਲ, ਗੁਰਬਖਸ਼ ਜੱਸ, ਹਰਭਜਨ ਹਲਵਾਰਵੀ

ਮੁਲ : ਦੋ ਰੁਪਏ

# ਐਡਟੋਰੀ

## ਭਾਰਤ ਦੀ ਆਰਥਿਕਤਾ ਬਾਰੇ ਚਰਚਾ

ਅਜੋਕੀ ਖੱਬੀ ਰਾਜਨੀਤੀ ਪ੍ਰਮੁਖ ਝੁਕਾਅ ਵਰਤਮਾਨ ਰਾਜਨੀਤਕ ਮਸਲਿਆਂ, ਟਰੇਡ ਯੂਨੀਅਨ ਸੰਘਰਸ਼ ਅਤੇ ਪਰਸਪਰ ਵਾਦ-ਵਿਵਾਦ ਉਤੇ ਹੈ। ਰਾਜਨੀਤਕ ਪਾਰਟੀਆਂ ਵਿਚੋਂ ਆਰਥਿਕਤਾ ਪ੍ਰਤੀ ਚਰਚਾ ਬਾਰੇ ਅਵੇਸਲਾ-ਪਨ ਹੈ। ਕਿਸੇ ਨੇ ਵੀ ਦੇਸ਼ ਦੀ ਆਰਥਿਕਤਾ ਬਾਰੇ ਸਹੀ ਸਮਝ ਪੈਦਾ ਕਰਨ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿਤਾ।

ਦੇਸ਼ ਦੀ ਆਰਥਿਕਤਾ ਪ੍ਰਤੀ ਇਹ ਉਦਾਸੀਨਤਾ 'ਤੋਂ ਕੀ ਇਹ ਅਰਥ ਨਹੀਂ ਨਿਕਲਦਾ ਕਿ ਸਾਨੂੰ ਆਰਥਿਕ ਆਧਾਰ ਦੇ ਮਹਤਵ ਅਤੇ ਗੁਝੇ ਅਰਥਾਂ ਬਾਰੇ ਸੋਝੀ ਨਹੀਂ? ਕਿਸੇ ਵੀ ਰਾਜਨੀਤਕ ਜਥੇਬੰਦੀ ਦੀ ਯੁੱਧ-ਨੀਤੀ--ਮੁਖ ਦੁਸ਼ਮਣ ਦੀ ਪਛਾਣ, ਦੋਸਤ ਜਮਾਤਾਂ ਦਾ ਨਿਰਣਾ ਆਦਿ, ਅਤੇ ਸੰਘਰਸ਼ ਦੇ ਦਾਅ ਪੇਚ ਆਰਥਿਕਤਾ ਬਾਰੇ ਸਾਡੀ ਸਮਝ ਤੋਂ ਪ੍ਰਭਾਵਿਤ ਤੇ ਨਿਰਧਾਰਿਤ ਹੁੰਦੇ ਹਨ। ਪਰ ਦੁਖਾਂਤ ਇਹ ਹੈ ਕਿ ਰਾਜਨੀਤਕ ਪਾਰਟੀਆਂ ਦੀ ਇਸ ਸੰਬੰਧ ਵਿਚ ਜੋ ਸਮਝ ਹੈ, ਉਹ ਘੜੀ ਘੜਾਈ ਉਪਰੋਂ ਲਾਗੂ ਕੀਤੀ ਗਈ ਪਰਾਈ ਸੋਚ ਦਾ ਸਿੱਟਾ ਹੈ।

ਪਰ ਇਸ ਦਾ ਮਤਲਬ ਇਹ ਕਤਈ ਨਹੀਂ ਕਿ ਇਸ ਵਿਸ਼ੇ ਬਾਰੇ ਗੰਭੀਰ ਚਰਚਾ ਹੋਈ ਹੀ ਨਹੀਂ। ਪਿਛਲੇ ਦਸਾਂ ਸਾਲਾਂ ਤੋਂ ਭਾਰਤੀ ਜ਼ਰਾਇਤ ਦੇ ਖਾਸੇ ਬਾਰੇ ਮਾਰਕਸਵਾਦੀ ਵਿਦਵਾਨਾਂ ਵਿਚ ਬਹਿਸ ਚਲੀ ਆ ਰਹੀ ਹੈ। ਇਸ ਸਿਲਸਿਲੇ ਵਿਚ 'ਇਕਨਾਮਿਕ ਐਂਡ ਪੁਲੀਟਿਕਲ ਵੀਕਲੀ' ਦਾ ਰੋਲ ਅਹਿਮ ਹੈ। ਇਸ ਇਲਾਵਾ ਹੋਰ ਵੀ ਬਹੁਤ ਸਾਰੇ ਰਸਾਲੇ ਹਨ ਜਿਨ੍ਹਾਂ ਵਿਚ ਇਸ ਸੰਬੰਧ ਵਿਚ ਗਾਹੇ-ਬਗਾਹੇ ਚਰਚਾ ਚਲਦੀ ਰਹੀ ਹੈ ਜਿਵੇਂ 'ਮੰਥਲੀ ਰੀਵੀਊ', 'ਨਿਊ ਲੈਫਟ ਰੀਵੀਊ' ਆਦਿ। 'ਸਮਤਾ' ਦੇ ਹਥਲੇ ਅੰਕ ਵਿਚ ਦੀਪੰਕਰ ਗੁਪਤਾ ਦਾ EpW ਵਿਚ ਪ੍ਰਕਾਸ਼ਿਤ ਲੇਖ ਦੇ ਪੰਜਾਬੀ ਰੂਪ ਨੂੰ ਦੇ ਕੇ ਇਸ ਬਹਿਸ ਨਾਲ ਆਪਣੇ ਪਾਠਕਾਂ ਨੂੰ ਜਾਣੂ ਕਰਵਾ ਰਹੇ ਹਾਂ।

ਦੀਪੰਕਰ ਗੁਪਤਾ ਨੇ ਬਟਾਈ ਦੀ ਸੰਸਥਾ ਦੇ ਸੰਦਰਭ ਵਿਚ ਭਾਰਤੀ ਜ਼ਰਾਇਤ ਦੇ ਖਾਸੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਲੇਖਕ ਅਨੁਸਾਰ ਭਾਰਤ ਦਾ ਜ਼ਰਾਇਤੀ ਖੇਤਰ ਸਰਮਾਏਦਾਰੀ ਦੌਰ ਵਿਚ ਦਾਖ਼ਲ ਹੋ ਚੁਕਾ ਹੈ। ਪ੍ਰਚਲਿਤ 'ਅਰਧ ਜਗੀਰੂ' ਸੰਕਲਪ ਦਾ ਮਾਰਕਸੀ ਵਿਚਾਰਧਾਰਾ ਵਿਚ ਕੋਈ ਵਜੂਦ ਨਹੀਂ। ਇਹ ਮਾਰਕਸਵਾਦੀ ਡਾਇਲੈਕਟਿਕਸ ਦੇ ਅਨੁਕੂਲ ਵੀ ਨਹੀਂ। ਉਹਨਾਂ ਅਨੁਸਾਰ ਭਾਰਤੀ ਜ਼ਰਾਇਤ ਵਿਚ ਗਤੀ ਦੇ ਨਿਯਮਾਂ ਦਾ ਸੰਚਾਲਕ ਉਤਪਾਦਨ ਦੇ ਸਰਮਾਏਦਾਰੀ ਢੰਗਾਂ ਨਾਲ ਹੁੰਦਾ ਹੈ। ਬਟਾਈ ਦੀ ਹੈ ਜਿਸ ਕਰ ਕੇ ਕਈ ਭੁਲੇਖੇ ਪੈਂਦੇ ਹਨ।

ਦਰਅਸਲ ਜਾਗੀਰਦਾਰੀ ਤੋਂ ਸਰਮਾਏਦਾਰੀ ਵਿਚ ਤਬਦੀਲੀ ਫੌਰਨ ਨਹੀਂ ਹੁੰਦੀ। ਸਰਮਾਏਦਾਰੀ ਜਾਂ ਸਰਮਾਏ ਹੇਠ ਕਿਰਤ ਦੀ ਅਸਲੀ ਸਮੂਲੀਅਤ ਤੋਂ ਪਹਿਲਾਂ ਕਿਰਤ ਦੀ ਰਸਮੀ ਸ਼ਮੂਲੀਅਤ ਆਉਂਦੀ ਹੈ। ਇਹ ਉਤਪਾਦਨ ਦੇ ਢੰਗਾਂ ਤੇ ਬਹੁਤਾ ਅਸਰ ਭਾਵੇਂ ਨਹੀਂ ਪਾਉਂਦੀ, ਪਰ ਕਿਰਤ ਦੀ ਅਸਲੀ ਸ਼ਮੂਲੀਅਤ ਲਈ ਥਾਂ ਬਣਾਉਂਦੀ ਹੈ। ਇਹ ਦੋਵੇਂ ਸਰਮਾਏਦਾਰੀ ਉਤਪਾਦਨ ਦੇ ਦੋ ਰੂਪ ਹਨ। ਜੇ ਬਟਾਈ ਦੀ ਸੰਸਥਾ ਇਹ ਜਗੀਰਦਾਰੀ ਸੰਸਥਾ ਨਹੀਂ ਰਹੀ, ਸਗੋਂ ਉਸ ਅਵਸਥਾ ਵਿਚ ਹੈ ਜਦੋਂ ਜਾਗੀਰਦਾਰੀ ਨੂੰ ਸਰਮਾਏਦਾਰੀ ਨੇ ਤਬਾਹ ਕਰ ਦਿਤਾ ਹੈ, ਪਰ ਇਹ ਆਪ ਅਜੇ ਪੂਰੀ ਤਾਕਤਵਾਰ ਨਹੀਂ ਹੋਈ। ਇਸ ਸੁਤੀ ਪ੍ਰਕਿਆ 'ਚ ਜ਼ਮੀਨ ਬੇਗਾਨੀ ਹੋ ਜਾਂਦੀ ਹੈ ਤੇ ਸਿਧੇ-ਉਤਪਾਦਨ ਉਤਪਾਦਕ ਦੇ ਵਸੀਲਿਆਂ ਤੋਂ ਅੱਡ। ਪਰ ਭਾਰਤੀ ਜ਼ਰਾਇਤ ਵਿਚ ਸਰਮਾਏਦਾਰੀ ਦਾ ਵਿਕਾਸ ਇਕਸਾਰ ਨਹੀਂ ਕਿਹਾ ਜਾ ਸਕਦਾ। ਭਾਰਤੀ ਜ਼ਰਾਇਤ ਬਾਰੇ ਗ਼ਲਤ ਸਮਝ ਕਰਕੇ ਰਾਜਸੀ ਨੀਤੀਆਂ ਵਿਚ ਟਪਲਾ ਖਾਧਾ ਜਾਂਦਾ ਹੈ।

### ਔਰਤਾਂ ਬਾਰੇ

ਇਸ ਅਕ ਦੇ 'ਬਲੌਰ' ਕਾਲਮ ਵਿਚ ਦਿਤੇ ਦੋ ਲੇਖਾਂ ਦਾ ਸੰਬੰਧ ਔਰਤਾਂ ਨਾਲ ਹੈ। ਪਹਿਲੇ ਵਿਚ ਸੁਰਜੀਤ ਹਾਂਸ ਹੁਰਾਂ ਨੇ ਪੱਛਮੀ ਰਾਜਨੀਤੀ-ਚਿੰਤਨ ਵਿਚ ਔਰਤ ਬਾਰੇ ਚਰਚਾ ਕੀਤੀ ਹੈ, ਉਥੇ ਵੀਨਾ ਮਜ਼ੂਮਦਾਰ ਨੇ ਅਜੋਕੇ ਔਰਤਾਂ ਦੇ ਰੋਜ਼ਗਾਰ ਦੇ ਮਸਲੇ ਬਾਰੇ ਚਰਚਾ ਕੀਤੀ ਹੈ। ਔਰਤਾਂ ਦੀ ਪ੍ਰਗਤੀ ਵਿਚ ਰੋਜ਼ਗਾਰ ਦਾ ਰੋਲ ਤਾਂ ਹੈ ਪਰ ਇਹ ਇਕੋ ਇਕ ਕਾਰਨ ਨਹੀਂ। ਇਹ ਸਮੱਸਿਆ ਮੱਧ-ਵਰਗੀ ਔਰਤਾਂ ਦੀ ਹੈ ਜਿਸ ਨੂੰ ਸਾਰੀਆਂ ਔਰਤਾਂ ਬਾਰੇ ਲਾਗੂ ਕਰਨਾ ਠੀਕ ਨਹੀਂ।

ਔਰਤਾਂ ਦੇ ਸਮਾਜਿਕ ਤੇ ਕਾਨੂੰਨੀ ਬਰਾਬਰੀ ਸੰਬੰਧੀ ਮਸਲੇ ਬਾਰੇ 'ਸਮਤਾ' ਦੇ ਮਾਧਿਅਮ ਨਾਲ ਅਸੀਂ ਸਹੀ ਮਾਰਕਸਵਾਦੀ ਪਹੁੰਚ ਤੋਂ ਜਾਣੂ ਕਰਾਉਣ ਲਈ ਲੇਖ ਛਾਪਦੇ ਰਹਾਂਗੇ।

### ਪਾਠਕਾਂ ਨਾਲ

ਬਹੁਤ ਸਾਰੇ ਪਾਠਕਾਂ ਦੇ ਖ਼ਤਾਂ ਵਿਚ ਇਹ ਗਿਲਾ ਕੀਤਾ ਹੈ ਕਿ ਅਸੀਂ ਅਨੁਵਾਦ ਬਹੁਤ ਛਾਪਦੇ ਹਾਂ। ਦਰਅਸਲ ਜਦੋਂ ਸਮਤਾ ਦੇ ਪ੍ਰਕਾਸ਼ਨ ਬਾਰੇ ਵਿਚਾਰ ਕੀਤੀ ਗਈ ਸੀ ਤਾਂ ਇਹ ਵਿਚਾਰ ਨੂੰ ਪ੍ਰਮੁਖ ਸਮਝਿਆ ਗਿਆ ਸੀ ਕਿ ਸਮਤਾ ਦਾ ਉਦੇਸ਼ ਚੰਗੇ ਪ੍ਰਗਤੀਸ਼ੀਲ ਸਾਹਿਤ ਨਾਲ ਪਾਠਕਾਂ ਨੂੰ ਜੋੜਨਾ ਹੈ। ਇਹ ਸਾਹਿਤ ਭਾਵੇਂ ਕਿਸੇ ਦੇਸ ਦਾ ਕਿਉਂ ਨਾ ਹੋਵੇ। ਪਰ ਫੇਰ ਵੀ ਪੰਜਾਬੀ ਵਿਚ ਆਈ ਹਰ [illegible] ਰਚਨਾ ਨੂੰ ਵੀ

# ਸਰਮਾਏ ਹੇਠ ਕਿਰਤ ਦੀ ਅਸਲੀ ਤੇ ਰਸਮੀ ਸ਼ਮੂਲੀਅਤ ਬਟਾਈ ਦੇ ਸੰਦਰਭ ਵਿਚ

ਦੀਪੰਕਰ ਗੁਪਤਾ

## ( 1 )

## ਸਰਮਾਏਦਾਰੀ ਬਾਰੇ ਸਮਝ : ਸਰਮਾਏ ਹਠ ਕਿਰਤ ਦੀ ਅਸਲ ਤੇ ਰਸਮੀ ਸ਼ਮੂਲੀਅਤ

ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸਾਡਾ ਉਤਪਾਦਨ ਦੇ ਸਰਮਾਏਦਾਰੀ ਢੰਗਾਂ ਤੋਂ ਕੀ ਮਤਲਬ ਹੈ। ਸਭ ਤੋਂ ਪਹਿਲਾਂ ਤਾਂ ਅਸੀਂ ਸਮਝਦੇ ਹਾਂ ਕਿ ਉਤਪਾਦਨ ਦੇ ਢੰਗ ਉਤਪਾਦਨ ਦੇ ਰਿਸ਼ਤਿਆਂ ਦੇ ਆਧਾਰ 'ਤੇ ਪਛਾਨਣੇ ਚਾਹੀਦੇ ਹਨ। ਉਤਪਾਦਨ ਦੇ ਰਿਸ਼ਤੇ ਸਮਾਜਿਕ-ਆਰਥਿਕ ਵਿਵਸਥਾ ਦੇ ਧੁਰੇ ਹਨ ਅਤੇ ਉਹਨਾਂ ਤੇ ਮੁਖ ਰੂਪ 'ਚ ਇਕਾਗਰ ਕੀਤਿਆਂ ਹੀ, ਕਿਸੇ ਸਮਾਜਿਕ ਬਣਤਰ ਦੀ ਗਤੀ ਦੇ ਢੰਗਾਂ ਦਾ ਨਿਰਧਾਰਣ ਕੀਤਾ ਜਾ ਸਕਦਾ ਹੈ। ਅਸੀਂ ਇਸ ਗੱਲ ਬਾਰੇ ਸਹਿਮਤ ਨਹੀਂ ਹਾਂ ਕਿ ਉਤਪਾਦਨ ਦੇ ਰਿਸ਼ਤੇ ਬਹੁਤ ਹੀ ਤੰਗ ਆਧਾਰ ਹਨ ਜਿਸ ਨਾਲ ਉਤਪਾਦਨ ਦੇ ਢੰਗਾਂ ਨੂੰ ਸਮਝਿਆ ਜਾ ਸਕੇ। ਇਸ ਗੱਲ ਦੀ ਵੀ ਵਕਾਲਤ ਕੀਤੀ ਜਾਂਦੀ ਹੈ ਕਿ ਉਤਪਾਦਨ ਦੇ ਵਿਸ਼ੇਸ਼ ਢੰਗਾਂ ਦੇ ਨਿਰਧਾਰਣ ਲਈ ਸਮਾਜਿਕ ਰਿਸ਼ਤਿਆਂ ਦੀ ਗੁੰਝਲਦਾਰ ਏਕਤਾ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ; ਕਿਉਂਕਿ ਉਤਪਾਦਨ ਦੇ ਰਿਸ਼ਤਿਆਂ ਨਾਲ ਉਤਪਾਦਨ ਦੇ ਢੰਗਾਂ ਦੀ ਪਰਿਭਾਸ਼ਾ ਪੂਰੀ ਨਹੀਂ ਹੁੰਦੀ। ਭਾਵੇਂ ਅਸੀਂ ਇਹ ਮੰਨਦੇ ਹਾਂ ਕਿ ਜੇ ਕੋਈ ਸਮਾਜਿਕ ਬਣਤਰ ਨੂੰ ਸਮੱਗਰਤਾ ਵਿਚ ਸਮਝਣਾ ਹੈ ਤਾਂ ਉਸ ਨੇ ਉਤਪਾਦਨ ਦੇ ਰਿਸ਼ਤੇ ਤੇ ਉਤਪਾਦਨ ਦੀਆਂ ਸ਼ਕਤੀਆਂ ਦੋਨਾਂ ਬਾਰੇ ਅਧਿਅਨ ਕਰਨਾ ਚਾਹੀਦਾ ਹੈ ਅਤੇ ਪਹਿਲੇ ਨੂੰ ਦੂਸਰੇ ਦੇ ਬਰਾਬਰ ਨਹੀਂ ਸਮਝਣਾ ਚਾਹੀਦਾ; ਫੇਰ ਵੀ ਇਸ 'ਗੁੰਝਲਦਾਰ ਏਕਤਾ' ਦੇ ਕੇਂਦਰੀ ਸਿਧਾਂਤਾ ਨੂੰ ਸਮਝਣਾ ਹੋਵੇ, ਤਾਂ ਦਿਤੀ ਹੋਏ ਸਮਾਜਿਕ ਬਣਤਰ 'ਚ ਉਤਪਾਦਨ ਦੇ ਰਿਸ਼ਤਿਆਂ 'ਤੇ ਮੁਖ ਤੌਰ ਤੇ ਮਜਬੂਰਨ ਨਿਰਭਰ ਕਰਨਾ ਪਵੇਗਾ। ਜੇ ਅਸੀਂ ਇੰਝ ਨਹੀਂ ਕਰਦੇ ਤਾਂ ਕਿਸੇ ਪ੍ਰਮੁਖ ਸਿਧਾਂਤ ਦੇ ਇਕ ਢੰਗ ਨੂੰ ਦੂਜੇ ਨਾਲੋਂ ਵੱਖਰਾ ਕਰਨਾ ਅਸੰਭਵ ਹੋ ਜਾਵੇਗਾ। ਨਾਲੇ ਨਤੀਜੇ ਵਜੋਂ ਅਸੀਂ (ਫਰੇਂਕਫੋਰਟ ਸਕੂਲ ਦੇ ਜੜਵਾਦੀ ਵਿਦਵਤਾ ਵਾਂਗ) ਤੇਜ਼ੀ ਨਾਲ ਫੰਦੇ ਕੁਰਾਹੇ ਪੈ ਜਾਵਾਂਗੇ। ਜਦੋਂ ਉਹ 'ਉਦੇਸ਼ ਨਾਲ ਤਾਤਕਿਕ ਕਾਰਜ' ਦੇ ਅਧਾਰ ਤੇ ਉਦਪਾਦਨ ਦੇ ਢੰਗ ਦੀ ਵਿਸ਼ੇਸ਼ਤਾ ਦਸਦੇ ਹਨ। ਤਾਂ ਉਹ ਸਪਸ਼ਟ ਰੂਪ ਵਿਚ ਅਧਾਰ (bāse) ਤੇ ਉਪਰੀ-ਸਰਚਨਾ Super structure) ਨੂੰ ਅੱਡਰਾਂ ਕਰਨ 'ਚ ਸਫਲ ਨਹੀਂ ਹੁੰਦੇ।

ਸਰਮਾਏਦਾਰੀ ਵਿਚ ਉਤਪਾਦਨ ਰਿਸ਼ਤੇ ਤੋਂ ਸਾਡਾ ਭਾਵ ਵਿਆਪਕ ਸਮਾਨ ਜਿਣਸ ਦੇ(generalised commodity) ਆਗਮਨ ਦੇ ਨਤੀਜੇ ਵਜੋਂ ਵਾਧੂ ਲੁੱਟ ਦੇ ਢੰਗ ਹਨ। ਵਿਆਪਕ ਜਿਣਸ ਦੇ ਉਤਪਾਦਨ ਲਈ ਕੇਵਲ ਇਹੀ ਕਾਫੀ ਨਹੀਂ ਕਿ ਕਿਰਤ ਹੀ ਜਿਣਸ ਦੇ ਰੂਪ ਵਿਚ ਉਭਰਦੀ ਹੈ। ਵਿਆਪਕ ਜਿਣਸ-ਉਤ-ਪਾਦਨ ਉਦੋਂ ਉਤਪਾਦਨ ਦਾ ਹਰ ਹਿੱਸਾ ਖਾਸ ਤੌਰ ਤੇ ਸਰਮਾਇਆ ਤੇ ਕਿਰਤ ਕੀਮਤ ਰੱਖਦੀ ਜਿਣਸ ਵਾਂਗ ਪੇਸ਼ ਆਉਂਦੀ ਹੈ। ਇਸ ਲਈ ਨਾ ਕੇਵਲ ਉਪਜ ਜਿਣਸ ਵਾਂਗ ਪੇਸ਼ ਆਉਣੀ ਚਾਹੀਦੀ ਹੈ, ਸਗੋਂ ਉਤਪਾਦਨ ਦਾ ਹਿੱਸਾ ਵੀ। ਸੋ ਜੇ ਸਰਮਾਏ ਦੀ ਕੋਈ ਕੀਮਤ ਹੈ ਤਾਂ ਉਸ ਦਾ ਮੁੜ ਉਤਪਾਦਨ ਠੀਕ ਹੋਣਾ ਚਾਹੀਦਾ ਹੈ ਅਤੇ ਮੁੜ-ਉਤਪਾਦਨ ਲਈ ਇਸ ਦੀ ਮੁੜ-ਲਾਗਤ ਚਾਹੀਦੀ ਹੈ।ਸਰਮਾਏਦਾਰੀ ਵਿਚ ਜਿਣਸ ਦੇ ਰੂਪ ਵਿਚ ਸਰਮਾਏ ਨੂੰ ਜਿਣਸ ਦੇ ਰੂਪ ਵਿਚ ਕਿਰਤ 'ਤੇ ਬੋਲਬਾਲਾ ਹੋਣਾ ਜ਼ਰੂਰੀ ਹੈ।

ਸਾਡਾ ਵਿਸ਼ਵਾਸ ਹੈ ਕਿ ਅਜੇਹੀ ਪਰਿਭਾਸ਼ਾ ਉਸ ਪੜਾਅ ਨੂੰ ਸਮਝਣ ਲਈ ਕਾਫ਼ੀ ਹੈ, ਜਿਥੇ ਸਰਮਾਏ ਹੇਠ ਅਮਲੀ ਕਿਰਤ ਵਿਚ ਅਸਲੀ ਸ਼ਮੂਲੀਅਤ ਹੁੰਦੀ ਹੈ। ਪਰ ਇਸ ਤੋਂ ਸਾਨੂੰ ਅਸਲੀ ਸ਼ਮੂਲੀਅਤ ਦੇ ਪੂਰਬ-ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਨਾ ਹੀ ਉਸ ਪੜਾਅ ਬਾਰੇ ਕੋਈ ਵਿਆਖਿਆ ਮਿਲਦੀ ਹੈ ਕਿ ਸਰਮਾਇਆ ਕਦੋਂ ਦਾਖਲ ਹੋਇਆ ਤੇ ਉਸ ਨੇ ਉਤਪਾਦਨ ਦੇ ਪਹਿਲੇ ਢੰਗਾਂ ਨੂੰ ਖਤਮ ਕਰ ਦਿਤਾ।

ਸਰਮਾਏਦਾਰੀ ਬਾਰੇ ਅਧਿਅਨ ਕਰਦਿਆਂ ਮਾਰਕਸ ਨੇ ਵੇਖਿਆ ਕਿ 'ਸਰਮਾਏਦਾਰੀ ਉਤਪਾਦਨ' ਅਰਥਾਤ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਉਦੋਂ ਸਾਹਮਣੇ ਆਉਂਦੀ ਹੈ ਜਦੋਂ 'ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ' ਵਜੋਂ ਇਸ ਦੀਆਂ ਨੀਹਾਂ ਨਿਰਧਾਰਿਤ ਹੋ ਜਾਣ। ਦੂਜੀ ਹਾਲਤ ਵਿਚ ਭਾਵੇਂ ਸਰਮਾਇਆਂ ਟੈਕਨਾਲੋਜੀ ਦੇ ਦਿਤੇ ਹੋਏ ਪੱਧਰ ਉਤੇ ਕਾਰਜਸ਼ੀਲ ਹੁੰਦਾ ਹੈ, ਅਤੇ ਭਾਵੇਂ ਵਾਧੂ ਕਦਰ ਦਾ ਉਤਪਾਦਨ ਕੰਮ ਦੇ ਦਿਨਾਂ ਨੂੰ ਅਸਾਨੀ ਨਾਲ ਵਧਾਂ ਕੇ ਹਾਸਲ ਕੀਤਾ ਜਾ ਸਕਦਾ ਹੈ ਅਰਥਾਤ ਸਰਮਾਏ ਦੀ

ਉੱਕੀ ਪੁਕੀ ਵਾਧੂ ਲੁਟ ਦੁਆਰਾ। "ਇਹ ਉਤਪਾਦਨ ਦੀਆਂ ਹੋਰ ਸਾਰੀਆਂ ਪ੍ਰਣਾਲੀਆਂ ਤੋਂ ਅਗਾਂਹ ਨਿਕਲ ਜਾਂਦਾ ਹੈ, ਜੋ ਆਪਣੀ ਸ਼ਕਤੀ ਅਤੇ ਅਪਾਰ ਤੇ ਬੇਰਹਮ ਸਰਗਰਮੀ ਦੀ ਆਪਣੀ ਸਿਫਤ ਵਿਚ, ਲਾਜ਼ਮੀ ਕਿਰਤ ਉਤੇ ਸਿਧੇ ਤੌਰ ਉਤੇ ਆਧਾਰਿਤ ਸਨ।" (ਮਾਰਕਸ ਸਰਮਾਇਆ, ਸੈਂਚੀ 1, ਸਫਾ 425)

ਜਗੀਰਦਾਰੀ ਤੋਂ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਵਿਚ ਤਬਦੀਲੀ ਫੌਰਨ ਨਹੀਂ ਹੁੰਦੀ ਮਾਰਕਸ ਅਨੁਸਾਰ : "ਸਰਮਾਏ ਹੇਠ ਕਿਰਤ ਪ੍ਰਕ੍ਰਿਆ ਦੀ ਅਧੀਨਗੀ ਪਹਿਲਾਂ ਉਤਪਾਦਨ ਦੇ ਅਸਲ ਢੰਗਾਂ ਨੂੰ ਪ੍ਰਭਾਵਿਤ ਨਹੀਂ ਕਰਦੀ, ਅਤੇ ਇਸ ਦੇ ਅਸਲੀ ਪ੍ਰਭਾਵ ਇਹ ਹਨ : ਮਜ਼ਦੂਰ, ਸਰਮਾਏਦਾਰ ਦੇ ਹੁਕਮ, ਨਿਰਦੇਸ਼ਨ ਅਤੇ ਦੇਖ ਭਾਲ ਸਾਹਮਣੇ ਗੋਡੇ ਟੇਕ ਦੇਂਦਾ ਹੈ, ਹਾਲਾਂਕਿ ਅਸਲ ਵਿਚ ਇਹ ਉਹ ਆਪਣੀ ਕਿਰਤ ਦੇ ਸੰਬੰਧ ਵਿਚ ਕਰਦਾ ਹੈ ਜੋ ਸਰਮਾਏ ਦੀ ਹੈ......... ਬਾਕੀ ਹਿਸੇ ਵਿਚ ਕਿਰਤ ਪ੍ਰਕ੍ਰਿਆ ਆਪਣੇ ਆਪ ਚਲਦੀ ਰਹਿੰਦੀ ਹੈ। ਇਸ ਵਿਚ ਰੁਕਾਵਟ ਨਹੀਂ ਪਾਈ ਜਾਂਦੀ। ਇਹ ਤਾਂ ਹੋਵੇ ਜੇ ਮਜ਼ਦੂਰ ਜਿਣਸ ਦਾ ਸੁਤੰਤਰ ਉਤਪਾਦਕ ਹੋਵੇ......ਅੰਤ 'ਚ ਸਰਮਾਏਦਾਰ ਮਜ਼ਦੂਰ ਨੂੰ ਕਿਰਤ ਦੇ ਸਮੇਂ ਨੂੰ ਜੋ ਦਿਤੀ ਗਈ ਉਜਰਤ ਦੀ ਰਕਮ ਪੈਦਾ ਕਰਨ ਲਈ ਜ਼ਰੂਰੀ ਹੁੰਦੇ ਹਨ ਵਧਾਉਣ ਲਈ ਦਬਾਅ ਪਾਉਂਦਾ ਹੈ, ਕਿਉਂਕਿ ਇਹੋ ਹੀ ਵਾਧੂ ਕਿਰਤ (labour) ਹੈ ਜੋ ਉਸ ਨੂੰ ਵਾਧੂ-ਕਦਰ ਪ੍ਰਦਾਨ ਕਰਦੀ ਹੈ।" (ਮਾਰਕਸ, ਸਰਮਾਇਆ, ਸੈਂਚੀ 1, ਸਫ਼ਾ 1010–11)

ਕਿਸੇ ਹੋਰ ਥਾਂ ਉਤੇ ਮਾਰਕਸ ਨੇ ਇਹ ਵੀ ਕਿਹਾ ਹੈ ਕਿ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਤੋਂ ਹਮੇਸ਼ਾ ਪਹਿਲਾਂ ਹੁੰਦੀ ਹੈ, ਅਤੇ ਕਈ ਵੇਰ ਦੂਜੇ ਦੇ ਨਾਲ ਨਾਲ ਵੀ ਹੋ ਸਕਦੀ ਹੈ! ਸਰਮਾਏ ਵਲੋਂ ਕਿਰਤ ਦੀ ਰਸਮੀ ਸ਼ਮੂਲੀਅਤ ਸਰਮਾਏ ਵਲੋਂ ਕਿਰਤ ਦੀ ਅਸਲੀ ਸ਼ਮੂਲੀ-ਅਤ ਵਾਂਗ ਤਕਨਾਲੋਜੀ ਵਿਚ ਇਨਕਲਾਬ ਨਹੀਂ ਲਿਆਉਂਦੀ। ਮਾਰਕਸ ਦਾ ਕਥਨ ਹੈ : "ਹਰ ਹਾਲਤ ਵਿਚ, ਜੇ ਅਸੀਂ, ਵਾਧੂ ਕਦਰ ਦੇ ਦੋਵੇਂ ਰੂਪਾਂ ਬਾਰੇ ਅਰਥਾਤ ਉੱਕੀ ਤੇ ਨਿੱਸਬਤੀ ਵਾਧੂ ਕਦਰ ਨੂੰ ਅੱਡ ਅੱਡ ਵਿਚਾਰ ਕਰੀਏ, ਤਾਂ ਅਸੀਂ ਵੇਖਾਂਗੇ ਕਿ ਉੱਕਾ ਪੁੱਕਾ ਵਾਧੂ-ਕਦਰ ਨਿਸਬਤੀ ਵਾਧੂ ਕਦਰ ਤੋਂ ਬਾਅਦ ਆਉਂਦੀ ਹੈ। ਵਾਧੂ-ਕਦਰ ਦੇ ਇਹਨਾਂ ਦੋਨਾਂ ਰੂਪਾਂ ਦੇ ਸਰਮਾਏ ਹੇਠ ਕਿਰਤ ਦੀ ਸ਼ਮੂਲੀਅਤ ਦੇ ਦੋ ਵਖਰੇ ਰੂਪ ਹਨ ਜਾਂ ਸਰਮਾਏਦਾਰੀ ਉਤਪਾਦਨ ਦੇ ਦੋ ਅੱਡ ਰੂਪ। ਅਤੇ ਇਥੇ ਵੀ ਇਕ ਰੂਪ ਦੂਸਰੇ ਤੋਂ ਮਗਰੋਂ ਆਉਂਦਾ ਹੈ। ਹਾਲਾਂਕਿ ਦੂਜਾ ਰੂਪ ਜਿਹੜਾ ਵਧੇਰੇ ਵਿਕਸਿਤ ਹੁੰਦਾ ਹੈ, ਪਹਿਲੇ ਨੂੰ ਉਦਯੋਗ ਦੀਆਂ ਨਵੀਆਂ ਬ੍ਰਾਂਚਾਂ ਵਿਚ ਲਿਆਉਣ ਲਈ ਆਧਾਰ ਮੁਹੱਈਆ ਕਰਦਾ ਹੈ।" (ਮਾਰਕਸ, ਸਰਮਾਇਆ ਸੈਂਚੀ 1, ਸਫ਼ਾ 1025)

ਮਾਰਕਸ ਅਨੁਸਾਰ ਸਰਮਾਏ ਅਧੀਨ ਕਿਰਤ ਦੀ ਰਸਮੀ ਸ਼ਮੂਲੀਅਤ ਦੇ ਪ੍ਰਮਾਣ-ਚਿਨ੍ਹ, ਜਿਹੜੇ ਉਸ ਨੂੰ ਮੁੱਢਲੇ ਉਤਪਾਦਨ ਦੇ ਢੰਗਾਂ ਨਾਲੋਂ ਵਖਰਿਆਉਂਦੇ ਹਨ, ਇਹ ਹਨ :

(1) ਵਾਧੂ ਨੂੰ ਇਕੱਠਾ ਕਰਨ ਵਾਲੇ ਵਿਅਕਤੀ ਤੇ ਉਹ ਵਿਅਕਤੀ ਜਿਹੜਾ ਇਸ ਨੂੰ ਸਵੀਕਾਰ ਕਰਣਾ ਹੈ, ਦਰਮਿਆਨ ਸ਼ੁਧ ਧੰਨ ਸੰਬੰਧੀ ਰਿਸ਼ਤਿਆ ਦਾ ਉਭਰਨਾ। ਭਾਵ ਇਹ ਕਿ ਦਮਨ ਮੂਲ ਰੂਪ ਵਿਚ ਆਰਥਿਕ ਹੁੰਦਾ ਹੈ ਨਾਂ ਕਿ ਗੈਰ-ਆਰਥਿਕ।

(2) ਕਿਰਤ ਦੀ ਵਸਤੂਗਤ ਸਥਿਤੀ .....ਅਤੇ ਕਿਰਤ ਦੀ ਵਿਸ਼ੇਗਤ ਸਥਿਤੀ......ਉਸ ਦਾ (ਕਿਰਤੀਆਂ ਦਾ) ਸਰਮਾਏ ਦੇ ਰੂਪ ਵਿਚ ਸਾਹਮਣਾ ਹੁੰਦਾ ਹੈ। ਜਿੰਨੀ ਵਧ ਕਿਰਤ ਇਹ ਹਾਲਤ ਨੂੰ ਉਸਦੇ ਪਰਾਈ ਜਾਇਦਾਦ ਦੇ ਰੂਪ ਵਿਚ ਲਾਮਬੰਦ ਕੀਤਾ ਜਾਵੇਗੇ, ਉਨੇ ਹੀ ਵਧ ਅਸਰਦਾਰ ਢਗ ਨਾਲ ਸਰਮਾਏ ਅਤੇ ਮਜ਼ਦੂਰ ਸਥਾਪਿਤ ਰਸਮੀ ਸੰਬੰਧ ਸਥਾਪਿਤ ਹੋਣਗੇ। ਅਰਥਾਤ ਜਿੰਨੀ ਵਧ ਅਸਰਦਾਰ ਢੰਗ ਨਾਲ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਜੁੜੇਗੀ।

ਉਪਰੋਕਤ ਚਰਚਾ ਵਿਚੋਂ ਕਿਹੜੀਆਂ ਗੱਲਾਂ ਦਾ ਪਤਾ ਚਲਦਾ ਹੈ? ਪਹਿਲੀ ਇਹ ਕਿ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਲਈ, ਰਸਮੀ ਸ਼ਮੂਲੀਅਤ ਜਾਂ ਸਰਮੀਏਦਾਰੀ ਉਤਪਾਦਨ ਦੇ ਹੇਠਲੇ ਰੂਪ ਜ਼ਰੂਰੀ ਹਨ ਕਿਉਂਕਿ ਇਹ ਪਹਿਲੇ ਲਈ ਆਧਾਰ ਪ੍ਰਦਾਨ ਕਰਦੇ ਹਨ। ਦੂਜਾ ਇਹ ਕਿ ਭਾਵੇਂ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਅਧੀਨ ਉਤਪਾਦਨ ਦੇ ਸਾਧਨਾਂ ਵਿਚ ਇਨਕਲਾਬ ਲਿਆ ਕੇ ਸਰਮਾਏ ਦੇ ਮੁੱਲ ਵਿਚ ਵਾਧਾ (valorisation) ਨਹੀਂ ਹੁੰਦਾ, ਪਰ ਇਹ ਸਰਮਾਏਦਾਰੀ ਉਤਪਾਦਰ ਦਾ ਇਕ ਰੂਪ ਹੈ ਜੋ ਆਰੰਭਕ ਜਮ੍ਹਾਂ (Primitve accumulation) ਦਾ ਮਹਤਵ ਪੂਰਨ ਕੰਮ ਕਰਦਾ ਹੈ। ਮਾਰਕਸ ਲਗਾਤਾਰ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਦੇ ਹੋਣ ਲਈ ਸਰਮਾਏ ਦੀ ਘੱਟ ਤੋਂ ਘੱਟ ਮਿਕਦਾਰ ਦੀ ਲੋੜ ਦੀ ਗਲ ਕਰਦਾ ਰਿਹਾ ਸੀ ਅਤੇ ਇਹ ਸਪੱਸ਼ਟ ਹੈ ਕਿ ਸਰਮਾਏ ਨੂੰ ਜੋੜਨਾ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਅਧੀਨ ਉੱਕੀ ਪੁੱਕੀ ਵਾਧੂ-ਕਦਰ ਦੀ ਲੁੱਟ ਵਿਚੋਂ ਲੰਘਦਾ ਹੈ।

ਤੀਜਾ ਇਹ ਕਿ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਨਾਲ ਸਰਮਾਇਆ ਤਾਂ ਹੀ ਪ੍ਰਭਾਵਸ਼ਾਲੀ ਸ਼ਕਤੀ ਬਣ ਚੁਕਾ ਹੁੰਦਾ ਹੈ, ਭਾਵੇਂ ਇਹ ਹਾਲੀ ਚੰਗੀ

ਜਾਂ ਸਾਕਾਰ ਨਹੀਂ ਹੋਇਆ ਹੁੰਦਾ। ਸੁਤੰਤਰ ਨਿਕੇ ਮੋਟੇ ਉਤਪਾਦਨ ਵਾਲੇ ਮੁੱਢਲੇ ਉਤਪਾਦਨ ਦੇ ਢੰਗਾਂ ਅਤੇ ਵਾਧੂ ਲੁੱਟ ਲਈ ਵਾਧੂ ਆਰਥਿਕ ਦਮਨ ਦੀ ਵਰਤੋਂ ਉਤੇ ਪਹਿਲਾਂ ਦੀ ਕਬਜ਼ਾ ਪਾ ਲਿਆ ਗਿਆ ਹੈ। ਇੰਜ ਬੁਨਿਆਦੀ ਰੂਪਾਂਤਰਣ, ਅਰਥਾਤ ਪੂਰੇ ਆਰਥਿਕ ਦਮਨ ਦੁਆਰਾ ਵਾਧੂ ਲੂਟ, ਪਹਿਲਾਂ ਹੀ ਇਕ ਜਮਾਤ ਵਲੋਂ ਉਤਪਾਦਨ ਦੇ ਸਾਧਨਾਂ ਦੀ ਇਜਾਰੇਦਾਰੀ ਨਾਲ ਸਥਾਪਿਤ ਹੋ ਚੁਕੀ ਹੈ। ਪਹਿਲੇ ਯੁਗ ਨਾਲੋਂ ਮੂਲ ਵਖਰੇਵਾਂ ਹੋ ਚੁਕਾ ਹੋਇਆ ਹੈ। ਹੁਣ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਲਈ, ਜਾਗੀਰਦਾਰੀ ਸੰਸਥਾਵਾਂ ਹੁਣ ਰੁਕਾਵਟ ਨਹੀਂ ਰਹੀਆਂ।

ਮਾਰਕਸ ਨੇ ਕਿਤੇ ਵੀ ਨਹੀਂ ਕਿਹਾ ਕਿ ਸਰਮਾਏ ਹੇਠ ਕਿਰਤ ਦੀ ਅਮਲੀ ਸ਼ਮੂਲੀਅਤ ਦੀ ਸਥਾਪਤੀ ਲਈ ਮੇਲ-ਜੋੜਨ ਦੀ ਪੱਧਰ ਦੀ ਹੋਣੀ ਚਾਹੀਦੀ ਹੈ? ਇਹ ਸੰਭਵ ਵੀ ਨਹੀਂ ਸੀ। ਪਰ ਇਥੇ ਵਧੇਰੇ ਮਹਤਵ ਪੂਰਨ ਗਲ ਇਹ ਹੈ ਕਿ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਫੌਰਨ ਹੀ ਨਹੀਂ ਹੁੰਦੀ। ਇਹ ਸਰਮਾਏ ਹੇਠ ਕਿਰਤ ਦੀ ਰਸਮੀ ਸਮੂਲੀਅਤ ਤੋਂ ਬਾਅਦ ਆਉਂਦੀ ਹੈ। ਅਤੇ ਸਰਮਾਏਦਾਰੀ ਉਤਪਾਦਨ ਦੇ ਇਸੇ ਹੀ ਨੀਵੇਂ ਪੱਧਰ ਨਾਲ ਹੀ ਸਰਮਾਏਦਾਰੀ ਤਰੱਕੀ ਲਈ ਸਮਾਜਿਕ ਰੁਕਾਵਟਾਂ ਨੂੰ ਪਾਸੇ ਕੀਤਾ ਜਾਂਦਾ ਹੈ ਅਤੇ ਸਮਾਜ ਦੀ ਤਰੱਕੀ ਦੇ ਨਿਯਮਾਂ ਦਾ ਪ੍ਰਬੰਧ ਸਰਮਾਏ ਨਾਲ ਮੁਸਤੈਦੀ ਨਾਲ ਹੁੰਦਾ ਹੈ। ਸੋ ਜਗੀਰਦਾਰੀ ਸੰਸਥਾਵਾਂ ਦੇ ਖਾਤਮੇ ਲਈ ਸਰਮਾਏਦਾਰੀ ਉਤਪਾਦਨ ਦੇ ਹੇਠਲੇ ਰੂਪ ਕਾਫ਼ੀ ਹੁੰਦੇ ਹਨ। ਇਹ ਸਾਡੀ ਉਸ ਨਜ਼ਰੀਏ ਨੂੰ ਗਲਤ ਕਰਾਰ ਦੇਣ ਲਈ ਮਦਦ ਕਰਦਾ ਹੈ ਕਿ ਜਿੰਨਾ ਚਿਰ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਨਹੀਂ ਹੁੰਦੀ, ਆਰਥਿਕਤਾ ਮੂਲ ਰੂਪ ਵਿਚ ਜਾਗੀਰੂ ਸਮਝੀ ਜਾ ਸਕਦੀ ਹੈ ਅਤੇ ਇਸ ਵਿਚ ਜਾਗੀਰਦਾਰੀ ਸੰਸਥਾਵਾਂ ਸਰਮਾਏਦਾਰੀ ਉਤਪਾਦਨ ਦੇ ਇਕ ਉੱਚੇਰੇ ਰੂਪ ਦੀ ਤਰੱਕੀ 'ਚ ਰੁਕਾਵਟ ਪਾਉਂਦੀਆਂ ਹਨ।

## (2)

## ਕੀ ਅਰਧ-ਜਾਗੀਰਦਾਰੀ ਇਕ ਆਤਮ-ਨਿਰਭਰ ਮਾਰਕਸਵਾਦੀ ਮਦ ਹੈ?

ਅੱਜ ਤੋਂ ਕੁਝ ਸਮਾਂ ਪਹਿਲਾਂ ਕਈ ਭਾਰਤੀ ਅਰਥ ਸ਼ਾਸਤਰੀਆਂ ਨੇ ਖਾਸ ਤੌਰ ਉੱਤੇ ਭਾਰਤ ਦੀ ਪੇਂਡੂ ਆਰਥਿਕਤਾ ਬਾਰੇ ਅਜੇਹੇ ਵਿਚਾਰ ਪ੍ਰਗਟਾਏ ਸਨ। ਇਹਨਾ ਅਨੁਸਾਰ ਭਾਰਤੀ ਆਰਥਿਕਤਾ ਨੂੰ 'ਅਰਧ-ਜਾਗੀਰਦਾਰੀ' ਸ਼ਬਦ ਨਾਲ ਬੇਹਤਰ ਢੰਗ ਨਾਲ ਪ੍ਰਗਟਾਇਆ ਜਾ ਸਕਦਾ ਹੈ ਕਿਉਂਕਿ ਭਾਰਤੀ ਜ਼ਰਾਇਤ ਬਹੁਤ ਹੱਦ ਤੀਕ ਸਰਮਾਏਦਾਰੀ ਦੀ ਥਾਂ ਜਾਗੀਰਦਾਰੀ ਨਾਲ ਸਾਂਝ ਰੱਖਦੀ ਹੈ! ਆਪਣੇ ਵਿਚਾਰ ਦੀ ਪ੍ਰੋੜ੍ਹਤਾ ਲਈ ਉਹ ਉਤਪਾਦਨ ਦੀ ਤਕਨਾਲੋਜੀ ਵਿਚ ਪੂਰੀ ਤਰ੍ਹਾਂ ਸਰਮਾਏਦਾਰੀ ਇਨਕਲਾਬ ਦੀ ਅਣਹੋਂਦ ਦਖਾਉਂਦੇ ਅਤੇ ਭਾਰਤੀ ਜ਼ਰਾਇਤ ਵਿਚ ਬੰਟਾਈ ਦੀ ਮਿਸਾਲ ਦੇਂਦੇ ਹਨ।

ਇਸ ਨਾਲ ਸਾਡੀ ਪਹਿਲੀ ਸਮੱਸਿਆ ਇਹ ਹੈ ਕਿ 'ਅਰਧ-ਜਗੀਰਦਾਰੀ' ਦੇ ਸਿਧਾਂਤ ਨੂੰ ਪੇਸ਼ ਕਰਨ ਵਾਲੇ ਭਾਰਤ ਦੀ ਪੇਂਡੂ ਆਰਥਿਕਤਾ ਨੂੰ ਸਮਝਣ ਲਈ ਕੀਤੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਮਾਰਕਸਵਾਦ ਨਾਲ ਪ੍ਰੇਰਿਤ ਹਨ ਪਰ ਜਿਸ ਢੰਗ ਨਾਲ ਇਸ ਨੂੰ ਪੇਸ਼ ਕੀਤਾ ਗਿਆ ਹੈ, ਉਸ ਨਾਲ ਬੁਨਿਆਦੀ ਰੂਪ ਵਿਚ ਮਾਰਕਸ-ਦੇ 'ਧੁਰੇ' ਦਾ ਖੰਡਨ ਹੁੰਦਾ ਹੈ।

ਦੂਜੇ ਪਾਸੇ, ਇਸ ਦੇ ਪੇਸ਼ਕਾਰਾਂ ਦੇ ਕਿਰਤ ਦੀ ਰਸਮੀ ਤੇ ਅਸਲੀ ਸ਼ਮੂਲੀਅਤ ਬਾਰੇ ਮਾਰਕਸ ਦੇ ਅਧਿਅਨ ਦੇ ਸਾਰੇ ਗੂੜ੍ਹੇ-ਅਰਥਾਂ ਨੂੰ ਠੀਕ ਤਰ੍ਹਾਂ ਧਿਆਨ 'ਚ ਨਹੀਂ ਰੱਖਿਆ, ਜਿਹਨਾਂ ਦੀ ਅਸੀਂ ਉਪਰ ਚਰਚਾ ਕੀਤੀ ਹੈ। ਜੇ ਇੰਝ ਕੀਤਾ ਹੁੰਦਾ ਤਾਂ ਸ਼ਾਇਦ ਉਹ ਆਪਣੇ ਵਿਚਾਰ 'ਤੇ ਜ਼ੋਰ ਨਾਲ ਅੜੇ ਨਾ ਰਹਿੰਦੇ ਕਿ ਬਟਾਈ ਦੀ ਸੰਸਥਾ ਬਹੁਤੀ ਜਗੀਰੂ ਹੈ, ਸਮਾਏਦਾਰੀ ਨਹੀਂ। ਨਾ ਹੀ ਇਹ ਕਿ ਸਰਮਾਇਆ ਉਤਪਾਦਨ ਦੀ ਤਕਨੀਕ 'ਚ ਇਨਕਲਾਬ ਨਹੀਂ ਲਿਆਉਂਦਾ ਤੇ ਨਾ ਹੀ ਸਰਮਾਏ 'ਚ ਵਾਧਾ ਹੋ ਰਿਹਾ ਹੈ। ਕੀ ਉਹ ਆਪਣੇ ਆਪ 'ਚ ਇਹ ਸਮਝਦੇ ਹਨ ਕਿ ਸਰਮਾਇਆ ਪ੍ਰਭਾਵਸ਼ਾਲੀ ਸ਼ਕਤੀ ਨਹੀਂ ਹੈ, ਜਿਵੇਂ ਕਿ ਅਸੀਂ ਉਪਰ ਦਰਸਾਇਆ ਹੈ?

ਅਗਾਂਹ ਜਿਹੜੀ ਚਰਚਾ ਹੈ ਉਸ ਲਈ ਬਹੁਤ ਹੱਦ ਤਕ ਅਸੀਂ ਲੈਨਿਨ ਦੀਆਂ ਲਿਖਤਾਂ ਦੇ ਆਧਾਰ ਤੇ ਆਪਣੇ ਦਲੀਲ ਨੂੰ ਵਿਕਸਿਤ ਕੀਤਾ ਹੈ, ਕਿਉਂਕਿ ਮਾਰਕਸ ਨੇ ਪਛੜੇ ਹੋਏ ਦੇਸ਼ਾਂ ਦੀ ਜ਼ਰਾਇਤ ਸਥਿਤੀ ਬਾਰੇ ਚਰਚਾ ਨਹੀਂ ਕੀਤੀ। ਭਾਵੇਂ ਲੈਨਿਨ ਤੇ ਮਾਰਕਸ ਨੇ ਵਿਸਤਾਰ ਨਾਲ ਬਟਾਈ ਬਾਰੇ ਚਰਚਾ ਨਹੀਂ ਕੀਤੀ, ਪਰ ਸਾਡਾ ਵਿਸ਼ਵਾਸ ਹੈ ਕਿ ਲੈਨਿਨ ਨੇ ਕੁਝ ਹੱਦ ਤਕ ਉਹਨਾਂ ਲੱਛਣਾਂ ਬਾਰੇ ਵਿਚਾਰ ਪ੍ਰਗਟਾਏ ਹਨ ਜਿਹੜੇ ਬਟਾਈ 'ਚ ਵੀ ਮਿਲਦੇ ਹਨ। ਇਸ ਦੇ ਨਾਲ ਹੀ ਪਛੜੀ ਸਰਮਾਏਦਾਰੀ ਅਧੀਨ ਆਮ ਜ਼ਰਾਇਤੀ ਆਰਥਿਕਤਾ ਬਾਰੇ ਵੀ ਉਹਨਾਂ ਦੇ ਵਿਚਾਰ ਮਿਲਦੇ ਹਨ। ਇਸ ਤਰ੍ਹਾਂ ਉਹਨਾਂ ਦੀ ਸਾਡੇ ਅਧਿਅਨ ਨਾਲ ਸਾਰਥਕਤਾ ਹੈ।

## (3)

## ਬਟਾਈ ਕਾਸ਼ਤਕਾਰੀ : ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ

ਭਾਰਤੀ ਜ਼ਰਾਇਤ ਵਿਚ ਪ੍ਰਮੁਖ ਝੁਕਾਅ ਸਰਮਾਏਦਾਰੀ

ਹੈ, ਪਰ ਇਸ ਵਿਚ ਬਟਾਈ ਦੀ ਹੋਂਦ ਮੁਖ ਭਲੇਖਾ ਪਾਊ ਹੈ ਕਿਉਂਕਿ ਬਟਾਈ ਨੂੰ ਪੂਰਬ-ਸਰਮਾਏਦਾਰੀ ਜਾਂ ਜਾਗੀਰੂ ਆਦਿ ਨਾਂ ਦਿਤਾ ਗਿਆ ਹੈ। ਇਸ ਇਸ ਗੱਲ ਨੂੰ ਸਪਸ਼ਟ ਨਹੀਂ ਕੀਤਾ ਗਿਆ ਕਿ ਬਟਾਈ ਆਪਣੇ ਆਪ ਵਿਚ ਪੂਰੀ ਤਰ੍ਹਾਂ ਜਾਗੀਰਦਾਰੀ ਲੱਛਣ (phenomenon) ਹੈ ਜਾਂ ਇਸ ਵਿਚ ਸਰਮਾਏਦਾਰੀ ਤੇ ਜਗੀਰਦਾਰੀ ਦੋਨਾਂ ਦੇ ਲੱਛਣ ਸ਼ਾਮਿਲ ਹਨ। ਪਰ ਬਟਾਈ ਨੂੰ ਗੈਰ-ਸਰਮਾਏਦਾਰੀ ਸਮਝਿਆ ਜਾਂਦਾ ਹੈ, ਇਸ ਤੱਥ ਤੋਂ ਕੋਈ ਵੀ ਅਨੁਮਾਨ ਲਾ ਸਕਦਾ ਹੈ ਕਿ ਕਿ ਇਹ ਜਾਗੀਰਦਾਰੀ ਦੇ ਰੂਪ 'ਚ ਲਿਆ ਜਾਂਦਾ ਹੈ।

ਭਾਵੇਂ ਬਟਾਈ ਦੇ ਕਈ ਲੱਛਣ ਸਰਮਾਏਦਾਰੀ ਨਾਲ ਮੇਲ ਨਹੀਂ ਖਾਂਦੇ ਪਰ ਤਾਂ ਵੀ ਅਸੀਂ ਇਸ ਨੂੰ ਇਕ ਜਾਗੀਰਦਾਰੀ ਸੰਸਥਾ ਮੰਨਣ ਲਈ ਤਿਆਰ ਨਹੀਂ ਹਾਂ ਜਿਵੇਂ ਕਿ ਕੁਝ ਵਿਦਵਾਨ ਏਦਾਂ ਕਰਦੇ ਹਨ। ਆਓ ਅਸੀਂ ਸੰਖੇਪ 'ਚ ਜਾਗੀਰਦਾਰੀ ਤੇ ਸਰਮਾਏਦਾਰੀ ਦੇ ਉਹਨਾਂ ਤੱਤਾਂ ਨੂੰ ਵੇਖੀਏ ਜਿਹੜੇ ਦੋਨਾਂ ਦਾ ਨਿਖੇੜਾ ਕਰਦੇ ਹਨ। ਸਭ ਤੋਂ ਪਹਿਲਾਂ ਇਸ ਤੱਥ 'ਤੇ ਮਤਭੇਦ ਨਹੀਂ ਹੋਣਾ ਚਾਹੀਦਾ ਕਿ ਜਾਗੀਰਦਾਰੀ ਵਿਚ ਅਧੀਨ ਜ਼ਰਾਇਤੀ ਜਮਾਤਾਂ ਉਤਪਾਦਨ ਦੇ ਵਸੀਲਿਆਂ ਤੋਂ ਅੱਡਰੀਆਂ ਨਹੀਂ ਹਨ। ਦੂਜੇ, ਸਰਮਾਏਦਾਰੀ ਦੇ ਅਧੀਨ ਲੋੜੀਂਦੀ ਕਿਰਤ ਅਤੇ ਵਾਧੂ ਕਿਰਤ ਦੋਵੇਂ ਸਥਾਨ ਤੇ ਆਰਜ਼ੀ ਰੂਪ ਵਿਚ ਵਖਰੇ ਕੀਤੇ ਜਾਂਦੇ ਹਨ। ਗੁਲਾਮ (serf) ਪਹਿਲਾਂ ਆਪਣੇ ਨਿਰਵਾਹ ਲਈ ਕਿਰਤ ਕਰਦਾ ਹੈ ਅਤੇ ਫੇਰ ਆਪਣੇ ਜਗੀਰਦਾਰ ਮਾਲਕ ਦੇ ਖੇਤਾਂ ਵਿਚ। ਇਸ ਤਰ੍ਹਾਂ ਉਹ ਵਾਧੂ ਕਿਰਤ ਦੇਂਦਾ ਹੈ। ਕਈ ਢੰਗਾਂ ਨਾਲ ਗੁਲਾਮ ਆਪਣੇ ਖੇਤ ਵਿਚ ਕੰਮ ਕਰ ਕੇ ਆਪਣੇ ਮਾਲਕ ਨੂੰ ਭੇਟਾ ਦੇ ਸਕਦਾ ਹੈ। ਇਸ ਦੂਸਰੀ ਹਾਲਤ ਵਿਚ ਲੋੜੀਂਦੀ ਕਿਰਤ ਤੇ ਵਾਧੂ ਕਿਰਤ 'ਚ ਸਪਸ਼ਟ ਅੰਤਰ ਨਹੀਂ ਜਾਪਦਾ।

ਪਰ ਇਹਨਾਂ ਦੋਨਾਂ ਹਾਲਤਾਂ ਵਿਚ ਸਮਾਨਤਾ ਇਹ ਹੈ ਕਿ ਜਾਗੀਰਦਾਰ ਦਾ ਗੁਲਾਮ ਦਾ ਗੁਜ਼ਾਰਾ ਮਾਲਕ ਵਲੋਂ ਦਿਤੀ ਗਏ ਜ਼ਮੀਨ ਦੇ ਟੋਟੇ ਤੇ ਨਿਰਭਰ ਨਹੀਂ। ਪਰ ਬਟਾਈ 'ਚ ਸਿਧੀ ਤੇ ਸਪਸ਼ਟ ਗੱਲ ਇਹ ਹੈ ਕਿ ਬਟਾਈਦਾਰ ਆਪਣੇ ਗੁਜ਼ਾਰੇ ਲਈ ਜ਼ਮੀਨ ਦੇ ਮਾਲਕ ਵਲੋਂ ਦਿਤੇ ਗਏ ਜ਼ਮੀਨ ਦੇ ਟੋਟੇ 'ਤੇ ਨਿਰਭਰ ਕਰਦਾ ਹੈ। ਸਾਡਾ ਵਿਚਾਰ ਹੈ ਕਿ ਇਹੀ ਮਹੱਤਵ-ਪੂਰਨ ਗੱਲ ਹੈ ਜਿਹੜੀ ਬਟਾਈ ਨੂੰ ਗੈਰ-ਜਾਗੀਰਦਾਰੀ ਦੀ ਪਰਿਭਾਸ਼ਾ ਦੇਂਦੀ ਹੈ। ਦੂਜੇ ਸ਼ਬਦਾਂ ਵਿਚ ਬਟਾਈ ਵਿਚ ਸਿੱਧਾ ਉਤਪਾਦਕ ਨੂੰ ਉਤਪਾਦਨ ਦੇ ਵਸੀਲਿਆਂ ਤੋਂ ਅੱਡ ਕਰ ਦਿਤਾ ਜਾਂਦਾ ਹੈ।

ਲੈਨਿਨ ਅਨੁਸਾਰ : "ਆਪਣੀ ਪੁਸਤਕ ਦੇ ਪੰਜਵੇਂ ਅਧਿਆਏ ਵਿਚ ਕਉਤਸਕੀ ਹੋਰ ਚੀਜ਼ਾਂ ਵਿਚੋਂ ਇ[illegible] ਗੱਲ ਤੇ ਜ਼ੋਰ ਦੇ ਕੇ ਕਹਿੰਦੇ ਹਨ ਕਿ ਮੁਜ਼ਾਰਾ-ਕਾਸ਼ਤਕਾਰ ਪ੍ਰਬੰਧ, ਜਿਹੜਾ ਇੰਗਲੈਂਡ ਵਿਚ ਪੂਰੀ ਤਰ੍ਹਾਂ ਵਿਕਸਿਤ ਹੋਇਆ ਅਤੇ ਰਹਿਨ ਪ੍ਰਬੰਧ, ਜਿਹੜਾ ਯੂਰ[illegible] ਵਿਚ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ, ਮੂਲ ਰੂ[illegible] ਵਿਚ, ਇਕੋ ਹੀ ਪ੍ਰਕਿਆ ਨੂੰ ਪ੍ਰਗਟਾਉਂਦੇ ਹਨ ਅਰਥਾ[illegible] ਕਾਸ਼ਤਕਾਰ ਤੋਂ ਜ਼ਮੀਨ ਵਖ ਕਰ ਦੇਣੀ (ਲੈਨਿ[illegible] ਸੰਕਲਿਤ, ਸੈਂਚੀ 4, ਸਫ਼ਾ 116)।

ਲੈਨਿਨ ਅਤੇ ਕਾਉਤਸਕੀ ਦੋਵੇਂ ਇਸ ਗੱਲ ਤੇ ਜ਼ੋਰ ਦੇਂਦੇ ਹਨ "ਕਿਸਾਨ ਤੋਂ ਜ਼ਮੀਨ ਨੂੰ ਵੱਖ ਕਰਨ[illegible] ਜ਼ਰਾਇਤ ਦੇ ਸਮਾਜੀਕਰਣ ਦੀ ਇਕ ਸ਼ਰਤ ਹੈ।" ਅਗੇ ਭਾਵੇਂ ਲੈਨਿਨ ਨੇ ਨੋਟ ਕੀਤਾ ਕਿ ਕਿਰਤ ਦੀ ਵਸਤ ਵਿੱਚ ਅਦਾਇਗੀ ਕਿਰਸਾਣੀ ਵਿਚ ਅੰਤ[illegible] ਕਰਨ 'ਚ ਰਕ ਪਾਉਂਦੀ ਹੈ ਅਤੇ ਬੇਗਾਰ ਆਰਥਿਕ[illegible] ਦੀ ਰਹਿੰਦ-ਖੂੰਦ ਹੈ, ਪਰ ਉਹ ਇਹ ਦਸਣ ਲ[illegible] ਕਾਹਲੇ ਸਨ ਕਿ 'ਬੇਗਾਰ' ਸ਼ਬਦ ਦੀ ਥਾਵੇਂ 'ਕਿਰਤ[illegible] ਸੇਵਾ' ਸ਼ਬਦ ਕਰ ਦੇਣਾ ਚਾਹੀਦਾ ਹੈ ਕਿਉਂਕਿ "ਦੂ[illegible] ਸ਼ਬਦ ਬਹੁਤ ਹੱਦ ਤਕ ਰੀਫਾਰਮਜ਼ ਦੇ ਬਦਲੇ ਰਿਸ਼ਤਿ[illegible] ਨਾਲ ਮੇਲ ਖਾਂਦਾ ਹੈ।"

ਸਭ ਤੋਂ ਪਹਿਲਾਂ ਸਾਨੂੰ ਇਹ ਦਸਣਾ ਚਾਹੀਦ[illegible] ਹੈ ਕਿ ਕਿਰਤ-ਸੇਵਾ ਤੋਂ ਲੈਨਿਨ ਦਾ ਭਾਵ ਵਸਤ ਦੇ ਰੂਪ 'ਚ ਅਦਾਇਗੀ, ਬਟਾਈ ਆਦਿ ਵੀ ਸੀ। ਸ[illegible] ਮਾਰਕਸ ਦੇ ਕਹੇ ਕਿਰਤ ਕਿਰਾਏ ਨਾਲ ਟੱਪਲਾ ਨਹ[illegible] ਖਾਣਾ ਚਾਹੀਦਾ ਅਤੇ ਜੋ ਕਿ ਪੱਕੇ ਪੈਰੀ ਜਾਗੀ[illegible] ਆਰਥਿਕਤਾ ਉਤੇ ਢੁੱਕਦੀ ਹੈ, ਜਿਥੇ ਕਿਸਾਨ ਆਪ[illegible] ਗੁਜ਼ਾਰੇ ਲਈ ਜ਼ਮੀਨ ਰਖਦਾ ਹੈ।

ਦੂਜਾ, ਸਾਨੂੰ ਇਹ ਵੀ ਨੋਟ ਕਰਨਾਂ ਚਾਹੀਦਾ ਕਿ ਭਾਵੇਂ ਲੈਨਿਨ ਵਿਸ਼ਵਾਸ ਕਰਦਾ ਸੀ ਕਿ ਸਿ[illegible] ਉਤਪਾਦਕ ਤੋਂ ਉਤਪਾਦਨ ਦੇ ਵਸੀਲਿਆਂ ਨੂੰ ਅੱ[illegible] ਕਰਨਾ ਸਰਮਾਏਦਾਰੀ ਦੇ ਵਿਕਾਸ ਦੀ ਮੁੱਢਲੀ ਸ਼[illegible] ਹੈ, ਪਰ ਉਸ ਨੇ ਕਈ ਥਾਵਾਂ ਉਤੇ ਲਗਾਤਾਰ ਇ[illegible] ਤਥ ਦਾ ਉਲੇਖ ਕੀਤਾ ਕਿ ਬਟਾਈ ਤੇ ਕਿਰਤ-ਸੇ[illegible] ਦਰਅਸਲ "ਅਰਧ ਸੁਤੰਤਰ ਕਿਰਤ ਸੀ........ ਆਰਥਿਕ ਦਬਾਅ ਦੀ ਥਾਵੇਂ ਹੋਰਨਾਂ ਦੀ ਵਧ[illegible] ਘਟ ਰੁਕਾਵਟ ਨੂੰ ਪਹਿਲਾਂ ਹੀ ਫਰਜ਼ ਕਰ ਲੈਂਦਾ ਹੈ।

ਹੁਣ ਇਸ ਨੂੰ ਦੋ ਤਰੀਕਿਆਂ ਨਾਲ ਸਮਝਿ[illegible] ਜਾ ਸਕਦਾ ਹੈ। ਇਕ ਇਹ ਹੋਵੇਗਾ ਕਿ ਅਸੀਂ [illegible] ਲਈਏ ਕਿ ਲੈਨਿਨ ਲਈ ਬਟਾਈ ਦੀ ਹੋਂਦ [illegible] ਮਤਲਬ ਇਸ ਸੰਸਥਾ ਦੀ ਹੋਂਦ ਤੋਂ ਸੀ ਜੋ ਮੁੱਢਲੇ [illegible] ਵਿਚ ਜਾਗੀਰੂ ਸੀ। ਇਸ ਤਰ੍ਹਾਂ ਸਮਝਿਆਂ, ਸਮਝ ਨ[illegible] ਆਉਂਦੀ ਕਿ ਲੈਨਿਨ ਨੇ ਬੇਗਾਰ ਨੂੰ ਕਿਰਤ-ਸੇਵਾ ਸ਼[illegible]

(ਦੇਖੋ ਸਫ਼ਾ 47 ਤੇ)

ਹਿੰਦੀ ਕਹਾਣੀ–

# ਪਰਾਈ ਪਿਆਸ ਦਾ ਸਫ਼ਰ

ਆਲਮਸ਼ਾਹ ਖਾਨ

ਛੋਕਰੇ, ਪਾਣੀ !

– ਲੜਕੇ, ਦੋ ਚਾਹ ! ਫੁਰਤੀ ਨਾਲ !

– ਏ, ਸੁਣ, ਆਲੂਵੜਾ ਚਟਨੀ ਪਾਕੇ, ਫਟਾਫਟ !

– ਏ, ਨਮਕੀਨ ਇਕ ਪਲੇਟ, ਝੱਟ ਨਾਲ !

– ਛੋਰੇ, ਕਚੋਰੀ ਏਧਰ ।

ਐਨੇ ਸਾਰੇ 'ਹੁਕਮ–ਆਡਰ' ਲੱਦੀ ਉਹ ਪਿਦੀ ਛੋਕਰਾ ਚੱਕਰੀ ਵਾਂਗ ਘੁੰਮ ਰਿਹਾ ਸੀ । ਪਲ ਏਧਰ, ਪਲ ਓਧਰ, ਉਸ ਦੇ ਘੱਟ ਉਮਰ ਪੈਰਾਂ ਵਿਚ ਇਕ ਪਹੀਆ ਸੀ ਕਿ ਜੋ ਘੁੰਮਦਾ ਹੀ ਰਹਿੰਦਾ ਸੀ । ਉਸ ਦੇ ਰਟੇ–ਰਟਾਏ ਬੋਲ ਸਨ–ਲਿਆਇਆ ... ... ਆਇਆ ... ... ਠੀਕ .. ... ਅੱਛਾ ... ... ਹਾਜ਼ਰ ... ... ਲਓ ਸਾਹਬ... .. ਹੋਰ ਕੁਝ ?

– ਹਾਂ, ਦੋ ਸਿਗਰੇਟ ਕੈਂਚੀ !

– ਪੈਸੇ ?

– ਓਏ ਭੂਤਨੀ ਦਿਆ, ਪਵੇਗਾ ਇਕ ਥੱਪੜ ? ਖਾਧਾ–ਪੀਤਾ ਨਹੀਂ ਤੇ ਪਹਿਲਾਂ ਪੈਸੇ ?

– ਨਹੀਂ, ਸਿਗਰੇਟ ਦੇ ।

– ਜਾਹ, ਪਿਛੋ ਸਭ ਇੱਕਠੇ ਦੇਵਾਂਗੇ ।

– ਨਾ ਸਾਹਿਬ, ਉਹ ਪਾਨਵਾਲਾ ਸਿਗਰੇਟ ਦੇ ਪੈਸੇ ਪਹਿਲਾ ਲੈਂਦਾ ਹੈ ।

– ਲੈ, ਮਰ ! ਤਿਰਛੀ ਨਜ਼ਰ ਨਾਲ ਘੂਰਦੇ ਹੋਏ ਉਸ ਦੀ ਮੈਲੀ ਹਥੇਲੀ ਤੇ ਪੈਸੇ ਟਿਕਾ ਦਿੱਤੇ । ਉਹ ਘੁੰਮ ਗਿਆ । ਠਕ ਠਕ ਕਰਦਾ ਲਕੜ ਦੀਆਂ ਪੌੜੀਆਂ ਉਤਰ ਗਿਆ ।

ਆਸੇ–ਪਾਸੇ ਖਿਲਰ ਰਹੇ ਕਸਬੇਨੁਮਾ ਸ਼ਹਿਰ ਵਿਚ ਮਕਾਨ ਦੁਕਾਨਾਂ ਵਿਚ ਬਦਲ ਰਹੇ ਸਨ ਤੇ ਦੁਕਾਨਾਂ ਢਾਬਿਆਂ–ਹੋਟਲਾਂ ਵਿਚ ਅਤੇ ਮੁੰਡੇ 'ਛੋਕਰਿਆਂ' ਵਿਚ । ਅਠਾਰਾਂ–ਵੀਹ ਕਦਮ ਲੰਮੇ ਤੇ ਬਾਰਾਂ–ਪੰਦਰਾਂ ਪੈਰ ਚੌੜੇ 'ਸ਼ਿਵ ਵਿਸ਼ਾਲ ਰੈਮਟੋਰੈਂਟ' ਵਿਚ ਸਵੇਰ ਤੋਂ ਸ਼ਾਮ ਤਕ ਭੀੜ ਲਗੀ ਰਹਿੰਦੀ । ਧੰਦਾ ਹੋਰ ਵੀ ਵਧ ਗਿਆ ਤਾਂ ਉਪਰ ਲਕੜੀ ਦਾ ਕੈਬਨ ਬਣਾ ਦਿੱਤਾ । ਲਖਨਾ ਦੀ 'ਡਿਊਟੀ' ਇਸੇ ਉਪਰਲੇ ਕੈਬਨ ਵਿਚ ਸੀ । ਉਪਰੋਂ ਆਰਡਰ ਲੈ ਕੇ ਉਹ ਹੇਠਾਂ ਉਤਰਦਾ ਤੇ ਸਮਾਨ ਲੈ ਕੇ ਉਪਰ ਮੇਜ਼ਾਂ ਤੇ ਰਖਦਾ । ਕੰਮ ਤਾਂ ਐਨਾ ਹੀ ਸੀ ਪਰ ਉਸ ਨੂੰ ਸਵੇਰ ਤੋਂ ਸ਼ਾਮ ਤਕ ਤੇ ਸ਼ਾਮ ਤੋਂ ਡੂੰਘੀ ਰਾਤ ਤਕ ਉਤਰ–ਚੜ੍ਹ ਲਗੀ ਰਹਿੰਦੀ । ਦੁਪਹਿਰੇ ਖਾਣੇ ਦੀ ਪੰਦਰਾਂ–ਵੀਹ ਮਿੰਟ ਦੀ ਵਿਹਲ ਮਿਲਦੀ, ਉਸ ਦੇ ਬਾਦ ਫਿਰ ਉਹੀ ਉਤਰ-ਚੜ੍ਹ ।

0 0

ਗਾਹਕਾਂ ਦਾ ਰਸ਼ ਘਟਿਆ ਤੇ ਕੋਨੇ ਵਿਚ ਜਾ ਕੇ ਉਸ ਨੇ ਬੀੜੀ ਲਾ ਲਈ, ਦੋ–ਤਿੰਨ ਸੂਟੇ ਮਾਰ ਸਨ ਕਿ ਧੜ–ਧੜ ਕਰਕੇ ਸਾਰਾ ਕੈਬਨ ਹਿਲ ਗਿਆ ਤੇ ਚਾਰ ਮਜ਼ਦੂਰ ਨੁਮਾ ਲੋਕ ਆਣ ਜੰਮੇ ।

– ਬੀੜੀ ਪੀਂਦਾ ਏ ਲੌਂਡੇ ਹੁਣ ਤੋਂ ਹੀ ! ਕਿਨੇ ਸਾਲਾਂ ਦਾ ਏ ?

–ਬਾਰਾਂ ਦਾ......! ਉਸ ਨੇ ਬੀੜੀ ਦੇ ਸਿਰੇ ਨੂੰ ਕੰਧ ਨਾਲ ਰਗੜਕੇ ਕੰਨ ਵਿਚ ਅੜਾਉਂਦੇ ਹੋਏ ਕਿਹਾ ।

– ਕੀ ਲਿਆਂਵਾ ਸਾਹਬ ?

— ਕਦੋਂ ਦਾ ਪੀਂਦਾ ਏ ਬੀੜੀ ?

— ਚਾਹ...... ਸਾਬ ?

— ਪਹਿਲਾ ਦਸ, ਕਦੋਂ ਸਿਖਿਆ ?

– ਬਹੁਤ ਪਹਿਲਾਂ ਤੋਂ...... ਚਾਹ, ਹੋਰ ਕੁਝ ?

– ਬਹੁਤ ਪਹਿਲਾਂ ਤੋਂ...... ਮਾਂ ਦੇ ਢਿਡ ਵਿਚ ਬੀੜੀ ਫੂਕਦਾ ਸੀ । ਮੇਰੇ ਵਾਂਗ ਬਾਇਲਰ ਗਰਮ ਕਰਦਾ ਸੀ ਅੰਦਰ ? ਸਭ ਠਹਾਕਾ ਮਾਰ ਕੇ ਹੱਸ ਪਏ ।

– ਕੀ ਲਿਆਵਾਂ ਸਾਬ ?

— ਚੁਪ ਕਰ ! ਸਿਰ ਨਾ ਖਾਹ...... ਰੁਕ ! ਉਹ ਪਰੇ ਦੂਸਰੇ ਗਾਹਕ ਭੁਗਤਾਣ ਲਗ ਪਿਆ ।

-- ਇਸ ਮੁਲਖ ਦਾ ਤੂੰ ਹੀ ਰਾਖਾ ਏ ਮੇਰੇ ਮਾਲਕ ! ਸਾਲੀ ਇਹ ਵੀ ਜ਼ਿੰਦਗਾਨੀ ਏ ! ਬਸ ਇਕ ਹੀ ਕੰਮ, ਸੀਲ ਪੈਕ ਦੁਧ ਦੇ ਡਬਿਆਂ ਦੇ ਢੱਕਣ ਲਾਉਂਦੇ ਰਹੋ । ਸਵੇਰ ਤੋਂ ਸ਼ਾਮ ਤਕ !

–ਏਥੇ ਕਿਹੜੇ ਮੋਤੀ ਪਰੋਦੇ ਹਾਂ ! ਸਵੇਰੇ ਪੰਜ ਵਜੇ ਉਠਕੇ ਗਾਵਾਂ–ਮਝਾਂ ਨੂੰ ਪੱਠਾ–ਦੱਥਾ ਕਰੀਦਾ, ਫਿਰ ਗੋਹਾ

ਕੂੜਾ ਕਰੋ ! ਅਜ ਵੀ, ਕਲ, ਵੀ......ਡੰਗਰ ਸਾਂਭਦੇ ਸਾਂਭਦੇ ਖੁਦ ਡੰਗਰ ਹੋ ਗਏ ।

—ਗਾਂ ਮਾਤਾ ਦੀ ਸੇਵਾ ਬਦਲੇ......ਸੁਰਗ ਮਿਲੇਗਾ ਸੁਰਗ ।

— ਗਾਂ ਜਾਵੇ ਕਸਾਈ ਦੇ ! ਮੂੰਹ ਵਿਚੋਂ ਸਾਰਾ ਦਿਨ ਗੋਹੇ ਦੀ ਬੋ ਹੀ ਆਉਂਦੀ ਹੈ ।

— ਤੁਸੀਂ ਪਰੇਸ਼ਾਨ ਹੋ ਬਸ । 'ਲਾਜੋ ਸ਼ਾਹਣੀ' ਦੀਆਂ ਜ਼ੁਲਫ਼ਾਂ ਤਾਂ ਅਸੀਂ ਸਵਾਰਦੇ ਹਾਂ । ਭੂਤ ਬਣ ਕੇ ਮਸ਼ੀਨ ਵਿਚ ਕੋਲਾ ਝੋਕਦੇ ਹਾਂ ਦਿਨ ਭਰ !

— ਨਹੀਂ ਪਈ, ਤੁਸੀਂ ਸਭ ਤਾਂ ਮਰ ਗਏ ਹੋ । ਸੁਖੀ ਤਾਂ ਮੈਂ ਪਿਆ ਹਾਂ । ਦਿਨ ਭਰ ਡੱਬੇ ਗਿਣਨੇ ਪੈਂਦੇ ਹਨ ! ਸਾਲੀ ਇਸ ਡੇਰੀ ਨੇ ਦੁਧ ਦਾ ਹੀ ਪਾਊਡਰ ਨਹੀਂ ਬਣਾਇਆ, ਸਾਨੂੰ ਵੀ ਪੀਹਕੇ ਬੰਦ ਕਰ ਦਿੱਤਾ ਇਕ ਕਾਰਖਾਨੇਨੁਮਾ ਡੱਬੇ ਵਿਚ ।

— ਸਾਲਾ ਇਕ ਹੀ ਕੰਮ ਰੋਜ਼-ਰੋਜ਼ ! ਆਦਮੀ ਕੀ, ਸ਼ੈਤਾਨ ਵੀ ਅਕ ਜਾਵੇ ! ਸੁਣਿਆਂ ਏ ਨਾਂ ਉਹ ਕਿੱਸਾ, ਬੋਤਲ ਬੰਦ ਜਿੰਨ ਦਾ, ਜੋ ਢੱਕਣ ਖੁਲ੍ਹਦਿਆਂ ਆਦਮੀ ਦੇ ਵਸ ਵਿਚ ਆ ਗਿਆ...... ਇਸ ਸ਼ਰਤ ਤੇ ਕਿ ਬਰਾਬਰ ਕੰਮ ਕਰਦਾ ਰਹੇ ਤਾਂ ਠੀਕ, ਨਹੀਂ ਤਾਂ ਉਸ ਨੂੰ ਖਾ ਜਾਵੇਗਾ । ਉਸ ਆਦਮੀ ਨੇ ਵੀ, ਮੇਰੇ ਯਾਰ ਨੇ, ਕੀ ਤਰਕੀਬ ਕਢੀ ਕਿ ਸਾਲੇ ਜਿੰਨ ਦੀ ਚੀਂ ਬੋਲ ਗਈ । ਆਦਮੀ ਨੇ ਉਸ ਨੂੰ ਕਿਹਾ—ਕੋਈ ਨਹੀਂ ਤਾਂ ਜਾਹ, ਘਰ ਦੀਆਂ ਪੌੜੀਆਂ ਉਤਰ ਚੜ੍ਹ ! ਬਸ, ਇਹੋ ਤੇਰਾ ਕੰਮ ਹੈ । ਦੋ ਦਿਨਾਂ ਵਿਚ ਡਰ ਦੇ ਮਾਰੇ ਭੱਜ ਗਿਆ ।

— ਮਾਰ ਵੀ ਗੋਲੀ......ਹੁਣ ਕੁਝ ਖਵਾਏਂਗਾ, ਜਾਂ ਬਸ ਗਲਾਂ ਤੇ ਗਲਾਂ !

— ਛੋਕਰੇ !

— ਆਇਆ ! ਉਹ ਕੱਪ ਤੇ ਕੱਪ ਰਖੀ ਪੌੜੀਆਂ ਚੜ੍ਹ ਰਿਹਾ ਸੀ, ਕੀ ਲਿਆਂਵਾ ਸਾਬ ?

— ਪਾਣੀ ।

— ਹੋਰ ਕੁਝ ?

— ਪਹਿਲਾ ਪਾਣੀ । ਉਹ ਮੁੜਿਆਂ ਤੇ ਪੌੜੀਆਂ ਉਤਰ ਗਿਆ । ਦੋ ਮਿਟ ਬਾਦ ਪਾਣੀ ਦੇ ਗਲਾਸਾਂ ਦਾ ਛਿੱਕਾ ਮੇਜ਼ ਤੇ ਰੱਖ ਕੇ ਬੋਲਿਆ—ਕੀ ਲਿਆਵਾਂ ?

— ਚਾਰ ਚਾਹ ।

— ਹੋਰ ਕੁਝ ?

— ਪਹਿਲਾ ਚਾਹ । ਉਹ ਫਿਰ ਹੇਠਾ ਉਤਰਿਆ ਥੋੜੀ ਦੇਰ ਵਿਚ ਚਾਹ ਦੇ ਕੱਪ ਰਖ ਦੂਸਰੇ ਮੇਜ ਕੋਲ ਚਲੇ ਗਿਆ ।

— ਸੁਕੀ ਚਾਹ ਨਾਲ ਟਰਕਾ ਦੇਵੇਂਗਾ ? ਮਹੀਨੇ ਬਾਦ ਚੋਇਆ ਹੈ, ਚੇਤੂ ! ਸਾਲੇ ।

— ਬੋਲ ਵੀ, ਕੀ ਲਵੇਂਗਾ ? ਝਕਣ ਦੀ ਕੋਈ ਲੋੜ ਨਹੀਂ ।

— ਮੰਗਵਾ ਕੁਝ ਮਿੱਠਾ-ਛਿੱਠਾ ।

— ਛੋਕਰੇ......ਓ ਛੋਹਰੇ !

— ਆਇਆ ! ਅਵਾਜ਼ ਦੇ ਨਾਲ ਉਹ ਪੌੜੀਆਂ ਚੜ੍ਹ ਆਇਆ ।

— 400 ਗ੍ਰਾਮ ਬਰਫੀ ।

— ਹੋਰ ?

— ਹੋਰ......ਤੇਰੀ ਜੰਮਣ ਵਾਲੀ ਦਾ ...! ਪੌੜੀਆਂ ਵਿਚ ਫਿਰ ਚੰਬਣੀ ਭਰ ਗਈ ।

— ਲਓ ਸਾਬ ਬਰਫੀ । ਉਸ ਨੇ ਗਲਾਸ ਚੁਕੇ ਤੇ ਮੁੜ ਗਿਆ ।

— ਮਿਠੇ ਦੇ ਬਾਦ ਨਮਕੀਨ ਨਹੀਂ ਹੋਵੇਗਾ ?

— ਲੜਕੇ !

'ਆਇਆ' ਦੇ ਨਾਲ ਪੌੜੀਆਂ ਚੜ੍ਹਦਾ ਉਹ ਸਾਹਮਣੇ ਆਣ ਖਲੋਤਾ !

— ਬੋਲੋ ਸਾਬ ?

— ਦੋ ਨਮਕੀਨ

— ਹੋਰ ?

— ਬਸ ਸਾਹਮਣੇ ਕੰਧ ਤੇ ਕੀੜੀ ਮਰੀ ਹੋਈ ਮਕੜੀ ਨੂੰ ਘਸੀਟਣ ਲਈ ਜੁਝ ਰਹੀ ਸੀ । ਉਸਨੇ ਨਮਕੀਨ ਮੇਜ ਤੇ ਰਖਿਆ । ਤਦ ਉਸਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਸਾਫ ਵੇਖੀਆਂ ਜਾ ਸਕਦੀਆਂ ਸਨ । ਬਾਂਹ ਉਪਰ ਚੁੱਕ ਕੇ ਉਸ ਮੱਥਾ ਰਗੜਿਆ ਤੇ ਕੋਨੇ ਵਿਚ ਜਾ ਟਿਕਿਆ । ਉਸ ਦਾ ਸੀਨਾ ਧੁਖ ਰਿਹਾ ਸੀ । ਲੱਤਾਂ ਕੰਬ ਰਹੀਆਂ ਸਨ । ਖਾ ਪੀਕੇ ਲੋਕ ਉਠੇ ਤਾਂ ਉਹ ਦਨ ਦਨਾਉਂਦਾ ਹੇਠਾਂ ਗਿਆ ਤੇ ਗਲ ਪਾੜ ਕੇ ਆਵਾਜ਼ ਦਿਤੀ— ਚਾਰ ਲੋਕ... ਤਿੰਨ ਅਸੀਂ... । ਉਸਦੀ ਅਵਾਜ਼ ਪਾਟ ਗਈ ।

— ਕਿਨੀ ਵਾਰ ਚੜ੍ਹਦਾ-ਉਤਰਦਾ ਏਂ ਇਹ ਪੌੜੀਆਂ ?

— ਕੋਈ ਗਿਣਤੀ ਹੈ ਬਾਬੂ ਸਾਬ !

— ਤਾਂ ?

— ਸਵੇਰ ਤੋਂ ਸ਼ਾਮ...ਰਾਤ ਤਕ ।

— ਥੱਕਦਾ ਨਹੀਂ ?

— ਥੱਕਣ ਨਾਲ ਕੰਮ ਕਿਵੇਂ ਚਲੇਗਾ ?

— ਤੂੰ ਕਿਹੜਾ ਕੰਮ ਚਲਾਉਣਾ ਏ ?

— ਪੇਟ ਪਾਲਣੇ ਹਨ ।

— ਤੇਰੇ ਬਾਲ ਬੱਚੇ ਹਨ ?

— ਮੇਰੇ ਨਹੀਂ, ਮੇਰੇ ਬਾਪ ਦੇ ਤਾਂ ਹਨ ।

— ਬਾਪ ਕਿਥੇ ਗਿਆ ?

— ਚੌਧਰੀ ਦੀ ਘਰਦੀ ਲੈਕੇ ਭਜ ਗਿਆ ।

— ਭਰਾ-ਭੈਣ ਤੇ ਮਾਂ ?

— ਹਨ... ਪਿੰਡ ਵਿਚ। ਦੂਜੇ ਆਦਮੀ ਦੇ ਘਰ। ਉਹ ਮੇਰਾ ਨਵਾਂ ਬਾਪ ਬੜਾ ਜ਼ੁਲਮੀ ਹੈ। ਮਾਂ ਨੂੰ ਘਰ ਆਉਣ ਤੋਂ ਪਹਿਲਾਂ ਤਾਂ ਸਭ ਮੰਨਦਾ ਸੀ, ਹੁਣ ਮੁਕਰ ਗਿਆਂ। ਬੋਲਦਾ ਹੈ, ਤੇਰੇ ਪਹਿਲੇ ਯਾਰ ਦਾ ਮੂਤ ਮੈਂ ਨਹੀਂ ਪਾਲਣ ਵਾਲਾ !

— ਫਿਰ ?

— ਨਵੇਂ ਬਾਪ ਨੇ ਮੈਨੂੰ ਇਥੇ ਰਖਵਾ ਦਿਤਾ। ਇਥੇ ਹੀ ਰਹਿੰਦਾ ਸੌਂਦਾ ਹਾਂ। ਤਨਖਾਹ ਨਵਾਂ ਬਾਪ ਲੈ ਜਾਂਦਾ ਹੈ ਹਰ ਮਹੀਨੇ।

— ਕਿਨੇ, ਮਿਲਦੇ ਹਨ ?

— ਪੰਦਰਾਂ ਰੁਪੈ ਮਹੀਨਾ, ਰੋਟੀ-ਕਪੜਾ ਤੇ ਚਾਹ ਬੀੜੀ।

— ਖੁਸ਼ ਏ ?

— ਆਪਣੀ ਕੀ ਖੁਸ਼ੀ ! ਰਾਤ-ਦਿਨ ਕੰਮ, ਪੌੜੀਆਂ ਚੜ੍ਹੋ ਤੇ ਉਤਰੋ।

0 0

— ਲਖਨਾ... ਓ ਲਖਨਾ ! ਤੇਰਾ ਬਾਪ ਆਇਆ ਹੈ ਪਛਵਾੜੇ। ਜਾ ਮਿਲ ਲੈ। ਜਲਦੀ ਕਰਨਾ ! ਕਾਊਂਟਰ ਤੇ ਬੈਠੇ ਸੇਠ ਦੀ ਆਵਾਜ਼ ਸੀ।

ਅੱਛਾ ਸਾਬ ! ਕਹਿੰਦਾ ਉਹ ਪੌੜੀਆਂ ਉਤਰ ਗਿਆ।

— ਕਿਸ ਤਰਾਂ ਹੈ ?

— ਸਭ ਠੀਕ ਹੈ ਘਰ ਤੇ.. ।

— ਠਾਕਰ ਜੀ ਰਾਜ਼ੀ ਹੈ... ਪਰ ਤੇਰਾ ਛੋਟਾ ਭਰਾ ...ਜਾਂਦਾ ਰਿਹਾ।

— ਕੀ ਹੋਇਆ ਸੀ ? ਉਸਨੇ ਰੋਣ ਹਾਕਾ ਹੋ ਕੇ ਪੁਛਿਆ।

— ਕੁਝ ਵੀ ਨਹੀਂ ਹੋਇਆ। ਸ਼ਾਮ ਨੂੰ ਤਾਪ ਚੜ੍ਹਿਆ ਸਵੇਰ ਹੋਣ ਤਕ ਕੰਮ ਖਤਮ ! ਹਥ ਹੌਲਾ ਵੀ ਕਰਵਾਇਆ, ਪਰ...

— ਤੇ ਮਾਂ ?

— ਰੋ-ਧੋ ਕੇ ਬੈਠ ਗਈ ..

— ਰੁਕੋ, ਮੈਂ ਹੁਣੇ ਆਇਆ ਤੇਰਾ ਇਕ ਭਰਾ ਹੋਰ ਆਇਆ ਹੈ। ਉਹ ਨੱਕ ਸਾਫ ਕਰਦਾ ਹੋਇਆ ਅੰਦਰ ਹੋਟਲ ਵਿਚ ਚਲੇ ਗਿਆਂ। ਥੋੜੀ ਦੇਰ ਬਾਦ ਆਇਆ ਤਾਂ ਉਸ ਦੇ ਹਥ ਵਿਚ ਚਾਹ ਦਾ ਕੱਪ ਸੀ।

— ਲਉ, ਪੀਉ ! ਕਹਿਕੇ ਉਸ ਨੇ ਬੀੜੀ ਦਾ ਬੰਡਲ ਅੱਗੇ ਕਰ ਦਿੱਤਾ।

— ਤਨਖਾਹ-ਤਨਖੂਹ ਲਿਆ ਨਾ ! ਤੇਰੀ ਮਾਂ ਲਈ ਕੁਝ ਲੈਣਾ ਹੈ। ਤੇਰੇ ਭਰਾ ਦੇ ਗੁਜ਼ਰ ਜਾਣ ਨਾਲ ਤੇ ਨਵਾਂ ਆਉਣ ਨਾਲ ਹੋਰ ਕਮਜ਼ੋਰ ਹੋ ਗਈ ਹੈ।

— ਸੇਠ ਨੇ ਅਜੇ ਹਿਸਾਬ ਨਹੀਂ ਕੀਤਾ ...ਟੁੱਟ ਭੱਜ ਹੋ ਗਈ ਸੀ।

— ਉਹ ਤਾਂ ਹਰ ਮਹੀਨੇ ਹੁੰਦੀ ਹੈ .. ਨਵਾਂ ਕੀ ?

— ਕਾਲਜ ਦੇ ਮੁੰਡੇ ਆਉਣ ਲਗੇ ਹਨ ਏਧਰ। ਸਟੀਲ ਦੇ ਚਾਰ ਚਿਮਚੇ ਉੜਾ ਕੇ ਲੈ ਗਏ...ਇਕ ਦੇ ਸੂਟ ਤੇ ਚਾਹ ਛਲਕ ਗਈ ਮੇਰੇ ਕੋਲੋਂ। ਪੰਜ ਰੁਪਏ ਉਹ ਕੱਟੇ ਗਏ।

— ਹੋਰ ਕੀ ਕੀ ਕੀਤਾ,ਬੋਲੀਂ? ਹਵਾ ਚੋਂ ਉਠਦਾ ਹੋਇਆ ਇਕ ਥਪੜ ਉਸਦੇ ਮੂੰਹ ਤੇ ਪਿਆ ਤੇ ਉਹ ਜ਼ਮੀਨ ਤੇ ਬੈਠ ਗਿਆ।

— ਮਾਂ ਉਥੇ ਜੰਮ-ਜੰਮ ਕੇ ਘਰ ਭਰੀ ਜਾਵੇ ਤੇ ਪੁਤ ਇਥੇ ਕਮਾਈ ਲੁਟਾਈ ਜਾਵੇ ! ਤੂੰ ਜ਼ਰੂਰ ਹੇਰਾ ਫੇਰੀ ਸ਼ੁਰੂ ਕਰ ਦਿਤੀ ਹੋਣੀ ਏ . ਸ਼ਹਿਰ ਦੀ ਹਵਾ ਲਗ ਗਈ ਹੈ... ਚਲ਼ ਘਰ !

— ਬਾਪੂ ਮੈਂ ਘਰ ਨਹੀਂ ਜਾਣਾ !

— ਤਾਂ ਫਿਰ ਆਪਣੇ ਪਿਉ ਦਿਆਂ ਜੰਮਿਆਂ ਨੂੰ ਏਥੇ ਹੀ ਲੈ ਆ ...ਹੁਣ ਤਾਂ ਦੋ ਹੀ ਬਚੇ ਹਨ......!

— ਨਹੀਂ ਬਾਪੂ ..... ਮੈਂ ਇਸ ਮਹੀਨੇ ਤੋਂ ਪਹਿਲਾਂ ਹੀ ਪੂਰੀ ਤਨਖਾਹ ਭੇਜ ਦੇਵਾਂਗਾ।

— ਪੂਰੀ... ਪੂਰੀ ਕਿਵੇਂ ?

— ਸਵੇਰੇ ਤੇ ਸ਼ਾਮ ਦੀ ਚਾਹ ਬੰਦ ਕਰਕੇ ਮੈਂ ਗਲਾਸਾਂ ਦੀ ਟੁੱਟ ਭੱਜ ਭਰ ਦੇਵਾਂਗਾ।

— ਲਖਨਾਂ..... ਓ ਲਖਨੇ ! ਹੁਣ ਆ ਮਰ ਨਾ ! ਸੇਠ ਦੀ ਅਵਾਜ਼ ਸੀ।

— ਮੈਂ ਚਲਾਂ ਬਾਪੂ ?

— ਹੁਣ ਲਾਪਰਵਾਹੀ ਕੀਤੀ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ! ਸਮਝੇ ?

— ਠੀਕ ! ਕਹਿੰਦਾ ਉਠ ਪਿਆ ਤੇ ਅੰਦਰ ਜਾ ਕੇ ਕੰਮ ਵਿਚ ਜੁਟ ਗਿਆ।

0 0

— ਕੀ ਕਹਿੰਦਾ ਸੀ ਤੇਰਾ ਨਵਾਂ ਬਾਪ, ਲਖਨਾ ? ਉਸ ਦੇ ਸਾਥੀ ਮਿੱਡੂ ਨੇ ਦੋ ਮੇਜ਼ ਜੋੜਕੇ, ਉਸ ਤੇ ਆਪਣੀ ਪਾਟੀ ਤਲਾਈ ਵਛਾਉਂਦੇ ਹੋਏ ਪੁਛਿਆ।

— ਘਰ ਲੈ ਜਾਣ ਲਈ ਕਹਿੰਦਾ ਸੀ।

— ਤਾਂ ਫਿਰ ਗਿਆ ਕਿਉਂ ਨਹੀਂ ?

— ਉਥੇ ਭੁੱਖੇ ਮਰਨ ਜਾਂਦਾ ? ਲਖਨਾਂ ਨੇ ਦੋ ਮੇਜ਼ ਜੋੜਕੇ ਆਪਣਾ ਬਿਸਤਰਾ ਲਾ ਲਿਆ।

— ਤੇਰੀ ਮਾਂ ਜੁ ਹੈ ਉਥੇ।

— ਉਹ ਵੀ ਉਥੇ ਮਾਰ ਹੀ ਖਾਂਦੀ ਹੈ ...ਫਿਰ ਛੋਟੀ ਟੂਨੀਆਂ ਦੀ ਰੋਣੀ ਸੂਰਤ ਨਹੀਂ ਵੇਖ ਹੁੰਦੀ। ਲਖਨਾ ਰੁਕ ਕੇ ਬੋਲਿਆ।

— ਕਿਉਂ ਵਡਿਆ, ਕਿਤੇ ਜ਼ਿਆਦਾ ਤਨਖਾਹ

ਨਹੀਂ ਮਿਲ ਸਕਦੀ ?

-- ਮਿਲ ਸਕਦੀ ਹੈ। ਕਰੇਂਗਾ ?

– ਕਿਉਂ ਨਹੀਂ ?

— ਇਥੇ ਰੋਜ਼ ਮਲਾਈ ਛਕਦਾ ਏ। ਅੱਖ ਬਚਾ ਕੇ ਰਸਗੁਲਾ ਨਿਗਲ ਜਾਂਦਾ ਏ। ਇਹ ਨਹੀਂ ਮਿਲਣਾ ਦੂਜੀ ਨੌਕਰੀ ਵਿਚੋਂ।

— ਮਾਰ ਗੋਲੀ ! ਚੋਰੀ-ਚੋਰੀ ਮਿਠਾ ਖਾਣ ਵਿਚ ਕੀ ਪਿਆ ਹੈ !

-- ਨਹੀਂ ਬਈ, ਆਦਤ ਜਾਂਦੀ ਨੀ ! ਮੇਰੇ ਕੋਲੋਂ ਤਾਂ ਨਹੀਂ !

— ਮੈਂ ਤਾਂ ਛੱਡ ਦੇਵਾਂਗਾ।

– ਪਰ ਸੇਠ ਤੈਨੂੰ ਨਹੀਂ ਛਡੇਗਾ। ਖਜੂਰ ਛਾਪ ਦਾ ਇਕ ਹਰਾ ਨੋਟ ਦਿੱਤਾ ਹੈ ਤੇਰੇ ਬਾਪੂ ਨੂੰ, ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਤੂੰ ਗ਼ਿਰਵੀ ਪਿਆ ਹੈ ਇਸ ਹੋਟਲ ਵਿਚ ! ਪਤਾ ਹੈ ਤੈਨੂੰ ?

-- ਆਪਣੀ ਵੀ ਕੀ ਜ਼ਿੰਦਗੀ ਹੈ ਯਾਰ ! ਲਖਨਾਂ ਠੰਡਾ ਸਾਹ ਲੈਂਦਾ ਬੋਲਿਆ।

-- ਕਿਉਂ ?

-- ਹੋਰ ਕੀ—ਸੁਣ, ਅਜ ਸਵੇਰੇ ਤੂੰ ਤਾਂ ਟੈਮ ਨਾਲ ਕੰਮ ਵਿਚ ਰੁਝ ਗਿਆ, ਮੈਨੂੰ ਜਰਾ ਦੇਰ ਹੋ ਗਈ ਉਠਣ ਵਿਚ, ਤਾਂ ਕਾਰੀਗਰ ਨੇ ਪਾਣੀ ਦਾ ਘੜਾ ਸੁਟ ਦਿਤਾ ਮੇਰੇ ਤੇ..... ਬਿਸਤਰੇ ਵਿਚ ਹੀ ! ਸਾਰੇ ਸਰੀਰ ਵਿਚ ਕੰਬਣੀ ਛਿੜ ਗਈ। ਗੁਸਾ ਤਾਂ ਐਨਾ ਆਇਆ ਕਿ......ਸਵੇਰ ਤੋਂ ਨਾਸਾਂ ਵਗਣ ਡਹੀਆਂ। ਉਹ ਜਰਾਂ ਰੁਕਿਆ ਤੇ ਠੰਡਾ ਸਾਹ ਭਰਕੇ ਬੋਲਿਆ ......ਜ਼ਿੰਦਗੀ ਤਾਂ 'ਬਾਬੀ' ਦੀ ਹੈ।

— ਤੂੰ ਵੇਖੀ ?

-- ਹਾਂ, ਤੂੰ ਜਾਣਦਾ ਏ, ਉਹ ਸਿਨੇਮਾ ਦਾ ਗੇਟ ਵਾਲਾ ਗਫ਼ੂਰ ਆਪਣਾ ਯਾਰ ਹੈ ਅਜ ਕਲ . ...

— ਯਾਰ, ਹਾ ਜਾਣਦਾ ਹਾਂ।

— ਫਿਰ ?

— ਤੂੰ ਮੈਨੂੰ ਮੂਰਖ ਨਾ ਬਣਾ ! ਮਨੂੰ ਪਤਾ ਹੈ, ਉਸ ਨਾਲ ਤੇਰੀ ਯਾਰੀ ਕਿਵੇਂ ਦੀ ਹੈ।

— ਤਾਂ ਕੀ ਹੋਇਆ.......ਥੋੜੀ ਚੁੰਮਾ-ਚਾਟੀ ਕਰ ਲੈਂਦਾ ਹੈ ਹੋਰ ਕੀ ?

– ਤੇ ਉਹ ਤਾਲੇ-ਚਾਬੀ ਵਾਲਾ ਖੇਲ ਨਹੀਂ ਹੁੰਦਾ ?

— ਹੁੰਦਾ ਹੈ......ਤਾਂ ਕੀ ? ਵਿਗੜਦਾ ਹੈ ਕੁਝ ..... ਫਿਰ ਫਿਲਮ ਵੀ ਤਾਂ ਵਿਖਾਉਂਦਾ ਹੈ।

-- ਮੈਂ ਵੀ ਇੰਟਰਵਲ ਵੇਖਿਆ ਹੈ ਬਾਬੀ ਦਾ।

-- ਤੈਨੂੰ ਵੀ ਗਫੂਰ ਨੇ ਵਿਖਾਇਆ ਹੈ ਨਾਂ ? ਮੈਨੂੰ ਵੀ ਤੇਰਾ ਸਭ ਪਤਾ ਹੈ।

— ਛਡ ਸਭ। ਇਹ ਦਸ, ਇੰਨਟਰਵਲ ਤੋਂ ਪਹਿਲਾਂ ਦਾ ਖੇਲ ਕਿਵੇਂ ਵੇਖੀਏ ?

-- ਇਸ ਨੌਕਰੀ ਤੋਂ ਜਾਨ ਛੁਟੇ, ਤਦ ਨਾ।

— ਹੂੰ ! ਲਖਣਾਂ ਪਾਟੀ ਰਜਾਈ ਲੈ ਕੇ ਪਸਰ ਗਿਆ।

ਧੁੰਦਲੇ ਬਲਬ ਦੀ ਰੋਸ਼ਨੀ ਵਿਚ ਉਹਨਾਂ ਦੀ ਰਜਾਈ ਦੇ ਧਾਗੇ ਮਰੇ ਕੀੜਿਆਂ ਵਾਂਗ ਪਏ ਸਨ। ਥੋੜੀ ਦੇਰ ਚੁਪ ਰਹਿਣ ਮਗਰੋਂ ਵਡਾ ਬੋਲਿਆ—ਤੂੰ ਤਾਂ ਲੇਟ ਗਿਆ ! ਉਠ, ਕੱਲ ਮੈਂ ਸੇਕੇ ਸੀ ਟੁਕਰ...... ਅੱਜ ਤੂੰ ਸੇਕ ! ਆਟਾ ਛਾਣ .....ਚਲ !

-- ਭੁੱਖ... ..ਮੈਨੂੰ ਤਾਂ ਨਹੀਂ।

— ਅਜ ਤਨਖਾਹ ਮਿਲੀ ਹੈ......ਤੇ ਅਜ ਹੀ ਭੁੱਖ ਉਡ ਗਈ।

— ਆਪਣੇ ਕਿਸ ਕੰਮ ਦੀ ! ਦਿਨ ਚੜ੍ਹਦੇ ਨਵਾਂ ਬਾਪੂ ਆ ਜਾਵੇਗਾ ਤੇ ਸਭ ਲੈ ਜਾਵੇਗਾ।

— ਤੇਰਾ ਬਾਪੂ ਤਾਂ ਕਲ ਆਵੇਗਾ, ਮੇਰੀ ਮਾਂ ਤਾਂ ਅਡਵਾਂਸ ਹੀ ਲੈ ਗਈ। ਰਹਿਗੇ ਟਪਦੇ !

— ਅੱਜ ਵਿਖਾਈ ਤੂੰ ਜੁਰਤ !

- ਕਿਵੇਂ ?

— ਜੇ ਤੂੰ ਨਾਂ ਬੋਲਦਾ ਕਿ ਮਜਦੂਰੀ ਮੈਂ ਕਰਦਾ ਹਾਂ ਤੇ ਤਨਖਾਹ ਮੈਨੂੰ ਕਿਉਂ ਨਾ ਮਿਲੇਗੀ, ਤਾਂ ਉਹ ਮੁਨੀਮ ਕਦੀ ਪੈਸੇ ਤੈਨੂੰ ਨਾ ਦੇਂਦਾ। ਉਸ ਨੂੰ ਪਤਾ ਨਹੀਂ ਸੀ ਕਿ ਸੇਠ ਨੇ ਤਨਖਾਹ ਤੇਰੇ ਬਾਪੂ ਨੂੰ ਦੇਣ ਦਾ ਵਚਨ ਦਿਤਾ ਹੈ।

— ਸੇਠ ਉਸ ਨੂੰ ਆਖਣਾ ਭੁਲ ਗਿਆ ਹੋਣਾ।

— ਛੱਡ, ਹੁਣ ਉਠ ਤੇ ਸੇਕ ਰੋਟੀਆਂ।

- ਯਾਰ, ਅਜ ਮਨ ਦੁੱਖੀ ਹੈ...... ਦਿਲ ਟੁਟ ਗਿਆ ਹੈ ਸਵੇਰ ਦਾ !

- ਕਿਉਂ, ਕੀ ਹੋਇਆ ?

- ਸੁਬਾ ਸਵੇਰੇ ਹੀ ਦੁਕਾਨ ਤੇ ਚਾਹ ਦੇ ਕੇ ਮੁੜਦਾ ਸੀ ਕਿ ਇਕ ਛੋਕਰੀ ਨਜ਼ਰ ਆਈ। ਬਗਲ ਵਿਚ ਬਸਤਾ ਫੱਟੀ ਦਬੀ ਠੀਕ ਆਪਣੀ ਟੁਨੀਆ ਵਰਗੀ, ਮੈਂ ਉਸ ਦੇ ਵਾਲ ਸਵਾਰੇ, ਤਾਂ ਚੀਕ ਪਈ ਤੇ ਠਿਠਕ ਕੇ ਦੂਰ ਖੜੀ ਹੋ ਗਈ। ਬੋਲੀ—ਗੰਦਾ ....।

- ਤਾਂ ਹੀ ਤੂੰ ਅਜ ਨਹਾਤਾ ਏ।

- ਨਹੀਂ ਯਾਰ, ਮਨ ਦੁਖੀ ਹੋ ਗਿਆ ਉਸ ਦੇ ਇਸ ਤਰ੍ਹਾਂ ਬੋਲਣ ਕਰਕੇ।

- ਛੱਡ ਵੀ ਯਾਰ, ਉਠ ! ਆਟਾ ਛਾਣ ! ਭੁੱਖ ਲਗੀ ਹੈ।

- ਅਜ ਅਸੀਂ ਕਿਤੇ ਬਣਿਆ ਬਣਾਇਆ ਖਾਣਾ ਖਾਈਏ, ਤਾਂ ?

- ਏ......ਕਿਉਂ......ਪੈਸੇ ?

– ਮੈਨੂੰ ਤਨਖਾਹ ਜੁ ਮਿਲੀ ਹੈ......ਵੈਸੇ ਵੀ ਤਾਂ ਤੜਕੇ ਨੂੰ ਆਪਣੀ ਆਂਟੀ ਲੈ ਜਾਵੇਗੀ ਸਾਰੇ ਪੈਸੇ।

— ਤੇਰਾ ਬਾਪੂ ਤਾਂ ਅਸਮਾਨ ਸਿਰ ਤੇ ਚੁਕ ਲਵੇਗਾ।

– ਕਰਨ ਦੇ ਮਰਨੇ ਨੂੰ, ਜੋ ਕਰਦਾ।

– ਤੇਰੀ ਮਾਂ ਅਤੇ ਟੂਨੀਆਂ ਨੂੰ ਵੀ ਸਤਾਏਗਾ।

– ਮਾਂ ਟੂਨੀਆਂ......ਕਿਹੜੀਆਂ ਮੇਰੇ ਲਈ ਡੁਸਕ ਰਹੀਆਂ ਹਨ।

– ਸੋਚ ਲੈ, ਕਲ੍ਹ ਨੂੰ ਨਾ ਕਹੀਂ ਵੱਡਾ ਖਾ ਪੀ ਗਿਆ।

– ਇਸ ਤਰ੍ਹਾਂ ਦਾ ਕਮਦਿਲਾ ਨਹੀਂ। ਚਲ ਵੀ, ਅਜ ਆਪਾਂ ਦੋਵਾਂ ਨੂੰ ਨਿਕਰ-ਕੁੜਤਾ ਨਵੇਂ ਮਿਲੇ ਹਨ। ਕਿਸੇ ਚੰਗੀ ਥਾਂ ਬੈਠ ਕੇ ਮਜ਼ੇ ਨਾਲ ਰੋਟੀ ਖਾਵਾਂਗੇ।

— ਦਸ ਤੋਂ ਉਤੇ ਵਜੇ ਹੋਣੈ...... ਰਾਤ ਦਾ ਸਮਾਂ ... ਕਿਥੇ ਚਲੀਏ ?

ਤੂੰ ਉਠ ਵੀ !

0 0 0

ਹੋਟਲ ਦੇ ਪਿਛਵਾੜੇ ਵਲ ਦੀ ਦੋਵੇਂ ਬਾਹਰ ਨਿਕਲੇ ਤਦ ਹਵਾ ਰੁਕ ਰੁਕ ਕੇ ਚਲ ਰਹੀ ਠੰਡੀ ਤੇ ਲੂ ਕੰਡੇ ਖੜੇ ਕਰਨ ਵਾਲੀ ! ਸੁੰਨੀ ਸੜਕ ਦੇ ਕੰਡੇ ਤੇ ਰੋਸ਼ਨੀ ਊਂਘ ਰਹੀ ਸੀ। ਕੁਝ ਦੂਰ ਜਾਣ ਤੇ ਇਕ ਸਿੰਧੀ ਦਾ ਹੋਟਲ ਨਜ਼ਰ ਆਇਆ। ਦੋਵੇਂ ਅੰਦਰ ਵੜਕੇ ਕੁਰਸੀਆਂ ਤੇ ਬੈਠ ਗਏ। ਥੋੜੀ ਦੇਰ ਕਿਸੇ ਨੇ ਪੁਛਿਆ ਨਹੀਂ, ਤਾਂ ਲਖਨਾ ਨੂੰ ਲਗਿਆ, ਉਨ੍ਹਾਂ ਦੀ ਪੁਛਗਿਛ ਨਹੀਂ। ਉਹ ਕੋਲ ਪਏ ਚਿਮਚੇ ਨਾਲ ਮੇਜ਼ ਖੜਕਾਉਣ ਲੱਗਾ।

– ਏ ਛੋਕਰੇ...।

— ਬੋਲ...। ਉਸਦੇ ਸਾਹਮਣੇ ਉਸਦੀ ਉਮਰ ਦਾ ਇਕ ਮੁੰਡਾ ਖਲੋਤਾ ਸੀ। ਉਸਨੂੰ ਲਗਾ, ਜਿਵੇਂ ਉਹ ਆਪਣੇ ਆਪ ਨਾਲ ਗਲ ਬਾਤ ਕਰ ਰਿਹਾ ਹੋਵੇ !

— ਖਾਣੇ ਵਿਚ ਕੀ ਹੈ। ਉਸਦੀ ਆਵਾਜ਼ ਵਿਚ ਰੋਹਬ ਸੀ।

— ਆਲੂ ਮਟਰ, ਆਲੂ ਗੋਭੀ, ਭਿੰਡੀ, ਦਾਲ ਚੋਲ, ਕੜੀ ਤੰਦੂਰੀ ਪਰਾਉਠੇ, ਮਟਨ ਪਲਾਅ, ਕੋਫਤੇ ...ਬੋਲੋ ਕੀ ? ਉਹ ਇਕੋ ਸਾਹੇ ਕਹਿ ਗਿਆ।

— ਪਹਿਲਾਂ ਪਾਣੀ। ਛੋਕਰਾ ਗਿਆ ਤਾਂ ਲਖਨਾ ਵੱਡੇ ਦਾ ਮੂੰਹ ਵੇਖਣ ਲਗਾ- ਕਿਉਂ, ਕੀ ਕਹਿ ਗਿਆ ? ਤੈਨੂੰ ਯਾਦ ਹੋਵੇ ਕੁਝ ਤਾਂ ਮੰਗਵਾ।

-- ਯਾਰ ਮੇਰੇ ਤਾਂ ਪੱਲੇ ਕੁਝ ਨਹੀਂ ਪਿਆ, ਕੀ ਬੋਲ ਗਿਆ ਚਬੜ ਚਬੜ !

ਤਦ ਹੀ ਗੱਲੇ ਤੇ ਬੈਠੇ ਆਦਮੀ ਨੇ ਟੋਕਿਆ- ਓਏ, ਜੇਬ ਵਿਚ ਕੁਝ ਹੈ ਜਾਂ ਐਵੇਂ ਬਸ !

— ਕੀ ਟੁੱਚੀ ਗਲ ਕਰਦਾ ਸੇਠ ਪੈਸੇ ਦਾ ਕੋਈ ਘਾਟਾ ਨਹੀਂ ! ਤੇ ਲਖਨੇ ਨੇ ਦਸ ਦਾ ਨੋਟ ਜੇਬ ਵਿਚੋਂ ਕਢਕੇ ਹਵਾ ਵਿਚ ਲਹਿਰਾ ਦਿਤਾ।

-- ਇਸ ਸਾਲੇ ਨੂੰ ਭਰੋਸਾ ਨਹੀਂ ! ਸਿੰਧੀ ਜੁ ਹੋਇਆ।

-- ਛੋਰੇ ਖਾਣਾ ਲਾ ! ਨੋਟ ਵੇਖਦੇ ਹੀ ਗੱਲੇ ਵਾਲੇ ਨੇ ਹਾਕ ਮਾਰੀ।

-- ਬੋਲੋ ਕੀ ਲਿਆਵਾਂ... ? ਫਿਰ ਉਹੀ ਛੋਕਰਾ ਸਾਹਮਣੇ ਖੜਾ ਸੀ।

ਸਬਜ਼ੀ ਜਿਹੜੀ ਸਭ ਤੋਂ ਵਧੀਆ ਹੈ, ਉਹ ਲੈ ਆ।

— ਹੈਂ .. ਤੁਸੀਂ ਬੋਲੋ ਖਾਂ।

-- ਬੋਲਿਆ ਨਾ, ਸਭ ਤੋਂ ਅੱਛੀ ਸਬਜ਼ੀ ਤੇ ਤੰਦੂਰੀ ਪਰਾਂਉਠੇ, ਜਲਦੀ, ਫਟਾਫਟ !

ਤੇਜ਼ ਮਸਾਲੇ ਦੇ ਭਬਾਕੇ ਤੇ ਤੰਦੂਰੀ ਪਰਾਂਠੇ ਦੀ ਮਹਿਕ ਨਾਲ ਉਨ੍ਹਾਂ ਦੀ ਭੁੱਖ ਭੜਕ ਉੱਠੀ। ਖਾਣਾ ਲਗਿਆ ਤਾਂ ਦੋਵੇਂ ਟੁੱਟ ਪਏ। ਡੱਟ ਕੇ ਖਾਧਾ। ਇਕ ਸਬਜ਼ੀ ਫਿਰ ਦੂਸਰੀ ਤੇ ਤੀਸਰੀ ਖੂਬ ਚਟਖਾਰੇ ਲੈ ਕੇ ਉਡਾਈਆਂ। ਢਿੱਡ ਭਰ ਗਿਆ ਤਾਂ ਲਖਨਾ ਬੋਲਿਆ-

ਖ਼ੂਬ ਢਿੱਡ ਭਰਿਆ, ਸਾਲਾ। ਖੁਦ ਘੜੋ, ਸੇਕੋ ਤੇ ਨਿਗਲੋ, ਉਸ ਨਾਲ ਤਾਂ ਭੁੱਖ ਟਲਦੀ ਏ, ਤਰਿਪਤੀ ਨਹੀਂ ਹੁੰਦੀ। ਬੋਲ੍ਹ ਵੱਡ੍ਹਿਆ ਠੀਕ? ਬੋਲ, ਹੈ ਨਾ ?

— ਹੋਰ ਨਹੀਂ ਤਾਂ ਕੀ ! ਖੁਦ ਦਾ ਤਾਂ ਭੁੱਖਾ ਤੇਹ ਨਾਲ ਸੁਕਦਾ ਰਹੇ ਤੇ ਅਸੀਂ ਗਾਹਕਾਂ ਨੂੰ ਪਰੋਸਦੇ ਰਹੀਏ...... ਕੀ ਖੇਡ ਹੈ। ਉਸ ਨੇ ਡਕਾਰ ਲੈਂਦਿਆਂ ਕਿਹਾ।

-- ਬੋਲ ਹੋਰ ਕੁਝ ਲਵੇਂਗਾ... ਮਿੱਠਾ ਮਿੱਠਾ ?

— ਨਹੀਂ ਯਾਰ, ਪਹਿਲਾਂ ਹੀ ਬੜਾ ਖਰਚ ਹੋ ਗਿਆ !

— ਅਸੀਂ ਕਿਹੜੀ ਬਾਪ ਦੀ ਦੌਲਤ ਲੁਟਾ ਰਹੇ ਹਾਂ। ਜਾਏਗਾ ਤੇ ਉਸ ਨਵੇਂ ਬਾਪ ਦਾ ਹੀ ਜਾਏਗਾ। ਮੈਂ ਤਾਂ ਗੁਲਾਬ ਜਾਮਨ ਖਾਵਾਂਗਾ।

-- ਗੁਲਾਬ ਜਾਮਨ...ਹੋਟਲ ਵਿਚ ਅੱਖ ਬਚਾਕੇ ਇਕ ਦੋ ਰੋਜ਼ ਹੀ ਨਿਗਲ ਜਾਂਦਾ ਹੋਣਾ। ਮਨ ਨਹੀਂ ਭਰਿਆ ਫਿਰ ਵੀ।

– ਗੁਲਾਬ ਜਾਮਨ ਅੱਜ ਵੀ ਸ਼ਾਮੀ ਨਿਗਲਿਆ। ਮਿੱਠਾ ਲਗਿਆ ਬਸ। ਅੱਜ ਤਸਲੀ ਨਾਲ ਖਾ ਕੇ ਵੇਖਦੇ ਹਾਂ।

– ਤੇਰੀ ਮਰਜ਼ੀ।

ਲਖਨਾ ਨੇ ਆਰਡਰ ਦਿਤਾ--ਗੁਲਾਬ-ਜਾਮਨ, ਚਾਰ ਅਡ-ਅੱਡ। ਮੇਜ਼ ਦੇ ਹੇਠਾਂ ਪੈਰ ਟਿਕਾ ਕੇ ਲਖਨਾ ਤੇ ਚਿਮਚੇ ਨਾਲ ਕਟਕੇ ਜਦੋਂ ਗੁਲਾਬ-ਜਾਮਨ ਮੂੰਹ ਵਿਚ

ਪਾਇਆ ਤਾਂ ਉਸ ਨੂੰ ਇਸ ਤਰ੍ਹਾਂ ਲਗਿਆ ਜਿਵੇਂ ਇਹ ਮਠਿਆਈ ਉਸ ਨੇ ਪਹਿਲੀ ਵਾਰ ਖਾਧੀ ਹੋਵੇ। ਉਹ ਹੱਥ ਧੋ ਕੇ ਉਠਣ ਵਾਲੇ ਸਨ ਕਿ ਛੋਕਰਾਂ ਪਲੇਟ ਵਿਚ ਸੌਂਫ ਤੇ ਬਿਲ ਲੈ ਕੇ ਆ ਹਾਜ਼ਰ ਹੋਇਆ।

– ਓਏ ਇਥੇ ਪੜ੍ਹਨਾ ਕਿਸ ਨੂੰ ਆਉਂਦਾ ਹੈ ! ਬੋਲ ਨਾ, ਕਿਨ੍ਹੇ ਪੈਸੇ ਹੋਏ ?

– ਅੱਠ ਨੱਬੇ।

ਲਖਨਾ ਦਸ ਦਾ ਨੋਟ ਪਲੇਟ ਵਿਚ ਰਖ, ਉਠ ਖੜਾ ਹੋਇਆ। ਅੱਗੇ ਆਏ ਤਾਂ ਗਲੇ ਵਾਲਾ ਬੋਲਿਆ– ਇਕ ਖੁਲ੍ਹਾ ਨੋਟ ਨਹੀਂ, ਇਕ ਲਾਟਰੀ ਦੀ ਟਿਕਟ ਦੇ ਦੇਵਾਂ ? ਕਿਸਮਤ ਖੁਲ੍ਹ ਜਾਵੇਗੀ।

– ਦੇ ਦੇਹ, ਯਾਰ, ਇਹ ਵੀ ਸਹੀ ਤੇ ਬਾਕੀ ਦਸ ਪੈਸੇ ਉਸ ਛੋਕਰੇ ਨੂੰ।

ਉਸ ਨੇ ਵਡੇ ਦੇ ਮੋਢੇ ਤੇ ਹੱਥ ਰਖਿਆ ਤੇ ਆ ਗਿਆ। ਰਸਤੇ ਵਿਚ ਉਹ ਇਕ ਦੂਸਰੇ ਨਾਲ ਘਸਰ ਕੇ ਤੁਰਦੇ ਰਹੇ ਪਰ ਠੰਡ ਉਹਨਾਂ ਨੂੰ ਠਾਰੀ ਜਾਂਦੀ ਸੀ। ਹੋਟਲ ਪਹੁੰਚੇ ਤਾਂ ਘੰਟਾ ਘਰ ਦੀ ਘੜੀ ਨੇ ਬਾਰਾਂ ਵਜਾਏ। ਉਹ ਦੋਵੇਂ ਆਪਣੀ ਆਪਣੀ ਜੁਲੀ ਵਿਚ ਵੜ ਗਏ। ਜਦ ਕੰਬਣੀ ਹਟੀ ਤਾਂ ਲਖਨਾ ਨੇ ਵਡੇ ਨੂੰ ਪੁਛਿਆ— ਕਿਵੇਂ ਰਿਹਾ ?

– ਵਧੀਆ ਪਰ ਸਵੇਰੇ ਤੇਰਾ ਨਵਾਂ ਬਾਪ ਆ ਖੜਾ ਹੋਵੇਗਾ !

– ਉਸ ਨੂੰ ਇਥੇ ਮਿਲੇਗਾ ਹੀ ਕੌਣ ?

– ਕਿਉਂ ?

– ਬੰਦਾ ਕਿਤੇ ਤੁਰ ਪਿਆ ਤਾਂ ਫਿਰ ਨਹੀਂ ਰੁਕਣ ਵਾਲਾ !

– ਕਿਥੇ ਜਾਂਵੇਗਾ ?

– ਜਿਧਰ ਕਿਸਮਤ ਲੈ ਜਾਵੇ !

– ਤਾਂ ਵੀ।

– ਕਿਤੇ ਵੀ......ਲੰਮੀ-ਚੌੜੀ ਦੁਨੀਆਂ ਹੈ।

– ਮਖੌਲ ਕਰ ਰਿਹਾ ਏ।

— ਮਖੌਲ ਹੀ ਸਹੀ। ਖਾ ਖੂਬ ਲਿਆ। ਮਿਰਚ ਬਹੁਤ ਪਾਈ ਸੀ, ਮੇਰੇ ਸਾਲੇ ਨੇ। ਅੰਦਰ ਅੱਗ ਲੱਗੀ ਹੈ, ਤੇਹ ਵੀ ਲੱਗੀ ਹੈ।

— ਤੇਹ ਤਾਂ ਮੈਨੂੰ ਵੀ ਲੱਗੀ ਹੈ।

— ਤਾਂ ਫਿਰ ਆਪ ਵੀ ਪੀ ਲੈ ਤੇ ਮੇਰੇ ਲਈ ਲੈਂਦਾ ਆਈਂ।

— ਯਾਰ, ਆਪਣੇ ਵਿਚ ਤਾਂ ਹਿੰਮਤ ਨਹੀਂ। ਤੂੰ ਕਰ ਹਿੰਮਤ।

— ਮੈਂ ਤਾਂ ਕੀਤੀ ਹਿੰਮਤ ? ਦਸਾਂ ਦਾ ਨੋਟ ਉਡਾ ਦਿਤਾ ਤੇਰੇ ਤੇ।

— ਮੈਂ ਆਖਿਆ ਸੀ ਨਾ ਪਹਿਲਾਂ ਹੀ, ਆ ਗਿਆ ਨਾ ਹੌਛੇਪਨ ਤੇ।

— ਇਸ ਵਿਚ ਝੂਠ ਕੀ ਦਸਾਂ ਦਾ ਪੱਤਾ ਖਰਚਿਆ ਨਹੀਂ ?

— ਪੂਰੇ ਦਸਾਂ ਦੇ ਦਸ ਮੈਂ ਖਾਧੇ... ? ਤੂੰ ਚੰਟ ਬਣਨ ਲੱਗਾ ਏ। ਭਜਣ ਦੀ ਗਲ ਦਸ ਦੇਵਾਂ ਸੇਠ ਨੂੰ ?

– ਮੈਂ ਕਦੋਂ ਆਖਿਆ ਸਭ ਤੂੰ ਖਾਧਾ। ਗਲ ਤਾਂ ਪਾਣੀ ਲਿਆਉਣ ਦੀ ਹੈ।

ਲਖਨਾਂ ਨਰਮ ਪੈ ਗਿਆ। ਫਿਰ ਦੋਵੇਂ ਚੁੱਪ ਹੋ ਗਏ।

– ਬੁਰਾ ਮੰਨ ਗਿਆ, ਵਡਿਆ ?

– ਨਹੀਂ ਯਾਰ...ਛੱਡ ! ਠੰਡ ਜ਼ੋਰ ਦੀ ਹੈ। ਫਿਰ ਵੀ ਤੇਹ ਹੈ ਕਿ ਮਾਰ ਰਹੀ ਹੈ !

– ਫਿਰ ਉਠ ਵੀ ਜਾਂ, ਯਾਰ। ਮੇਰਾ ਵੀ ਕਲੇਜਾ ਸੜ ਗਿਆ।

– ਤੂੰ ਕਿਉਂ ਨਹੀਂ ਉੱਠਦਾ ?

– ਯਾਰ, ਮੈਂ ਨਹੀ ਉੱਠਣਾ ! ਤੇਰੀ ਵੀ ਦੋਸਤੀ ਵੇਖ ਲਈ।

– ਮੇਰੇ ਕੋਲੋਂ ਨਹੀਂ ਉੱਠ ਹੁੰਦਾ, ਚਾਹੇ ਤੂੰ ਜੋ ਮਰਜ਼ੀ ਸਮਝ ?

– ਤਾਂ ਫਿਰ ਪਿਆ ਰਹਿ !

ਤੇ ਦੋਵੇਂ ਆਪਣੀਆਂ ਆਪਣੀਆਂ ਜੁਲੀਆਂ ਵਿਚ ਮੂੰਹ ਮੋੜਕੇ ਪੈ ਗਏ।

– ਸੇਠ ਦਾ ਬੱਚਾ ਜਦ ਦਾ ਲਾਲ ਜਵਾਰ ਖਵਾਉਣ ਲਗਾ ਹੈ ਤਦ ਦੇ ਪਾਣੀ–ਪਾਣੀ ਹੁੰਦੀ ਰਹਿੰਦੀ ਹੈ। ਵਡਾ ਬੋਲਿਆ।

– ਪਰ ਅਜ ਤਾਂ ਮਾਲ ਉਡਾਇਆ ਹੈ ਨਾਂ। ਲਖਨਾਂ ਬੋਲਿਆ।

– ਮਿਲਣ ਦੇ ਮੇਰੀ ਤਨਖਾਹ। ਇਸ ਵਾਰ ਅਸੀਂ ਵੀ ਖਵਾਂਦੇਵਾਂਗੇ-ਦੁਗਣੀ।

– ਪਰ ਪਾਣੀ ਨਹੀਂ ਪਿਲਾਵੇਂ ਗਾ ?

– ਆਖਿਆ ਨਾ, ਮੈਂ ਨਹੀਂ ਹਿਲਾਂਗਾ।

– ਤਾਂ ਫਿਰ ਮਰ ਤਿਹਾਇਆ।

– ਤੂੰ ਵੀ ਮਰ ਸੁਕਾ !

ਦੋਵੇਂ ਚੁਪ ਕਰਕੇ ਪੈ ਗਏ। ਥੋੜੀ ਦੇਰ ਹੋਈ ਕਿ ਅਵਾਜ਼ ਆਈ।

– ਲਖਨਾ...ਓ ਲਖਨਾਂ !

– ਸੁਣ ਓਏ...? ਸੇਠ ਅੜਿੰਗਦਾ ਸ਼ਾਇਦ।

– ਤਾਂ ਫਿਰ ਜਾਹ ਨਾ।

– ਉਹ ਤੈਨੂੰ ਬੁਲਾਦਾ।

– ਤੈਨੂੰ ਬੁਲਾਂਦਾ।

– ਸਾਫ ਤੈਨੂੰ ਬੁਲਾਂਦਾ ਸੁਣ।

– ਫਿਰ ਅਵਾਜ਼ ਆਈ–ਲਖਨਾਂ......ਓ ਲਖਨਾ!

ਅਰੇ ਮਰ ਗਿਆ ਕੀ ? ਇਥੇ ਆ ਮਰ !

ਲਖਨਾ ਇਕ ਦਮ ਜੁਲੀ ਸੁਟਕੇ ਉਠਿਆ ਤੇ ਨਾਲ ਵਾਲੀ ਕੋਠੜੀ ਵਿਚ ਜਾ ਵੜਿਆ। ਉਸ ਦੀ ਕੰਬਣੀ ਟੁਟ ਰਹੀ ਸੀ। ਦੰਦ ਵਜਦਿਆਂ ਬੋਲਿਆ-ਬੋਲੋ ਸੇਠ !

— ਸੇਠ ਦੇ ਬੱਚੇ, ਗਲਾ ਪਾੜ ਦਿੱਤਾ ਮੈਂ। ਸੁਣਦਾ ਹੀ ਨਹੀਂ।

ਪਾਣੀ ਪਿਆ,ਗੋਲੀ ਖਾਣੀ ਹੈ। ਗਠੀਏ ਨਾਲ ਤਾਂ ਮਾਰ ਦਿੱਤਾ ਸਾਲੇ ਨੇ।

ਲਖਨਾ ਤੇਜ਼ੀ ਨਾਲ ਗਿਆ ਤੇ ਪਾਣੀ ਦਾ ਗਲਾਸ ਲਿਆ ਕੇ ਸੇਠ ਨੂੰ ਦੇ ਦਿਤਾ। ਜਦ ਉਸਨੇ ਗੋਲੀ ਖਾਕੇ ਪਾਣੀ ਪੀ ਲਿਆ, ਤਾਂ ਥੋੜਾ ਰੁਕ ਕੇ ਬੋਲਿਆ-ਹੋਰ ਸੇਠ !

- ਬਸ, ਜਾ ਪੈ ਜਾਹ। ਸਵੇਰੇ ਜਲਦੀ ਉਠਣਾ ਹੈ।

ਲਖਨਾ ਬਿਜਲੀ ਦੀ ਤੇਜ਼ੀ ਨਾਲ ਆਇਆ ਤੇ ਆਪਣੀ ਜੁਲੀ ਵਿਚ ਵੜ ਗਿਆ। ਜਿਵੇਂ ਪਲ ਵਿਚ ਮੀਲਾਂ ਲੰਮਾ ਸਫਰ ਕਰ ਆਇਆ ਹੋਵੇ।

— ਲਿਆ... ਲਿਆਇਆ ? ਵਡੇ ਨੇ ਜੁਲੀ ਵਿਚੋਂ ਹੱਥ ਕਢਿਆ।

— ਕੀ ਓਏ ?

-- ਪਾਣੀ, ਹੋਰ ਕੀ ? ਆਪ ਹੀ ਪੀ ਕੇ ਆ ਗਿਆ।

— ਮੈਂ ਨਹੀਂ ਪੀਤਾ ਪਾਣੀ ?

— ਕਿਉਂ ਤੈਨੂੰ ਤੇਹ ਨਹੀਂ ਸੀ ?

— ਤੇਹ ਤਾਂ ਹੁਣ ਵੀ ਲਗੀ ਹੈ, ਪਰ ਆਡਰ ਸੇਠ ਦਾ ਸੀ, ਸੋ ਉਸ ਨੂੰ ਪਿਆ ਦਿਤਾ...ਮੈਨੂੰ ਪਾਣੀ ਪੀਣ ਦਾ ਚੇਤਾ ਨਹੀਂ ਆਇਆ ! ਰੋਜ਼ ਆਡਰ ਦੇਣ ਵਾਲਾ ਹੀ ਖਾਂਦਾ ਪੀਂਦਾ ਹੈ। ਅਸੀਂ ਲੋਕ ਤਾਂ ਬਸ... ।

[ਅਨੁ. ਰਾਬਿੰਦਰ ਬਾਠ]

0

## ਜਨਾਜ਼ਾ

(ਸੁਰਜੀਤ ਹਾਂਸ)

ਇਕ ਵਾਰੀ ਲੋਕਾਂ ਦੇ ਮੋਢੀ
ਚੜ੍ਹਕੇ ਲਿਆ ਸੁਆਦ
ਰੌਣਕ ਹੈ ਬੇਰੌਣਕ ਹੋਈ
ਭੁੱਲ ਜਿਵੇਂ ਵਿਸਮਾਦ

ਜੋ ਬੈਠੇ ਸੀ ਰਹਿਣ ਖਲੋਤੇ
ਉੱਠਣ ਹੱਥ ਪਰਨਾਮ
ਆਵਾਜਾਈ ਵਿਘਣ ਪਿਆ ਹੈ
ਖੜ੍ਹ ਗਏ ਜਿਵੇਂ ਆਲਾਮ

ਮਿੱਟੀ ਘੱਟੇ ਦਾ ਸੀ ਰੁਲਣਾ
ਕਰ ਆਇਆ ਇਸ਼ਨਾਨ
ਚਾਕਰ ਭੈਂ-ਅੰਗਾਂ ਨੂੰ ਸਾਂਭਣ
ਧੰਨ ਹੈ ਕਹੇ ਜਹਾਨ

ਮੈਂ ਜਾਮਾ ਕੀ ਪਹਿਲੀ ਵਾਰੀ
ਪਾਇਆ ਹੈ ਅਣ ਲੱਗ
ਸਿਰ ਧੋ ਕੇ ਹਨ ਭਾਰ ਉਤਾਰੇ
ਧੱਜ ਨਾ ਬੱਧੀ ਪੱਗ

ਰਾਹ ਵਿਚ ਹੁੰਦੀ ਜਾਏ ਸਫਾਈ
ਪਾਵਨ ਛੱਟੇ ਜਲ
ਕਿ ਮਿੱਟੀ ਨਾ ਉੱਠ ਖਲੋਵੇ
ਜੋ ਰੁਲਦੀ ਸੀ ਕੱਲ੍ਹ

ਮੈਂ ਸੋਚੂੰ ਜਾਂ ਹਾਥੀ ਚੜਿਆ
ਅੱਗੇ ਹੈ ਘੜਿਆਲ
ਸਾਹ ਕੱਢੇ ਕੋਈ ਸਿਰ ਨ ਚੁੱਕੇ
ਬੋਲਣ ਨਹੀਂ ਮਜਾਲ

ਫਿਰ ਵੀ ਰਹਿਣ ਪੜਾ, ਕਰਵਾਉਂਦੇ
ਜਿਵੇਂ ਦਵਾਉਂਦੇ ਦਮ
ਮੱਤਾਂ ਕੋਈ ਕਸਰ ਰਹੇ ਨਾ
ਸੋਚਣ ਕਮ-ਅਜ਼-ਕਮ

ਮੇਰੀ ਜ਼ਿੰਮੇਦਾਰੀ ਵਾਂਗੂ
ਭਾਂਡਾ, ਭੰਨਣ ਆਪ
ਜਿਵੇਂ ਕਸੂਰੀ ਪਿੱਛੇ ਲੱਗਾ
ਦਰਸ਼ਕਾਂ ਜਿਹਾ ਸਰਾਪ

ਮਰਦ ਭੀੜ ਮੜ ਵਾਲਾ ਮੇਲਾ
ਹੰਗਾਮੇ ਦਾ ਸ਼ੋਰ
ਜਾਂਦੀ ਵਾਰੀ ਦੇ ਨਾਇਕ ਨੂੰ
ਠੰਢਾ ਕਰਦੇ ਹੋਰ

ਸੌ ਬੰਦਿਆਂ ਦੀ ਸਫ ਵਿਚ ਕੀਤੀ
ਪਹਿਲ ਅਖੀਰੀ ਵਾਰ
ਬਾਹੀਂ ਲਾਂਬੂ ਲਾ ਕੇ ਮੈਨੂੰ
ਲਿਆ ਹੈ ਲੇਖਾ ਮਾਰ।

# ਆਂਧਰਾ ਪ੍ਰਦੇਸ਼ ਦੇ ਇਨਕਲਾਬੀ ਕਵੀ

ਚੇਰਾਬੰਡਾ ਰਾਜੂ ਦਾ ਨਾਂ ਆਂਧਰਾ ਪ੍ਰਦੇਸ਼ ਵਿਚ ਉਨਾ ਹੀ ਜਾਣਿਆ ਜਾਂਦਾ ਹੈ, ਜਿਨ੍ਹਾਂ ਪੰਜਾਬ ਵਿਚ ਕਦੇ ਸੰਤ ਰਾਮ ਉਦਾਸੀ ਜਾਂ ਪਾਸ਼ ਦਾ ਜਾਣਿਆ ਜਾਂਦਾ ਸੀ ਜਾਂ ਗੁਰਸ਼ਰਨ ਸਿੰਘ ਦਾ ਜਾਣਿਆਂ ਜਾਂਦਾ ਹੈ। ਪੇਸ਼ੇ ਦੇ ਤੌਰ ਤੇ ਉਹ ਸਕੂਲ ਵਿਚ ਤੇਲਗੂ ਭਾਸ਼ਾ ਦੇ ਅਧਿਆਪਕ ਹਨ ਤੇ ਇਸੇ ਤਰ੍ਹਾਂ ਹੀ ਲੋਚਨ ਵੀ ਪੇਸ਼ੇ ਤੋਂ ਅਧਿਆਪਕ ਹਨ, ਇਹ ਦੋਵੇਂ ਕਵੀ ਪਿਛਲੇ ਦਸ ਸਾਲਾਂ ਵਿਚ ਕਈ ਵਾਰ ਆਪਣੀਆਂ ਕਵਿਤਾਵਾਂ ਤੇ ਆਪਣੇ ਵਿਚਾਰਾਂ ਕਾਰਨ ਜੇਲ੍ਹਾਂ ਦੇ ਤੇ ਪੁਲਸ ਸਟੇਸ਼ਨਾਂ ਦੇ ਤਸੀਹੇ ਝੱਲ ਚੁਕੇ ਹਨ। ਚੇਰਾਬੰਡਾ ਰਾਜੂ 1974 ਤੋਂ 'ਸਿਕੰਦਰਾਬਾਦ ਸਾਜ਼ਸ਼ ਕੇਸ' ਵਿਚ ਫਸਾਏ ਹੋਏ ਹਨ, ਜਿਸ ਕੇਸ ਦਾ ਸਿਰ ਪੈਰ ਕਿਧਰੇ ਨਹੀਂ ਲਗ ਰਿਹਾ। ਇਹ ਦੋਵੇਂ ਲੇਖਕ ਆਂਧਰਾ ਦੇ 'ਇਨਕਲਾਬੀ ਲੇਖਕ ਸੰਘ' ਦੇ ਸਰਗਰਮ ਕਾਰਕੁਨ ਹਨ, ਜਿਸ ਦੇ ਪ੍ਰਧਾਨ ਕਿਸੇ ਵੇਲੇ ਆਂਧਰਾ ਦੇ ਆਧੁਨਿਕ ਯੁਗ ਦੇ ਮਹਾਨ ਕਵੀ ਸ੍ਰੀ ਸ੍ਰੀ ਰਹਿ ਚੁਕੇ ਹਨ। ਇਹ ਤਾਂ ਦਸਣ ਦੀ ਸ਼ਾਇਦ ਲੋੜ ਨਹੀਂ ਕਿ ਐਮਰਜੈਂਸੀ ਦੌਰਾਨ ਇਹ ਦੋਵੇਂ ਇੰਦਰਾ ਗਾਂਧੀ ਦੇ ਲਾਡਲੇ ਕਾਨੂੰਨ 'ਮੀਸਾ' ਦਾ ਸ਼ਿਕਾਰ ਸਨ।

ਇਹਨਾਂ ਦੋਹਾਂ ਕਵੀਆਂ ਨੂੰ ਕੁਝ ਸਮਾਂ ਪਹਿਲਾਂ ਆਂਧਰਾ ਪ੍ਰਦੇਸ਼ ਦੇ ਗਵਰਨਰ ਨੇ ਬੜੀ 'ਖੁਸ਼ੀ ਸਹਿਤ' ਐਕਟ 311 (ਬੀ) ਦੇ ਅਧੀਨ ਬਿਨਾ ਕਾਰਣ ਦਸੇ ਨੌਕਰੀਓ ਬਰਖਾਸਤ ਕਰਨ ਦੇ ਹੁਕਮ ਜਾਰੀ ਕੀਤੇ। ਜਦ ਕਿ ਕਿੰਨੇ ਸਾਲਾਂ ਤੋਂ ਦੋਵੇਂ ਉਂਝ ਵੀ 'ਮੁਅੱਤਲ' ਹੀ ਸਨ। ਆਂਧਰਾ ਹਾਈ ਕੋਰਟ ਨੇ ਉਹਨਾਂ ਨੂੰ 'ਸਟੇ-ਆਰਡਰ' ਦੇ ਦਿੱਤੇ ਹਨ ਤੇ ਫਿਲਹਾਲ ਬਰਖਾਸਤੀ ਦੀ ਤਲਵਾਰ ਉਹਨਾਂ ਦੀ ਗਰਦਨ ਤੋਂ ਥੋੜਾ ਜਿਹਾ ਉਪਰ ਉਠ ਗਈ ਹੈ। ਸਰਕਾਰੀ ਸਰਪ੍ਰਸਤੀ ਹੇਠ ਚਲਣ ਵਾਲੀ ਆਂਧਰਾ ਦੀ 'ਸਾਹਿਤ ਅਕਾਦਮੀ' ਨੇ ਰਾਜੂ ਨੂੰ ਇਕ ਹਜ਼ਾਰ ਰੁਪਇਆ ਸਹਾਇਤਾ ਦੇਣੀ ਚਾਹੀ ਸੀ, ਜੋ ਰਾਜੂ ਦੀ ਜ਼ਮੀਰ ਨੇ ਮਨਜ਼ੂਰ ਨਹੀਂ ਕੀਤੀ।

ਚੇਰਾਬੰਡਾ ਰਾਜੂ ਪਿਛਲੇ ਕਿੰਨੇ ਹੀ ਵਰ੍ਹਿਆਂ ਤੋਂ 'ਦਿਮਾਗੀ ਕੈਂਸਰ' ਦਾ ਸ਼ਿਕਾਰ ਹਨ ਤੇ ਇਹ ਉਹਨਾਂ ਦੀ ਜੀਵਨ-ਸ਼ਕਤੀ ਦਾ ਕਰਿਸ਼ਮਾ ਹੀ ਹੈ ਕਿ ਇਹਨਾਂ ਸਾਰੇ ਸ਼ਰੀਰਕ ਤੇ ਮਾਨਸਕ ਤਸੀਹਿਆਂ ਦੇ ਬਾਵਜੂਦ ਉਹ ਜ਼ਿੰਦਾ ਹਨ। ਉਹਨਾਂ ਦੇ ਇਲਾਜ ਲਈ ਆਂਧਰਾ ਤੇ ਦੇਸ਼ ਦੇ ਦੂਜੇ ਹਿਸਿਆਂ ਦੇ ਜਮਹੂਰੀਅਤ ਪ੍ਰੇਮੀ ਲੋਕ ਆਰਥਕ ਪੱਖੋਂ ਸਾਂਝੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।

ਨੌਜਵਾਨ ਪੰਜਾਬੀ ਲੇਖਕਾਂ, ਜਿਨ੍ਹਾਂ ਪਿਛਲੇ ਦਹਾਕੇ ਦੌਰਾਨ ਆਪਣੇ ਵਿਚਾਰਾਂ ਅਤੇ ਕਵਿਤਾਵਾਂ ਕਹਾਣੀਆਂ ਰਾਹੀਂ ਪਾਠਕਾਂ ਤੇ ਲੋਕਾਂ ਵਿਚ ਮਾਣ-ਤਾਣ ਖਟਿਆ ਸੀ ਤੇ ਜਿਨ੍ਹਾਂ ਵਿਚੋਂ ਬਹੁਤੇ ਬਾਦ ਵਿਚ ਨਿਰਾਸ਼ਾ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗੇ ਹਨ, ਲਈ ਇਹ ਜਾਣਨਾ ਸ਼ਾਇਦ ਦਿਲਚਸਪ ਤੇ ਉਸਾਰੂ ਸੋਚ ਲਈ ਹੁਲਾਰਾ ਹੋਵੇ ਕਿ ਆਂਧਰਾ ਦੇ ਇਸੇ ਕਾਲ ਦੇ ਨੌਜਵਾਨ ਲੇਖਕ ਏਸ ਸਮੇਂ ਦੌਰਾਨ ਆਪਣੇ ਵਿਚਾਰਾ ਤੇ ਦ੍ਰਿੜ੍ਹ ਰਹੇ ਹਨ ਤੇ ਉਹਨਾਂ ਨੂੰ ਕਦੀ ਆਪਣੇ ਆਪ ਨੂੰ ਭੁਲਾਉਣ ਲਈ 'ਨਸ਼ਿਆਂ ਦੀ ਲੋੜ ਨਹੀਂ ਪਈ।

(ਰ. ਲ.)

ਤੇਲਗੂ ਕਵਿਤਾਵਾਂ-

## ਲੁੱਟ ਹੈ ਜਿਥੇ ਵੀ

ਲੱਚਨ

ਬਾਲ-ਸੂਰਜ ਦੀਆਂ ਅੱਖਾਂ ਵਿਚ
ਚੁੰਝ ਮਾਰਣ ਲਈ
ਉਨ੍ਹਾਂ ਅੱਖਾਂ ਵਿਚੋਂ
ਖਤਮ ਕਰ ਦੇਣ ਲਈ ਭਵਿੱਖ ਦੇ ਸੁਫਨੇ
ਨਿਕਲ ਪਏ ਹਨ
ਕੁਝ ਗਿਰਝਾਂ ਅਤੇ ਕਾਂ

ਉਸ ਬਾਲ-ਅਗਨ ਦੇ
ਹਰ ਜ਼ਖ਼ਮ ਚੋਂ
ਵਗ ਰਹੀਆਂ ਨੇ ਲਹੂ ਦੀਆਂ ਧਾਰਾਂ|
ਸਾਰੀ ਦੁਨੀਆਂ ਦੇ ਚਾਰੇ ਬੰਨੇ
ਹਵਾ ਵਿਚ ਅਤੇ ਧੂੜ ਵਿਚ
ਜੰਗਲਾਂ ਵਿਚ ਅਤੇ ਸਮੁੰਦਰਾਂ ਵਿਚ
ਅਤੇ ਜਿਥੇ ਕਿਤੇ ਵੀ
ਲੁਟੀਂਦੇ ਲੋਕ ਨੇ ਉਥੇ
ਗਾ ਰਹੀਆਂ ਨੇ ਗੀਤ 'ਜਾਗੋ' ਦੇ

0

## ਪੁਨਰ ਜਨਮ

ਚੇਰਾਬੰਡਾ ਰਾਜੂ

ਮੇਰੇ ਵਿਚਾਰਾਂ ਦੀ ਗਰਮੀ ਨੂੰ
ਮੇਰੇ ਪਰਛਾਵੇਂ 'ਚੋਂ ਭਾਂਪ ਕੇ
ਅੰਤਲੇ ਸਿਰੇ ਤੱਕ ਉਸ ਨੂੰ ਨਸ਼ਟ ਕਰਨ
ਮੇਰੀ ਪਿੱਠ ਪਿਛੇ ਹੀ
ਚਲਦੀ ਹੈ ਪੁਲਸ।

ਭੋਲੇ ਭਾਅ ਹੀ ਅਚਾਨਕ
ਜਦ ਵੇਖਦਾ ਹਾਂ ਅਸਮਾਨ ਵੱਲ
ਤਾਂ ਨਾਪੇ ਜਾਂਦੇ ਨੇ
ਮੇਰੀਆਂ ਨਜ਼ਰਾਂ ਦੇ ਉਤਾਰ-ਚੜ੍ਹਾਅ
ਮੇਰੇ ਪੈਰਾ ਦੀਆਂ ਮੁਦਰਾਵਾਂ ਵਿਚੋਂ
ਫੜਣ ਲਈ ਬਾਗੀ ਗੀਤਾਂ ਦੇ ਸੁਰ
ਮਿੱਟੀ ਕੱਠੀ ਕਰ
ਭੇਜਦੇ ਹਨ ਖੋਜ ਲਈ।
ਸਾਨੂੰ ਅੰਨ ਦੇਣ ਵਾਲੇ ਦਿਲਾਂ ਨੂੰ
ਸੰਸਾਰ ਭਰ ਦੇ ਮਨੁੱਖਤਾਂ ਦੇ ਦੀਪਾਂ ਨੂੰ
ਉਹ ਬੇਰਹਿਮੀ ਨਾਲ ਬੁਝਾ ਦੇਣਾ ਚਾਹੁੰਦੇ ਹਨ।
ਮੈਂ ਜਿਸ ਸਰ੍ਹੋਹਾਣ ਨੂੰ ਨਫਰਤ ਕਰਦਾ ਹਾਂ
ਉਸ ਨੂੰ ਦੂਰ ਨਾ ਕਰ
ਮੇਰੀਆਂ ਅੱਖਾਂ ਨੂੰ ਹੀ
ਨੋਚ ਦਿੰਦੇ ਹਨ।

ਮੈਂ ਜਦ ਨਿੱਕੇ ਬੱਚਿਆਂ ਨੂੰ ਚੁੰਮਦਾ ਹਾਂ
ਉਹਨਾਂ ਦੀਆਂ ਗੱਲ੍ਹਾਂ ਦੀ ਕੋਮਲਤਾ ਨੂੰ
ਸਾਫ ਕਰਦੇ ਹਨ ਖੰਜਰਾਂ ਨਾਲ
ਮੇਰਾ ਬੋਲਣਾ ਜੁਰਮ ਹੈ
ਮੇਰਾ ਸੋਚਣਾ ਅਰਾਜਕਤਾ ਹੈ।

ਇਹ ਸਭ ਇਸ ਲਈ ਕਿ
ਮੈਂ ਉਹਨਾਂ ਦੇ ਗੀਤਾਂ ਦੀ
ਤਾਲ ਨਹੀਂ ਬਣਿਆ
ਉਹਨਾਂ ਦੀ ਤੋਲੀ ਦਾ
ਕਹਾਰ ਨਹੀਂ ਬਣਿਆ।

ਮੈਨੂੰ ਗੱਦਾਰ ਕਹਿਣਾ ਹੋਵੇ
ਮੈਨੂੰ ਸਾਜ਼ਸ਼ੀ ਦੱਸਣਾ ਹੋਵੇ
ਉਹਨਾਂ ਕੋਲ ਇਕੋ ਹੀ ਮਾਪ ਹੈ,
ਉਹੋ ਉਹਨਾਂ ਦਾ ਨਿਤਨੇਮ ਦਾ
ਪੂਜਨੀਕ ਗ੍ਰੰਥ-ਉਹਨਾਂ ਦਾ ਸੰਵਿਧਾਨ।

ਜਿੰਨ੍ਹੇ ਵੀ ਮਜ਼ਹਬ ਹੋਣ
ਉਹਨਾਂ ਦੀ ਤੱਤਰੂਪ ਮੂਰਖਤਾ ਇਕੋ ਹੈ
ਲੁੱਟ-ਖੋਹ ਦੇ ਜਿੰਨੇ ਵੀ ਸੰਵਿਧਾਨ ਹੋਣ
ਉਹਨਾਂ ਦਾ ਪਵਿੱਤਰ ਕਾਰਜ ਹੈ ਆਪਣੀ ਜਮਾਤ
ਦੀ ਰੱਖਿਆ।

ਮਿਹਨਤੀ ਜ਼ਿੰਦਗੀ ਸੁੰਦਰਤਾ ਗੀਤ ਹੈ ਮੇਰਾ
ਮਜ਼ਹਬ ਅਤੇ ਲੁੱਟ ਖੋਹ ਦੇ ਰਾਹ ਲਈ
ਮੈਂ ਰਾਗ ਨਹੀਂ ਬਣਾ ਸਕਦਾ
ਕਤਰਾ ਕਤਰਾ ਆਪਣੇ ਲਹੂ ਦਾ
ਏਸ ਧਰਤ ਦੀ ਮੁਕਤੀ ਲਈ
ਬੀਜ ਵਾਂਗ ਬੀਜਦਾ ਜਾਂਵਾਂਗਾ।

ਬੱਝਾ ਹਾਂ, ਪਰ ਬੰਧਕ ਨਹੀਂ ਹਾਂ,
ਭਾਵੇਂ ਮੈਨੂੰ ਝੰਜੋੜਣ ਵੱਢਣ
ਹਰ ਵਾਰ, ਵਾਰ ਵਾਰ
ਲਹਿਰਾਂ ਵਾਂਗ ਜਨਮ ਲੈਂਦਾ ਹੀ ਰਹਾਂਗਾ।

(ਅਨੁਵਾਦ-ਚ. ਲ.)

# ਕਰਫਿਊ ਦੀ ਸਖ਼ਤ ਜ਼ਰੂਰਤ ਹੈ

ਦਰਸ਼ਨ ਖਟਕੜ

ਉਥੇ ਰਾਤ ਨਹੀਂ ਹੈ ਚਾਰ ਪਹਿਰਾਂ ਦੀ
ਜੁਗਾਂ-ਜੇਡੀ ਰਾਤ ਦਾ ਹੈ ਠੀਕਰੀ-ਪਹਿਰਾ
ਰਾਤ ਕਿ ਜਿਸਮਾਂ ਤੋਂ ਬਸਤਰ ਲੈ ਗਈ
ਬਾਕੀ ਬਚੇ ਜੋ
ਉਹ ਫਟੀ ਤਕਦੀਰ ਦੇ ਵਰਗੇ
ਘਣੇ ਜੰਗਲ ਵੀ ਸ਼ਰਮਸ਼ਾਰ ਬਣੀ
ਜਿਸਮ ਨੂੰ ਪਰਦਾ ਨੇ ਦਿੰਦੇ ਰਹੇ ;
ਪੇਟ ਦੀ ਅੱਗ ਟੱਪਣੀ
ਸੂਕਦੇ ਪਰਬਤੀ ਜਾਂ ਬਰਸਾਤੀ ਨਾਲਿਆਂ ਨੂੰ
ਪਾਰ ਕਰਨਾ
ਬਿਨਾਂ ਤਾਰੂ ਹੁੰਦਿਆਂ ।
ਹਾਕਮ-ਤਹਿਜ਼ੀਬ ਕਰ ਤਾਂ ਆਈ
ਉਹਨਾਂ ਦੀ ਨਿਸ਼ਾਨ-ਦੇਹੀ ।
ਪਰ ਆਪਣਾ ਮੇਲਾ-ਮਨਾਉਂਦੀ ਵਿਚ ਮੇਲੇ ਦੇ
ਛੱਡ ਆਈ ਕਿਸੇ ਅਣਚਾਹੇ ਅਵਾਰਾ ਕਤੂਰੇ ਦੇ ਵਾਂਗ
ਇਤਿਹਾਸ ਦੇ ਬਹੁਤ ਪਿਛਲੇ ਮੋੜ ਉੱਪਰ ਉਨ੍ਹਾਂ ਨੂੰ ।
ਐਲਬਮ 'ਚ ਸਾਂਭੀ ਕਿਸੇ
ਅਤਿ ਪੁਰਾਣੀ ਡਾਕ-ਟਿਕਟ ਦੇ ਵਾਂਗੂ
ਉਂਜ ਬੈਠੀ ਹੈ ਸੰਭਾਲ-- ।
ਹਾਕਮ ਤਹਿਜ਼ੀਬ ਬਹੁਤ ਉਂਜ ਹੁੱਬਦੀ ਰਹੇ
ਭਰਪੂਰ ਆਪਣੇ ਚਿੜੀਆ-ਘਰ ਉੱਪਰ
ਜਿਸ ਦੇ ਅੰਦਰ
ਆਦਿ-ਯੁੱਗ ਦੇ ਜਾਨਵਰ 'ਸ਼ੋਭਾ' ਵਧਾਉਂਦੇ ਨੇ---।
ਵਿਹੜੇ ਆਪਣੇ ਕੁਦਰਤ ਰਹੀ ਹੈ ਖਿਡਾਉਂਦੀ
ਆਪਣੀ ਔਲਾਦ--
ਚੀੜ੍ਹ ਦੇਵਦਾਰਾਂ ਦੇ ਨਿੱਗਰ ਤਣੇ,
ਪਰਬਤ-ਚੋਟੀਆਂ ਦੀਆਂ ਗੋਲਾਈਆਂ,
ਜੰਗਲੀ ਫਲਾਂ ਦੇ ਰਸਦਾਰ ਗੁੱਛੇ
ਫੁੱਲ-ਪੱਤੀਆਂ ਫੁੱਲ-ਜੰਗਲੀ ਦੀਆਂ
ਜਿਸਮ ਦੇ ਅੰਗ ਅੰਗ ਤੇ ਆ ਬੈਠੇ ।
ਗਛ ਗਛ ਕਰਦੀ ਨਦੀ ਦਾ ਨਾਚ
ਆਦਿ-ਨਾਚ ਦੀ ਪੱਬੀ 'ਚ ਵਸ ਗਿਆ ।
ਤੇ ਇਹ ਵੀ ਰਾਜਧਾਨੀ ਦੇ 'ਸੋਹਜ-ਪ੍ਰੇਮੀਆਂ'
ਦੀ ਤਫਰੀਹ ਦਾ
ਝੱਸ ਬਣਕੇ ਰਹਿ ਗਿਆ ।
ਉਹਨਾਂ ਦੀ ਚਿੰਤਾ ਹੈ ਬੱਸ
ਆਦਿ ਵਾਸੀ ਜਿਸਮ ਗਦਰਾਂਦੇ ਰਹਿਣ
ਆਦਿ-ਨਾਚ ਇਉਂ ਹੀ ਰਹੇ ਠੁਮਕਦਾ......
ਬਾਕੀ ਤਾਂ ਹਰ ਇੱਕ ਜੀਵ ਦੀ ਤਕਦੀਰ ਹੈ ਆਪਣੀ...
ਵਜਾ ਇਹੀ ਕਿ ਬਹੀਆਂ ਦੇ ਧਾਗਿਆਂ ਦਾ ਜਾਲ
ਬਹੁਤ ਕਾਰਗਰ ਬਣਾ ਹੈ ਪਿੰਜਰਾ ਦਿੰਦਾਂ......।
ਤੇ ਹਾਕਮ-ਤਹਿਜ਼ੀਬ ਦਾ ਹਿਰਸੀ ਕਰਿੰਦਾ
ਅੱਗ ਲੱਗੇ ਜਿਸਮ ਦੀ ਅੱਗ ਬੁਝਾਉਣੇ ਲਈ
ਇਸ ਪਰਬਤੀ-ਜੰਗਲੀ ਝੀਲ ਵਿਚ ਕੁੱਦਣਾ
ਸਮਝਦਾ ਹੈ ਆਪਣਾ ਹੱਕ ।
ਗੰਦੇ ਨਾਲੇ ਹਾਕਮ-ਤਹਿਜ਼ੀਬ ਦੇ
ਪਵਿੱਤਰ, ਪਾਕ, ਝੀਲਾਂ ਵਿੱਚ ਨੇ ਜਾ ਕੇ ਵੜੇ......
ਇਸ ਦੀ ਤਾਂ ਚਿੰਤਾ ਹੈ ਬਸ
ਝੀਲਾਂ ਸਭ ਸਲਾਮਤ ਰਹਿਣ
ਟਿਕੀਆ ਰਹਿਣ, ਲਹਿਰਾਂ ਰਹਿਣ...!
ਵਜਾ ਇਹੀ ਕਿ ਸਰਕਾਰੀ ਐਲਾਨਾਂ ਦੇ ਬੱਦਲ
ਕਾਗਜ਼ਾਂ 'ਤੇ ਰਹਿਣ ਵਰ੍ਹਦੇ ।
ਕਿਸੇ ਵੀ ਰਾਜਧਾਨੀ ਤੋਂ ਤੁਰੇ
ਵਿਉਂਤਾਂ ਦੇ ਹੀਜੜੇ
ਠੇਕੇਦਾਰਾਂ, ਸ਼ਾਹੂਕਾਰਾਂ ਤੇ ਭੋਂ-ਪਤੀਆਂ ਦੇ ਵਿਹੜੀਂ
ਵੇਲਾਂ ਵਧਾਕੇ ਪਰਤ ਆਉਂਦੇ ਨੇ ਰਹੇ--।
ਬਹੀ ਧਾਗਿਆਂ ਦੇ ਪਿੰਜਰੀਂ ਡੱਕੇ
ਚਿੜੀਆ-ਘਰ ਦੇ ਪੁਰਾਤਨ-ਜੀਵ
ਆਖਰ ਭਬਕ ਉੱਠੇ ਨੇ
ਝੀਲਾਂ ਆਪਣੀ ਹੀ ਤਪਸ਼ ਲੈ ਕੇ ਖੌਲ ਉੱਠੀਆਂ ਨੇ—
ਕਿਸੇ ਸੂਰਜ ਦੀ ਕਿਰਨ ਪੁੱਜੇ
ਕਿਸੇ ਚੰਦਰ ਦੀ ਬਹੁੜੇ ਚਾਨਣੀ ।
ਇਹ ਜੰਗਲ ਦੇ ਪੌਦੇ, ਝਾੜੀਆਂ ਤੇ ਰੁੱਖ
ਸੂਰਜ-ਕਿਰਨ, ਚਾਨਣੀ ਦੀ ਜਿਸਮ ਆਪਣੇ
ਪੱਤਿਆਂ ਤੇ ਨਚਾਉਣੀ ਲੋਚਦੇ ਨੇ--।
ਸਾਹਾਂ ਵਿਚ ਜੰਗਲ ਦੀ ਸੂਕ ਭਰਨਾ ਮੰਗਦੇ—
ਹਵਾ ਨੂੰ ਲਾਕੇ ਉਂਗਲੀ
ਜੰਗਲੀ-ਮਹਿਕ ਬਣਨਾ ਲੋਚਦੇ---।
ਦਿਨ ਤਾਂ ਦਿਨ ਹੈ ਜੋ ਵਿਚਾਰਾ ਸਫਰ ਦਾ ਸਾਥੀ
ਆਥਣੇ ਹੀ ਹੰਭ ਖੜੋ ਜਾਵੇ
ਸਫਰ ਨੂੰ ਤਾਂ ਰਾਤ ਨੇ ਬੁਕਲ 'ਚ ਲੈਣਾ ਹੈ,
ਉੱਪਰ ਪਰ, ਐਲਾਨ ਸਰਕਾਰੀ ਕਿ
ਰਾਤੀਂ ਕਰਫਿਊ ਹੈ ।
ਸੰਘਣੇ ਜੰਗਲਾਂ ਲਈ
ਨਦੀ-ਘਾਟਾਂ ਲਈ, ਝੀਲਾਂ ਲਈ,
ਪਹਾੜੀ, ਜੰਗਲੀ ਰਾਹਾਂ ਲਈ—
ਆਦਿ-ਕਾਲ ਤੋਂ ਜਿਹੜੇ
ਆਪਣੇ ਹੀ ਜਾਗ ਦੇ ਤਰਸੇਵਿਆਂ ਵਿੱਚ

ਤੜਫਦੇ ਨੇ ਆ ਰਹੇ——।
ਸ਼ੁਭ-ਘੜੀ ਕਿ ਆਖਰਕਾਰ ਉਹ
ਬਣ ਗਏ ਹਾਕਮ-ਤਹਿਜ਼ੀਬ ਦੇ ਹਾਣੀ
ਉਹਨਾਂ ਦੀ ਧੜਕਦੀ ਉਸ ਹੂਕ ਚੋਂ ਤੇ ਹੇਕ 'ਚੋਂ
ਜੰਮਣੀ ਤਾਂ ਸੀ ਕੋਈ ਮੁੜਵੀਂ ਆਵ ਜ਼।
ਕਰਫਿਊ ਉਸ ਜਾਗ ਪਈ
ਹੇਕ ਦਾ ਹੈ ਨਜ਼ਰਾਨਾ।
ਬਣਕੇ ਬਾਲਣ ਰਹਿ ਗਏ ਸਨ
ਸਾਡੇ ਸਭ ਜੰਗਲ
ਤੇਜ਼ ਪੌਣਾਂ 'ਚ ਆਖਰ ਝੂਮ ਉੱਠੇ ਨੇ
ਕਰਫਿਊ ਤਾਂ ਤੇਜ਼ ਵਗਦੇ ਵੇਗ ਦਾ ਹੀ ਇਕ
ਹੁੰਗਾਰਾ ਹੈ।
ਖੁਸ਼ ਆਮਦੀਦ ਕਰਫਿਊ ਖੁਸ਼ ਆਮਦੀਦ !
ਇੱਕ ਲਮੇਰੀ ਚੁੱਪ ਦੀਆਂ ਫਸਲਾਂ ਉਗਾ ਕੇ
ਬਹੁਤ ਬੰਜਰ ਹੋ ਗਏ ਨੇ ਸਾਡੇ ਖੇਤ
ਆਵਾਗਵਣ ਰੁੱਤਾਂ ਦੇ ਵਿੱਚ
ਟੱਲੀਆਂ ਫੇਰ ਬਲਦਾਂ ਦੀਆਂ ਵੱਜੀਆਂ
ਰੰਬਿਆਂ ਨੇ ਪੁੱਟਣਾ ਸ਼ੁਰੂ ਕੀਤਾ ਹੈ ਨਦੀਨ
ਦਾਤੀਆਂ ਨੇ ਧਰ ਲਈਆਂ ਫਾਟਾਂ
ਕਰਫਿਊ, ਹਾਂ ਕਰਫਿਊ,
ਬਾਂਝ ਧਰਤੀ ਦੀ ਚੁੱਪ ਦੀ ਮੌਤ 'ਤੇ
ਭੱਜਾ ਧਮਾਰਕ ਹੈ।
ਖੁਸ਼-ਆਮਦੀਦ——।
ਕਿਸੇ ਚਮੜੀ-ਰੋਗ ਖਾਧੇ ਇਹ ਮੈਦਾਨ
ਜੋਕਾਂ ਲੁਆਉਂਦੇ ਬਹੁਤ ਦੁਰਬਲ ਹੋ ਗਏ
ਕਿਸੇ ਸਰ ਵਿਚ ਨ੍ਹਾਣ ਮਗਰੋਂ
ਖੂਨ——ਸਫਾ ਕਰਦੇ ਕਿਸੇ ਦਾਰੂ
ਦਾ ਲੁਆ ਸੂਆ
ਜਦੋਂ ਹਨ ਹੋ ਰਹੇ ਰਾਜ਼ੀ
ਕਰਫਿਊ ਹਾਂ ਕਰਫਿਊ
ਕਿਸੇ ਚੇਲੇ ਦਾ ਟੂਣਾ ਹੈ--'।

ਇਹ ਸੜਕਾਂ ਹੰਭ ਗਈਆਂ ਨੇ
ਢੋਂਦੀਆਂ ਮਰੀਅਲ ਜਿਹੇ ਕੈਦੀ ਜਿਸਮ
ਇਨ੍ਹਾਂ ਦੇ ਨਾਚ ਉੱਪਰ ਵਾਰਨਾ
ਹੈ ਕਰਫਿਊ ਹੋਣਾ-- ।
ਜ਼ਰਾ ਇਹ ਨਾਚ ਮਚ ਜਾਵੇ ਤੇ ਵਧ ਜਾਵੇ !
ਖੁਸ਼-ਆਮਦੀਦ ਕਰਫਿਊ, ਖੁਸ਼ ਆਮਦੀਦ।
ਇਹ ਟੈਲੀਫੋਨ ਤਾਰਾਂ ਦੇ ਟੁੱਟਦੇ ਨੇ ਜਿਸਮ
ਚਿੱਥੇ ਸ਼ਬਦਾਂ ਦੇ ਚੀਥੜੇ ਢੋਅ ਢੋਅ ਕੇ
ਤੂੰ ਧਮਕਣਾ ਏਂ ਕਰਫਿਊ
ਜਿਸ ਦਿਨ ਇਹਨਾਂ ਪਹਿਨੇ
ਸੁਰਖ ਸ਼ਬਦਾਂ ਦੇ ਲਿਬਾਸ——
ਇਹ ਸੁਰਖ ਬਸਤਰ ਤਾਂ ਪਹਿਨਣ——
ਖੁਸ਼ ਆਮਦੀਦ ਕਰਫਿਊ, ਖੁਸ਼ ਆਮਦੀਦ।
ਇਹ ਹੈ ਜਦ
ਧੜਕਦਾ ਤੌਰ ਦਾ ਹੀ ਨਜ਼ਰਾਨਾ
ਹੁੰਗਾਰਾ ਤੇਜ਼ ਵੇਗਾਂ ਦਾ
ਬੰਜਰ-ਚੁੱਪ ਦੀ ਅਰਥੀ ਤੇ ਟੁੱਟਦਾ ਧਮਾਰਕ ਹੈ
ਟੂਣਾ ਜਦੋਂ ਹੈ ਕਾਇਆ ਪੁੰਗਰਦੀ ਲਈ
ਨਾਚ ਭਖਦੇ 'ਤੇ ਹੈ ਜਦ ਵਾਰਨਾ
ਸੁਰਖ ਸ਼ਬਦਾ ਦੀ ਗਵਾਹੀ ਵੀ ਤਾਂ
ਕਰਫਿਊ ਦੀ ਸਖਤ ਜ਼ਰੂਰਤ ਹੈ।
ਕਰਫਿਊ ਦੀ ਸਖਤ ਜ਼ਰੂਰਤ ਹੈ।

0

## ਜੰਗ

ਮੂਲ ਮੰਗੋਲਿਆਈ ਲੇਖਕ : ਦੋਰਜਿਨ ਗੋਂਬੋਜ਼ਹਾਵ
ਅਨੁਵਾਦਕ : ਪ੍ਰੇਮ ਅਵਤਾਰ ਰੈਣਾ

ਜੰਗ
ਮਾਲਕ ਤੋਂ ਬਿਨਾ ਘਰ,
ਬਿਨਾਂ ਘਰ ਤੋਂ ਮਾਲਕ ।

ਜੰਗ
ਨਾਰ—ਵਿਹੂਣਾ ਕੰਮ,
ਕੰਤ—ਵਿਹੂਣੀ ਨਾਰੀ।

ਜੰਗ
ਪੁਤ ਬਿਨਾ ਇਕ ਪਿਓ,
ਪਿਓ—ਮਹਿੱਦਰ ਪੁੱਤ।

ਜੰਗ
ਧੜ ਬਿਨਾ ਇਕ ਲੱਤ ਦੇ,
ਲੱਤ ਬਿਨਾਂ ਇਕ ਧੜ ਦੇ।

ਜੰਗ
ਚਰਾਂਦ ਬਿਨਾਂ ਮਾਲ-ਡੰਗਰ,
ਮਾਲ ਚਰਾਂਦ-ਵਿਹੂਣਾ ,

ਜੰਗ
ਮੁਸ਼ਕ-ਬਾਰੂਦੀ ਨਾਲ,
ਮਹਾਂ—ਮਾਰੀ ਤੇ ਸੋਗ।

ਅਸਾਂ ਰੋਕਣਾ ਜੰਗ ਨੂੰ
ਅਸਾਂ ਹੋਣ ਕਦੀ ਨਾ ਦੇਣੀ।

ਬਲੌਰ

□ ਸੁਰਜੀਤ ਹਾਂਸ

□ ਵੀਨਾ ਮਜੁਮਦਾਰ

## ਪੱਛਮੀ ਰਾਜਨੀਤੀ ਚਿੰਤਕ ਵਿਚ ਔਰਤ

ਇਸਤ੍ਰੀਵਾਦੀ (feminist) ਲਹਿਰ ਨੇ ਕਈ ਅਜਿਹੇ ਪਾਸਿਆ ਵਲ ਧਿਆਨ ਦਵਾਇਆ ਹੈ ਜਿਹੜੇ ਪਹਿਲਾਂ ਵਿਦਵਾਨਾਂ ਨੇ ਗੋਲੇ ਨਹੀਂ ਸਨ। ਇਸਤ੍ਰੀਆਂ ਪਰਾਈਵਤ (Private) ਘਰੇਲੂ ਸੰਸਾਰ 'ਚੋਂ ਨਿਕਲ ਕੇ ਸਿਆਸੀ ਸੰਸਾਰ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਸਵਾਲ ਤਾਂ ਇਹ ਹੈ ਕਿ ਕੀ ਪ੍ਰੰਪਰਿਕ ਰਾਜਨੀਤਕ ਚਿੰਤਨ ਅਜੋਕੀ ਇਸਤ੍ਰੀਆਂ ਨੂੰ ਆਪਣੇ ਆਕਾਰ 'ਚ ਸਮਾ ਸਕਦਾ ਹੈ ਜਿਸਦਾ ਮੁੱਢਲਾ ਅਧਾਰ ਹੀ ਇਹ ਰਿਹਾ ਹੈ ਕਿ ਲਿੰਗ ਬਰਾਬਰ ਨਹੀਂ ਹੁੰਦੇ। ਦੂਸਰੀ ਗਲ ਇਹ ਕਿ ਔਰਤਾਂ ਦੀ ਰੂਪਾਤਮਕ (formal) ਸੁਤੰਤ੍ਰਤਾ ਨੇ ਕੋਈ ਸਘਨ ਬਰਾਬਰੀ ਨਹੀਂ ਪੈਦਾ ਕੀਤੀ।

ਭਾਵੇਂ ਰਾਜਨੀਤਕਵਾਨ 'ਮਨੁੱਖ' 'ਮਨੁੱਖਤਾ' ਅਤੇ 'ਉਹ' ਪੜਨਾਵ ਦੀ ਵਰਤੋਂ ਕਰਦੇ ਹਨ ਪਰ ਇਹਦਾ ਮਤਲਬ ਇਹ ਨਹੀਂ ਕਿ ਉਹ ਇਸਤ੍ਰੀਆਂ ਨੂੰ ਵੀ ਇਹਦੇ 'ਚ ਸ਼ਾਮਿਲ ਕਰਦੇ ਹਨ। ਉਹਨਾਂ ਨੂੰ ਮਰਦਾਂ ਦੀ ਨਾਬਰਾਬਰੀ ਚਿੰਤਨਯੋਗ ਪ੍ਰਤੀਤ ਹੁੰਦੀ ਹੈ ਅਤੇ ਉਹ ਮਰਦ ਔਰਤ ਦੀ ਨਾਬਰਾਬਰੀ ਮਿੱਥਕੇ ਆਪਣਾ ਚਿੰਤਨ ਸ਼ੁਰੂ ਕਰਦੇ ਹਨ। ਕੇਵਲ ਸਮਾਜਵਾਦੀ ਚਿੰਤਨ ਹੀ ਟੱਬਰ ਦੀ ਸੰਸਥਾ ਨੂੰ ਗੈਰ ਜ਼ਰੂਰੀ ਸਵੀਕਾਰ ਕਰਦੇ ਔਰਤ ਦੀ ਬਰਾਬਰੀ ਦੇ ਦਾਵੇਦਾਰ ਹੋਏ ਹਨ। ਟੱਬਰ ਦੇ ਆਧਾਰ ਕਾਰਨ ਚਿੰਤਕਾਂ ਨੇ ਇਹ ਸਮਝ ਲਿਆ ਕਿ ਮਰਦ ਔਰਤ ਦੇ ਰਵਾਜੀ ਅਤੇ ਸੰਸਥਾਈ ਫਰਕ ਉਹਨਾਂ ਜੀਵ ਵਿਗਿਆਨੀ (biological) ਅੰਤਰ ਕਾਰਨ ਹਨ। ਉਹਨਾਂ ਦਾ ਮਰਦਾਂ ਬਾਰੇ ਸਵਾਲ ਹੁੰਦਾ ਹੈਕਿ ਮਰਦ ਕਿਹੋ ਜਿਹੇ ਹਨ ? ਪਰ ਉਹਨਾਂ ਦਾ ਔਰਤਾਂ ਬਾਰੇ ਪ੍ਰਸ਼ਨ ਹੁੰਦਾ ਹੈ ਕਿ ਔਰਤਾਂ ਕਾਹਦੇ ਵਾਸਤੇ ਹਨ ? ਉਹਨਾਂ ਦੇ ਸਿਆਸੀ ਵਿਸ਼ਲੇਸ਼ਨ ਦੀ ਇਕਾਈ ਵਿਅਕਤੀ ਨਹੀਂ ਸਗੋਂ ਪੁਰਸ਼-ਪ੍ਰਧਾਨ ਟੱਬਰ ਹੁੰਦਾ ਹੈ ਜਿਸ ਵਿਚ ਔਰਤ ਦੀ ਨਾਬਰਾਬਰੀ ਲੁਕੀ ਰਹਿੰਦੀ ਹੈ।

ਜਦੋਂ ਤੋਂ ਪੁਰਸ਼ ਪ੍ਰਧਾਨ ਸਮਾਜ ਬਣਿਆ ਹੈ। ਔਰਤਾਂ ਬਾਰੇ ਬਹੁਤਾਨ-ਤਰਾਸ਼ੀ ਚਲਦੀ ਆਈ ਹੈ। ਹੈਸੀਆਡ (Hesiod) ਅਨੁਸਾਰ ਦੁਨੀਆਂ ਇਕ ਸਮੇਂ ਸੁਤਤਰ ਰੋਗ ਅਤੇ ਪ੍ਰੀਸ਼ਰਮ ਰਹਿਤ ਸੀ ਪਰ ਪਹਿਲੀ ਔਰਤ ਪੰਡੋਰਾ ਦੇ ਆਗਮਨ ਨਾਲ ਸੰਸਾਰ ਦਾ ਪਤਨ ਸ਼ੁਰੂ ਹੋ ਗਿਆ। ਯੂਨਾਨ ਦੀ ਸਭ ਤੋਂ ਸ਼ਕਤੀਸ਼ਾਲੀ ਦੇਵੀ ਐਥੀਨਾ (ਜਿਸ ਦੇ ਨਾਂ 'ਤੇ Athens ਸ਼ਹਿਰ ਹੈ) ਦੀ ਪ੍ਰਸੰਸਾ ਉਹਦੀ 'ਮਰਦਾਨਗੀ' ਕਰਕੇ ਕੀਤੀ ਜਾਂਦੀ ਹੈ। ਉਹਨਾਂ ਦੇ ਆਚਾਰ ਸ਼ਾਸਤਰ ਵਿਚ agathos ਚੰਗਿਆਈ ਅਤੇ arete ਉੱਤਮਤਾ ਦੇ ਵਿਕਲਮ ਵੀ ਦਿਲਚਸਪ ਹਨ। ਮਰਦ ਦੀ ਚੰਗਿਆਈ ਇਹ ਹੈ ਕਿ ਉਹ ਯੁੱਧ ਅਤੇ ਸ਼ਾਂਤੀ ਵਿਚ ਬਹਾਦਰ ਅਤੇ ਹੁਨਰਮੰਦ ਹੋਵੇ ਅਤੇ ਉਹਦੇ ਕੋਲ ਇਹ ਹੁਨਰ ਪੈਦਾ ਕਰਨ ਲਈ ਮਾਇਕ ਸਮੱਰਥਾ ਅਤੇ ਵਿਹਲ ਹੋਣੀ ਚਾਹੀਦੀ ਹੈ। ਇਸਤ੍ਰੀਦੀ ਉਤਮਤਾ ਰੂਪ ਜਵਾਨੀ,ਕੱਤਨਾ ਤੁੰਬਣਾ,ਘਰੇਲੂ ਕੰਮਾਂ 'ਚ ਕੁਸ਼ਲਤਾ ਅਤੇ ਪਤੀ-ਵਰਤਾ ਹੋਣ 'ਚ ਹੈ।

ਯੂਨਾਨੀ ਸਮਾਜ ਵਿਚ ਔਰਤਾਂ ਘਰ ਦੇ ਵਖਰੇ ਹਿੱਸੇ 'ਚ ਰਹਿੰਦੀਆਂ ਸਨ। ਨਾਂ ਹੀ ਉਹਨਾਂ ਨੂੰ ਕਿਸੇ ਬੌਧਿਕ ਅਨੁਭਵ ਦਾ ਮੌਕਾ ਹੁੰਦਾ ਸੀ, ਜਿਮਨੇਜ਼ਿਆ, ਬਾਜ਼ਾਰ, ਕਚਹਿਰੀਆਂ ਸਿਮਪੋਜ਼ੀਆਂ ਉਹਨਾਂ ਦੀ ਪਹੁੰਚ ਵਿਚ ਨਹੀਂ ਸਨ। ਨਤੀਜਾ ਇਹ ਹੋਇਆ ਕਿ ਜਾਗੀਰਦਾਰ ਘਰਾਣਿਆਂ ਦੀਆਂ ਔਰਤਾਂ ਨੂੰ ਵੀ ਸਮਾਜ ਅਤੇ ਸੰਸਕ੍ਰਿਤੀ ਦਾ ਕੋਈ ਗਿਆਨ ਨਹੀਂ ਹੁੰਦਾ ਸੀ। ਵੇਸ਼ਵਾ ਔਰਤਾਂ ਇਹਨਾਂ ਵਿਸ਼ਿਆਂ ਬਾਰੇ ਵਧ ਜਾਣਕਾਰ ਹੁੰਦੀਆਂ ਸਨ। ਯੂਨਾਨ ਦੇ ਸਭ ਤੋਂ ਵਡੇ ਭਾਸ਼ਨਕਾਰ ਅਨੁਸਾਰ ਮਾਸ਼ੂਕਾਂ ਸਹੁਜ ਸੁਆਦ ਲਈ ਹੁੰਦੀਆਂ ਹਨ, ਰਖੇਲਾਂ ਸਰੀਰ ਦੀ ਟਹਿਲ ਲਈ, ਪਤਨੀਆਂ 'ਜਾਇਜ਼' ਵਾਰਿਸ ਪੈਦਾ ਕਰਨ ਅਤੇ ਘਰ ਦੀ ਸੰਭਾਲ ਲਈ। ਸੁਕਰਾਤ ਦੀ ਪਤਨੀ ਉਸ ਨਾਲ ਬਦਸਲੂਕੀ,ਬਦਕਲਾਮੀ ਕਰਦੀ ਸੀ ਅਤੇ ਜਦ ਉਹ ਦੋਸਤਾਂ ਦੀ ਮਹਿਫਲ ਲਾਈ ਬੈਠਾ ਹੁੰਦਾ ਸੀ ਤਾਂ ਉਹਦੇ 'ਤੇ ਗੰਦ ਮੰਦ ਸੁੱਟ ਦਿੰਦੀ ਸੀ। ਪਰ ਸੁਕਰਾਤ ਪਹਿਲਾ ਆਦਮੀ ਹੈ ਜਿਸਨੇ ਮਰਦ ਔਰਤਾਂ ਦੀ ਬਰਾਬਰੀ ਦੇ ਚਿੰਤਨ ਦੀ ਦਲੇਰੀ ਕੀਤੀ। ਉਹਦੇ ਅਨੁਸਾਰ ਇਸਤ੍ਰੀ ਮਰਦ ਤੋਂ ਕਿਸੇ ਪਾਸਿਓਂ ਵੀ ਮਾੜੀ ਨਹੀਂ। ਉਹਦਾ ਮਨੁੱਖੀ ਪ੍ਰਕਿਰਤੀ ਬਾਰੇ ਵਿਚਾਰ ਮਰਦਾਨਾਂ ਨਹੀਂ ਸਗੋਂ ਸਮਿੱਲਤ ਇਸਤ੍ਰੀ ਪੁਰਸ਼ਾਂ ਵਾਲਾ ਸੀ। ਮਰਦ ਔਰਤਾਂ ਦੀ ਉੱਤਮਤਾ ਭਿੰਨ ਨਹੀਂ ਸਗੋਂ ਇਕੋ ਜਿਹੀ ਹੈ। ਦੋਵਾਂ ਨੂੰ ਮਧਅਨੁਕੂਲ (temperate) ਅਤੇ ਨਿਆਂਸ਼ੀਲ ਹੋਣ ਦੀ ਲੋੜ ਹੈ। ਉੱਤਮਤਾ ਮਾਨਵੀ ਗਲ ਹੈ ਜਿਹੜਾ ਲਿੰਗ ਨਾਲ ਬਦਲੇਗਾ ਨਹੀਂ।

ਅਫਲਾਤੂਨ (Plato) ਵੀ ਸਾਧਾਰਨ ਯੂਨਾਨੀਆਂ ਵਾਂਗ ਔਰਤ ਨੂੰ ਨਿਆਣੇ, ਪਸ਼ੂ, ਅਣਪੜ, ਰੋਗੀ ਅਤੇ

ਅਬਲਾ ਸਮਾਨ ਸਮਝਦਾ ਸੀ। ਪਰ ਉਹਦਾ ਚਿੰਤਨ ਅਜਿਹਾ ਸੀ ਕਿ ਅਫਲਾਤੂਨ ਔਰਤਾਂ ਦੀ ਬਰਾਬਰੀ ਦਾ ਮੁੱਦਈ ਹੋ ਗਿਆ। ਅਫਲਾਤੂਨ ਅਨੁਸਾਰ ਰਾਜ ਕਰਨ ਦੀ ਕਲਾ ਕਿਸੇ ਵਿਸ਼ੇਸ਼ ਗੁੱਟ ਦੇ ਹਿੱਤ ਪੂਰਨਾ ਨਹੀਂ ਸਗੋਂ ਸਮੁੱਚੇ ਭਾਈਚਾਰੇ ਦੀ ਵਧ ਤੋਂ ਵੱਧ ਖੁਸ਼ੀ ਪੈਦਾ ਕਰਨਾ ਹੈ। ਸਰਕਾਰ ਦਾ ਕੰਮ ਬੰਦਿਆ ਦੀਆਂ ਜ਼ਿੰਦਗੀਆਂ ਦੀ ਰੱਖਿਆ ਕਰਨ ਦੇ ਨਾਲ ਨਾਲ ਉਹਨਾਂ ਦੇ ਆਚਾਰ ਨੂੰ ਸੁਧਾਰਨਾ ਵੀ ਹੈ। ਇਸ ਕੰਮ ਲਈ ਵਿਦਿਆ ਅਤੇ ਕਾਨੂੰਨ ਬਹੁਤ ਸਹਾਈ ਹੋ ਸਕਦੇ ਹਨ। ਅਫਲਾਤੂਨ ਅਨੁਸਾਰ ਸਮਾਜ ਦੀ ਬੁਰਾਈ ਦਾ ਕਾਰਨ ਇਹ ਹੈ ਕਿ ਬੰਦਿਆ ਨੂੰ ਆਪੇ ਨਾਲ ਲੋੜੋਂ ਵੱਧ ਸਨੇਹ ਹੈ। ਹੋਰ ਵੀ ਮਾੜੀ ਗੱਲ ਇਹ ਕਿ ਉਹਨਾਂ ਨੇ ਰੂਹ ਨੂੰ ਪ੍ਰਥਮਤਾ ਅਤੇ ਫੇਰ ਸਰੀਰ ਦਾ ਫਿਕਰ ਤਾਂ ਕੀ ਕਰਨਾ ਸੀ ਉਹ ਮਲਕੀਅਤ ਨੂੰ ਪਹਿਲ ਦਿੰਦੇ ਹਨ। ਖੁਦਗਰਜ਼ੀ ਅਤੇ ਵੰਡੀਆਂ-ਪਾਊ ਹਿੱਤਾਂ ਦਾ ਇਹੀ ਇਲਾਜ ਹੈ ਕਿ ਨਿੱਜੀ ਜਾਇਦਾਦ ਨੂੰ ਖਤਮ ਕਰ ਦਿੱਤਾ ਜਾਵੇ। ਸ਼ਹਿਰੀ ਰਿਆਸਤ ਦਾ ਮਨੋਰਥ ਕੇਵਲ ਇਕਸੁਰਤਾ ਹੀ ਨਹੀਂ ਸਗੋਂ ਹਿੱਤ ਦੀ ਏਕਤਾ ਵੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਸਾਰੇ ਸ਼ਹਿਰੀ ਇਕੋ ਸਮੇਂ ਕਿਸੇ ਕਾਰਨ ਦੁੱਖ ਜਾਂ ਸੁੱਖ ਦਾ ਅਨੁਭਵ ਕਰਨ। ਪਰ ਜਾਇਦਾਦ ਦਾ ਤਿਆਗ ਆਮ ਆਦਮੀ ਨਹੀਂ ਕਰ ਸਕਦੇ, ਇਹ ਕੰਮ ਉੱਤਮ ਪੁਰਸ਼ ਹੀ ਕਰ ਸਕਦੇ ਹਨ। ਕੇਵਲ ਰਾਜ ਸ਼ਰੇਣੀ ਦੇ ਰਾਖੇ ਹੀ ਜਾਇਦਾਦ ਦੀ ਸਾਂਝ ਅਤੇ ਹਿੱਤਾਂ ਦੀ ਏਕਤਾ ਦੇ ਉਦੇਸ਼ ਨੂੰ ਪੂਰਾ ਕਰ ਸਕਦੇ ਹਨ। ਮਨੁੱਖ ਨੂੰ ਉਸੇ ਗੱਲ ਦਾ ਫਿਕਰ ਹੁੰਦਾ ਜਿਸ ਨਾਲ ਉਹਦਾ ਪਿਆਰ ਹੋਵੇ। ਇਸ ਕਰਕੇ ਅਮੀਰਾਂ ਦੇ ਪਰਾਈਵਤ ਹਿੱਤਾਂ ਨੂੰ ਸਿਆਸੀ ਸ਼ਕਤੀ ਨਾਲ ਰਲਾਇਆ ਨਹੀਂ ਜਾ ਸਕਦਾ। ਇੰਝ ਸ਼ਹਿਰੀ ਗਣਤੰਤਰ(city state)ਦੀ ਤਬਾਹੀ ਹੋ ਜਾਵੇਗੀ। ਜੇ ਨਿਰਜਿੰਦ ਜਾਇਦਾਦ ਦੀ ਸਾਂਝ ਸ਼ਹਿਰ ਦੀ ਏਕਤਾ 'ਚ ਸਹਾਈ ਹੁੰਦੀ ਹੈ ਤਾਂ ਸਜਿੰਦ ਬੱਚੇ ਬੀਵੀਆਂ ਦੀ ਸਾਂਝ ਨਾਲ ਏਕਤਾ ਵਿਚ ਹੋਰ ਵੀ ਵਾਧਾ ਹੋਵੇਗਾ। ਇਸ ਤਰ੍ਹਾਂ ਟੱਬਰ ਦੀ ਸੰਸਥਾ ਖਤਮ ਹੋ ਜਾਂਦੀ ਹੈ। ਜਿਵੇਂ ਪਰਾਈਵਤ ਜਾਇਦਾਦ ਸਮਾਜੀ ਏਕੇ ਦੀ ਦੁਸ਼ਮਣ ਹੈ, ਇੰਝ ਹੀ, ਅਫਲਾਤੂਨ ਅਨੁਸਾਰ, ਪਰਾਈਵਤ ਬੀਵੀਆਂ ਵੰਡਪਾਊ ਅਤੇ ਉਪੱਦਰ ਦਾ ਬਾਇਸ ਹਨ। ਹੈਰਾਨੀ ਦੀ ਗੱਲ ਹੈ ਕਿ ਮਨੁੱਖ ਸ਼ੈਆਂ ਨਾਲ ਘਰ ਭਰ ਕੇ ਉਹ ਨੂੰ ਔਰਤ ਦੇ ਹਵਾਲੇ ਕਰ ਦਿੰਦਾ ਹੈ। ਅਫਲਾਤੂਨ ਜਾਇਦਾਦ ਨੂੰ ਸਾਂਝੀ ਕਰਨ ਲਈ ਟੱਬਰ ਦੀ ਸੰਸਥਾ ਨੂੰ ਮੁਕਾਉਣਾ ਚਾਹੁੰਦਾ ਹੈ। ਯੂਨਾਨੀ ਲਿਖਾਰੀਆਂ ਵਿਚ ਟੱਬਰ ਦਾ ਬਹੁਤਾ ਪ੍ਰਵੇਸ਼ ਨਹੀਂ ਹੈ ਅਤੇ ਨਾ ਹੀ ਉਹਨਾਂ ਦਾ ਟੱਬਰ ਨਾਸ ਭਾਵਕ ਮਾਨਸਿਕ ਲਗਾਉ ਸੀ। ਦੂਸਰੇ ਅਫਲਾ-ਤੂਨ ਦੇ ਸਮੇਂ ਟੱਬਰ ਗਣ (clan) ਤੋਂ ਹੁਣੇ ਹੁਣੇ ਪਾਟਿਆ ਸੀ ਅਤੇ ਬੰਦੇ ਦੀ ਨਗਰ ਨਾਲ ਸੰਪੂਰਨ ਵਫਾਦਾਰੀ ਅਜੇ ਬਣੀ ਨਹੀਂ ਸੀ। ਅਫਲਾਤੂਨ ਅਨੁਸਾਰ ਟੱਬਰ ਦੇ ਖਾਤਮੇ ਨਾਲ ਸਾਰੀ ਰਾਜ ਸ਼ਰੇਣੀ ਦੀ ਰਿਸ਼ਤੇ-ਦਾਰੀ ਬਣ ਜਾਵੇਗੀ। ਨਾ ਹੀ ਉਹ ਜੰਗ ਵਿਚ ਆਪਣੇ ਭਾਈਆਂ ਨੂੰ ਛੱਡਕੇ ਭੱਜ ਸਕਣਗੇ। ਅਫਲਾਤੂਨ ਔਰਤ ਦੀ ਬਰਾਬਰੀ ਅਤੇ ਟੱਬਰ ਦੇ ਖਾਤਮੇ ਦੇ ਸਬੰਧ ਨੂੰ ਬਾਰੀਕਬੀਨੀ ਨਾਲ ਸਮਝਦਾ ਹੈ।

ਅਫਲਾਤੂਨ ਨੇ ਔਰਤ ਬਾਰੇ ਵਿਚਾਰ ਸ਼ਾਇਦ ਸੁਕਰਾਤ ਤੋਂ ਲਏ ਸਨ ਕਿ ਔਰਤ ਮਰਦ ਤੋਂ ਮਾੜੀ ਨਹੀਂ, ਦੋਹਾਂ ਦੀ ਉੱਤਮਤਾ ਇਕੋ ਹੈ। ਕਿਸੇ ਕੰਮ ਲਈ ਯੋਗਤਾ ਬੰਦੇ ਦੀ 'ਰੂਹ' 'ਤੇ ਨਿਰਭਰ ਹੈ। ਜੁੱਤੀਆਂ ਬਣਾਉਣ ਲਈ ਚਮਾਰ ਦਾ ਗੰਜ ਜਾਂ ਉਹਦੇ ਸੰਘਣੇ ਵਾਲ ਬੇ-ਮਤਲਬ ਹਨ। ਲਿੰਗ ਦਾ ਰੂਹ ਨਾਲ ਤੁਅੱਲਕ ਵਾਲਾਂ ਸਮਾਨ ਹੈ। ਮਰਦ ਔਰਤ ਸੱਜੇ ਖੱਬੇ ਹੱਥਾਂ ਵਾਂਗੂ ਹਨ ਕੇਵਲ ਵਰਤੋਂ ਨੇ ਉਹਨਾਂ ਵਿਚ ਫਰਕ ਪਾਇਆ ਹੈ, ਔਰਤਾਂ ਵੀ 'ਰਖਵਾਲੀ' ਸ਼ਰੇਣੀ ਵਿਚ ਆ ਸਕਦੀਆਂ ਹਨ। ਇਸ ਨਾਲ ਉਹਦੇ 'ਮਾਤਾ' ਵਾਲੇ ਅਤੇ ਬੱਚੇਪਾਲ ਰੋਲ ਵਿਚ ਫਰਕ ਆਉਂਦਾ ਹੈ। 'ਰਖਵਾਲਾ' ਸ਼ਰੇਣੀ ਵਿਚ ਪ੍ਰੰਪਰਿਕ ਲਿੰਗ-ਆਧਾਰਿਤ ਰੋਲ ਮੁੱਕ ਜਾਂਦੇ ਹੈ।

ਪਰ ਅਫਲਾਤੂਨ ਮਹਿਕੂਮ ਜਮਾਤਾਂ ਲਈ ਟੱਬਰ ਦੀ ਜਿਥਾਂ ਨੂੰ ਕਾਇਮ ਰਖਦਾ ਹੈ। ਅਫਲਾਤੂਨ ਦੀ 'ਕਾਨੂੰਨ' ਨਾਮੀ ਕਿਤਾਬ ਵਿਚ ਰਿਆਸਤ ਦੀ ਨੀਂਹ ਵਿਅਕਤੀ ਨਹੀਂ ਸਗੋਂ ਟੱਬਰ ਹੈ। ਇਸ ਕਰਕੇ ਟੱਬਰ ਦੀ ਸੰਸਥਾ ਅਤੇ ਔਰਤ ਦੀ ਨਾਬਰਾਬਰੀ ਵੀ ਕਾਇਮ ਹੈ।

ਅਸਲੀਅਤ ਤਾਂ ਇਹ ਹੈ ਕਿ ਮਰਦ ਅਤੇ ਔਰਤ ਦੇ ਸੁਭਾਵ 'ਚ ਫਰਕ ਇਸ ਲਈ ਹੈ ਕਿ ਇੱਕ ਨੂੰ ਵਿਦਿਆ ਦਿੱਤੀ ਜਾਂਦੀ ਹੈ ਅਤੇ ਦੂਸਰੇ ਨੂੰ ਰਸੋਈ ਸਿੱਖਿਆ। ਬੱਚਪਨ ਤੋਂ ਹੀ ਉਹਨਾਂ ਦੀ ਸਮਾਜਕਾਰੀ (socialization) ਅਜਿਹੀ ਹੁੰਦੀ ਹੈ ਕਿ ਮਾਪੇ ਅਤੇ ਹੋਰ ਵਿਅਕਤੀ ਮੁੰਡੇ ਤੋਂ ਇਕ ਕਿਸਮ ਦੇ ਵਿਹਾਰ ਦੀ ਮੰਗ ਕਰਦੇ ਹਨ ਅਤੇ ਲੜਕੀ ਤੋਂ ਵਖਰੀ ਉਠਣੀ-ਬਹਿਣੀ ਦੀ। ਇਸ ਕਰ ਕੇ ਸਾਨੂੰ ਇਸਤ੍ਰੀ ਪੁਰਸ਼ ਦੇ ਸੁਭਾਵਾਂ ਦੇ ਯਥਾਰਥਿਕ ਅੰਤਰ ਦਾ ਤਾਂ ਕੀ ਪਤਾ ਹੋਣਾ ਸੀ ਸਾਨੂੰ ਤਾਂ ਉਹਨਾਂ ਦੀਆਂ ਆਪਣੀ ਆਪਣੀ ਸੰਭਾਵਾ-ਨਵਾਂ ਦਾ ਵੀ ਪਤਾ ਨਹੀਂ।

ਪੁਰਸ਼ ਤੋਂ ਸਰੇਸ਼ਟਤਾ, ਮਰਦਾਨਗੀ ਦੀ ਮੰਗ ਕੀਤੀ ਜਾਂਦੀ ਹੈ, ਇਸਤਰੀ ਨੂੰ ਸ਼ੀਲ ਲਜਿਆਵੰਤੀ ਹੋਣ ਲਈ ਕਿਹਾ ਜਾਂਦਾ ਹੈ। ਇਹ ਉਹਨਾਂ ਦੀ ਪ੍ਰਕਿਰਤੀ ਨਹੀਂ, ਸਗੋਂ ਉਹਨਾਂ ਦੀਆਂ ਪ੍ਰਕਿਰਤੀਆਂ ਨੂੰ ਵੱਖਰੇ ਵੱਖਰ ਤਰੀਕੇ ਨਾਲ ਢਾਲਣ ਦਾ ਆਦੇਸ਼ ਹੈ। ਇਸ ਕਰਕੇ ਜਦੋਂ ਇਹ ਕਿਹਾ ਜਾਂਦਾ ਹੈ ਕਿ ਬਰਾਬਰੀ, ਬੱਚੇ

ਪਾਲਣਾ, ਘਰ ਸੰਭਾਲਣਾ ਔਰਤ ਦੀ ਪ੍ਰਕਿਰਤੀ ਹੈ ਤਾਂ ਇਹਦਾ ਮਤਲਬ ਇਹ ਹੁੰਦਾ ਹੈ ਕਿ ਇਹ ਉਹ ਦੀ 'ਆਦੇਸ਼ਿਕ ਪ੍ਰਕਿਰਤੀ' ਹੈ । ਦਰ ਅਸਲ 'ਪ੍ਰਕਿਰਤੀ' ਦੇ ਬਹਾਨੇ ਉਹਨਾਂ ਵਖਰੇਵਿਆਂ ਨੂੰ ਕਾਇਮ ਰਖਣਾ ਹੁੰਦਾ ਹੈ ਜਿਹੜੇ ਸਮਾਜ ਨੇ ਪਹਿਲਾਂ ਹੀ ਬਣਾਏ ਹੁੰਦੇ ਹਨ। 'ਪ੍ਰਕਿਰਤਕ' ਉਹ ਹੈ ਜੋ ਸਮਾਜ ਕਹਿੰਦਾ ਹੈ ।

ਅਰਸਤੂ ਦੇ ਫਲਸਫੇ ਦਾ ਉਦੇਸ਼ ਜਗਤ ਵਿਹਾਰ ਨੂੰ ਸਮਝਣਾ ਹੈ ਅਤੇ ਇਹ ਵਿਆਖਿਆ ਕਰਨੀ ਹੈ ਕਿ ਪ੍ਰਚਲਤ ਵਿਹਾਰ ਕਿਉਂ ਚਲ ਰਿਹਾ ਹੈ । ਇਹ ਵਿਹਾਰ ਹੋਰ ਕਿਵੇਂ ਨਹੀਂ ਹੋ ਸਕਦਾ, ਇਹ ਸਦੀਵੀ ਹੈ। ਅਰਸਤੂ ਰੂੜੀਵਾਦੀ ਦਰਸ਼ਨਕਾਰ ਹੈ । ਉਹ ਅਫਲਾਤੂਨ ਵਾਂਗੂੰ ਨਿਆ, ਤਰਕ, ਪ੍ਰਕਿਰਤੀ ਦੀ ਦ੍ਰਿਸ਼ਟੀ ਤੋਂ ਵਿਹਾਰਕ ਯਥਾਰਥ ਦੀ ਪੜਚੋਲ ਨਹੀਂ ਕਰਦਾ । (function) ਸ਼ੈਆਂ ਇਸ ਕਰਕੇ ਸ਼ੈਆਂ ਹਨ ਕਿਉਂਕਿ ਉਹ ਕੋਈ ਕਾਰਜ ਕਰਦੀਆਂ ਹਨ । ਉਹਨਾਂ ਦਾ ਕਾਇਮ ਰਹਿਣਾ ਹੀ ਉਹਨਾਂ ਦੀ ਕਾਰਜਤਾ ਦਾ ਸਬੂਤ ਹੈ । ਇਕ ਗਲ ਦਾ ਕਾਰਜ ਕਿਸੇ ਦੂਸਰੀ ਚੀਜ ਲਈ ਹੈ। ਸਦ ਅਤੇ ਅੰਗ ਜੀਵ ਲਈ ਹਨ, ਜੀਵ ਸਮਾਜ ਲਈ, ਸਮਾਜ ਜਗਤ ਲਈ ਛੋਟਾ ਵਡੇ ਲਈ,(ਸਮਾਜ ਜਗਤ ਲਈ ਵੱਡੇ ਲਈ) ਨੀਵਾਂ ਉੱਚੇ ਲਈ । ਉਹਦਾ ਦਰਸ਼ਨ ਜਾਤ ਸਰਚਨਾ (hierarchy) ਦਾ ਹੈ । ਅਰਸਤੂ ਅਨੁਸਾਰ ਮਨੁੱਖ ਦੀ ਵਿਸ਼ੇਸ਼ਤਾ ਤਰਕ ਹੈ। ਮਨੁੱਖ ਨੂੰ ਚੰਗੀ ਜ਼ਿੰਦਗੀ ਲਈ ਤਰਕ ਤੋਂ ਇਲਾਵਾਂ ਅਸਾਸੇ ਦੀ ਲੋੜ ਹੈ ਜਿਸ ਵਿਚ ਧਨ, ਮਿੱਤਰ, ਬੱਚੇ, ਵਿਹਲ, ਕੁਲੀਨ ਘਰਾਣਾ ਅਤੇ ਸੁੰਦਰਤਾ ਦੀ ਲੋੜ ਹੈ। ਪਸ਼ੂ ਅਤੇ ਮਨੁੱਖਾਂ ਦੀ ਬਹੁਗਿਣਤੀ ਇਸ ਲਈ ਹੈ ਕਿ ਉਹ 'ਕੁਝ' ਕੁ ਲਈ ਆਰਾਮ, ਲੋੜਾਂ ਦਾ ਬੰਦੋਬਸਤ ਕਰਨ ਤਾਂ ਜੋ 'ਕੁਝ' ਆਪਣੇ ਤਾਰਕਿਕ ਜੀਵਨ 'ਚ ਸੁਖੀ ਰਹਿਣ । ਔਰਤਾਂ, ਗ਼ੁਲਾਮ, ਕਾਰੀਗਰ, ਵਿਪਾਰੀ 'ਕੁਝ' ਦੇ ਸਾਧਨ ਹਨ।

ਕਈ ਸੁਭਾਵਕ ਹਾਕਮ ਅਤੇ ਬਾਕੀ ਆਪਣੀ ਪ੍ਰਕਿਰਤੀ ਦੇ ਪੱਖੋਂ ਸੁਭਾਵਕ ਗੁਲਾਮ ਹੁੰਦੇ ਹਨ ਅਤੇ ਇਹ ਸਬੰਧ ਦੋਹਾਂ ਦੇ ਫਾਇਦੇ ਵਿਚ ਹੈ । ਇਹੀ ਮਰਦ ਔਰਤ ਦਾ ਸਬੰਧ ਹੈ । ਮਰਦ ਦਇਆਵਾਨ ਤੇ ਇਸਤ੍ਰੀ ਦਇਆ ਦਾ ਪਾਤਰ ਹੈ ਮਨੂ ਦੀ ਵਰਨ-ਸਮਾਜ ਵਾਂਗੂੰ ਅਰਸਤੂ ਲਈ ਸ਼ਿਵ (good) ਉਹ ਹੈ ਜਿਹੜਾ ਜਾਤ- ਸਰਚਨਾ 'ਚ ਆਪਣਾ ਕਾਰਜ ਕਰਦਾ ਹੈ । ਔਰਤ ਮਰਦ ਨਾਲੋਂ ਮਾੜੀ ਹੈ (ਉਹਦੇ ਮਨੁੱਖ ਨਾਲੋਂ ਦੋ ਦੰਦ ਘੱਟ ਹੁੰਦੇ ਹਨ !) ਟੱਬਰ ਨਿਤਾਪ੍ਰਤੀ ਲੋੜਾਂ ਦੀ ਪੂਰਤੀ ਲਈ ਹੈ । ਨਗਰ ਮਨੁੱਖ ਦੇ ਉਚੇਰੇ ਤਾਰਕਿਕ ਜੀਵਨ ਲਈ ਹੈ । ਗੁਲਾਮ ਦਾ ਕਾਰਜ ਕੰਮ ਹੈ, ਔਰਤ ਦਾ ਕਾਰਜ ਜਣੇਪਾ ਹੈ। ਜਨਣ ਦੀ ਪ੍ਰਕਿਰਿਆ ਅਜਿਹੀ ਹੈ ਕਿ ਮਰਦ ਵੀਰਜ ਰਾਹੀਂ ਬੱਚੇ ਨੂੰ ਆਤਮਾਂ ਪ੍ਰਦਾਨ ਕਰਦਾ ਹੈ ਅਤੇ ਉਹਦਾ ਸਰੀਰ ਔਰਤ ਦੇ ਮਹਵਾਰੀ ਖ਼ੂਨ ਤੋਂ ਬਣਦਾ ਹੈ ਸਰੀਰ ਆਤਮਾ ਲਈ ਹੁੰਦਾ ਹੈ । ਅਰਸਤੂ ਅਨੁਸਾਰ ਔਰਤ ਮਰਦ ਦਾ ਵਿਗੜ ਰੂਪ ਹੈ, ਉਹ ਬਾਂਝ ਮਰਦ ਹੈ। ਪੁਰਸ਼ ਵਿਸ਼ੇਸ਼ ਉਪਰੋਕਤ ਯੋਗਤਾ ਕਾਰਨ ਪੁਰਸ਼ ਹੈ ਅਤੇ ਇਸਤ੍ਰੀ ਅਯੋਗਤਾ ਕਾਰਨ ਇਸਤ੍ਰੀ ਹੈ ।

ਵਿਆਹ ਦੀ ਸੰਸਥਾ ਦਾ ਮੰਤਵ ਰਿਆਸਤ ਲਈ ਸਿਹਤਮੰਦ ਮਰਦ ਪੈਦਾ ਕਰਨਾ ਹੈ । ਬੰਦਾ ਰਾਜਨੀਤਕ ਅਤੇ ਗ੍ਰਿਹਸਤੀ ਜੀਵ ਹੈ । ਮਨੁੱਖ ਦਾ ਕਾਰਜ ਕਮਾਉਣਾ ਅਤੇ ਇਸਤ੍ਰੀ ਦਾ ਕੰਮਸੰਭਾਲਣਾ ਹੈ । ਅਰਸਤੂ ਦੇ ਜਾਤ ਸਰਚਨਾ ਜਗਤ ਵਿਚ ਲਿੰਗ ਰੋਲ ਠੀਕ ਹਨ । ਅਰਸਤੂ ਅਨੁਸਾਰ ਨਾਬਰਾਬਰ ਸਬੰਧ ਵਿਚ ਆਦਰ, ਮਾਣ, ਪਿਆਰ ਵੀ ਇਕ ਦੂਸਰੇ ਦੀ ਯੋਗਤਾ ਦੇ ਅਨੁਪਾਤ 'ਚ ਹੋਣੇ ਚਾਹੀਦੇ ਹਨ । ਇਸ ਕਰਕੇ ਔਰਤ ਨੂੰ ਖਾਵੰਦ ਦੀ ਤਹਿ ਦਿਲ ਨਾਲ ਖਿਦਮਤ ਕਰਨੀ ਚਾਹੀਦੀ ਹੈ ਕਿਉਂਕਿ ਉਸ ਨੇ ਔਰਤ ਨੂੰ ਆਪਣਾ ਸਾਥੀ ਅਤੇ ਬਚਿਆਂ ਦੀ ਜਨਣੀ ਬਨਾਉਣ ਲਈ ਕਾਫੀ ਕੀਮਤ ਦਿਤੀ ਹੈ । ਉਹਦੇ ਅਨੁਸਾਰ ਕੇਵਲ ਹਾਕਮਾਂ ਨੂੰ ਹੀ ਤਰਕ ਦੇ ਪੂਰੇ ਕੋਟੇ (Quota) ਦੀ ਲੋੜ ਹੈ । ਹਾਕਮਾਂ ਵਿਚ ਉਪਯੋਗੀ ਸਿਆਣਪ ਚਾਹੀਦੀ ਹੈ ਪਰ ਔਰਤਾਂ ਗ਼ੁਲਾਮ ਆਦਿ ਲਈ 'ਸਹੀ ਰਾਏ' (right opinion) ਹੀ ਕਾਫੀ ਹੈ

ਅਰਸਤੂ ਲਈ ਔਰਤ ਸਾਧਨ ਹੈ ਅਤੇ ਮਰਦ ਮੰਤਵ । ਉਹ ਔਰਤ ਨੂੰ ਅਜਿਹੀਆਂ ਕੀਮਤਾਂ values ਦਿੰਦਾ ਹੈ ਜਿਹੜੀਆਂ ਉਹਦੇ ਕਾਰਜ ਜਾਂ ਆਦੇਸ਼ਿਕ ਪ੍ਰਕਿਰਤੀ ਅਨੁਸਾਰ ਹਨ । ਫੇਰ ਜਦ ਉਹ ਮਰਦ-ਕੀਮਤਾਂ ਨੁਕਤੇ ਤੋਂ ਮੁਲੰਕਨ ਕਰਦਾ ਹੈ ਤਾਂ ਉਹ ਮਾੜੀ ਸਿੱਧ ਹੁੰਦੀ ਹੈ ਉਹਦੇ ਅਨੁਸਾਰ ਔਰਤਾਂ ਮਰਦ ਪੈਦਾ ਕਰਨ ਲਈ ਹਨ ਪਰ ਐਮੇਜ਼ਨ (Amazon) ਲੜਾਕਾ ਔਰਤਾਂ ਕਹਿ ਸਕਦੀਆਂ ਸਨ ਕਿ ਮਰਦ ਔਰਤਾਂ ਪੈਦਾ ਕਰਨ ਲਈ ਹਨ। ਅਰਸਤੂ 'ਕੁਝ' ਦੇ ਵਿਹਲ ਭਰੇ ਸਵਤੰਤਰ ਜੀਵਨ ਤੋਂ ਬਿਨਾਂ ਹੋਰ ਕਿਸੇ ਵਰਗ ਜਾਂ ਲਿੰਗ ਦੀਆਂ ਸੰਭਾਵਨਾਵਾਂ ਵਿਚ ਰੁਚੀ ਨਹੀਂ ਰਖਦਾ । ਜਿਹੜੇ ਕਿ ਸੁਭਾਵਕ ਹੀ ਨਿਮਨ-ਮਨੁੱਖੀ ਹੋਂਦ ਵਿਚ ਡਿੱਗ ਪੈਂਦੇ ਹਨ । ਕਿਉਂਕਿ ਪੁਰਸ਼ ਮੰਤਵ ਅਤੇ ਇਸਤ੍ਰੀ ਸਾਧਨ ਹੈ ਇਸ ਲਈ ਮਰਦ ਦੀ ਸ਼ਖਸੀਅਤ ਦੇ ਉਜਾਗਰ ਹੋਣ ਦਾ ਨਤੀਜਾ ਔਰਤ ਦੇ ਵਿਅਕਤੀਤਵ ਦਾ ਖ਼ਾਤਮਾ ਹੈ ।

ਰੂਸੋ ਦੀ ਇਹ ਗੱਲ ਲਈ ਪ੍ਰਸੰਸਾ ਕੀਤੀ ਜਾਂਦੀ ਹੈ ਕਿ ਉਹ ਪ੍ਰਕਿਰਤਕ ਨੂੰ ਦੈਵੀ ਬਣਾਉਂਦਾ ਹੈ । ਰੂਸੋ ਪ੍ਰਕਿਰਤਕ ਮਨੁੱਖ ਦੀ ਖੋਜ ਲਈ ਪ੍ਰਕਿਰਤਕ ਸਥਿਤੀ state of nature ਦਾ ਆਧਾਰ ਮਿੱਥਦਾ ਹੈ । ਉਹ ਇਸ ਤੋਂ ਮਨੁੱਖੀ ਨਾ ਬਰਾਬਰੀ ਅਤੇ ਸਭਿਆ ਗਿਰਾਵਟ ਦਾ ਅਨੁਮਾਨ ਲਾਉਂਦਾ ਹੈ । ਮੌਲਿਕ ਪ੍ਰਕਿਰਤਕ ਸਥਿਤੀ ਵਿਚ ਬੰਦੇ ਕੱਲ ਕਲਾਪੇ ਖਾਨਾਂ ਬਦੋਸ਼ਾਂ ਵਾਂਗੂੰ ਰਹਿੰਦੇ

ਸਨ। ਉਦੋਂ ਲਿੰਗ ਪ੍ਰਵਿਰਤੀ ਅਜੋਕੇ ਪਿਆਰ ਨਾਲੋਂ ਵੱਖਰੀ ਸੀ। ਇਸ ਸਮੇਂ ਕੇਵਲ ਔਰਤਾਂ ਹੀ ਬੱਚਿਆਂ ਦੇ 'ਮਾਪੇ' ਹੁੰਦੀਆਂ ਸਨ। ਇਸਤ੍ਰੀ ਆਪਣੇ ਬੱਚੇ ਨੂੰ ਕਿਸੇ ਮਾਤ ਪ੍ਰਵਿਰਤੀ ਲਈ ਨਹੀਂ ਸਗੋਂ ਆਪਣ ਸਰੀਰਕ ਸੁੱਖ ਲਈ ਦੁੱਧ ਚੁੰਘਾਉਂਦੀ ਸੀ ਤੇ ਉਹ ਆਪਣੀ ਰਖਸ਼ਾ ਕਰਨ ਦੇ ਯੋਗ ਸੀ। ਰੂਸੋ ਅਨੁਸਾਰ ਭਾਵੇਂ ਪੁਰਸ਼ ਇਸਤ੍ਰੀ ਦਾ ਸਥਾਈ ਮਿਲਾਪ ਲਾਹੇਵੰਦ ਹੈ ਪਰ ਇਹਦਾ ਮਤਲਬ ਇਹ ਨਹੀਂ ਕਿ ਇਹ ਪ੍ਰਕਿਰਤੀ ਨੇ ਸਥਾਪਤ ਕੀਤਾ ਹੈ। ਜੇ ਇਹ ਹੋਵੇ ਤਾਂ ਸਾਨੂੰ ਕਹਿਣਾ ਪਵੇਗਾ ਕਿ ਸਮਾਜ, ਸ਼ਿਲਪ ਅਤੇ ਬਿਉਪਾਰ ਵੀ ਕੁਦਰਤ ਨੇ ਬਣਾਏ ਹਨ ਜਿਹੜੀ ਗੱਲ ਗਲਤ ਹੈ ਆਚਾਰਿਕ ਦਲੀਲਾਂ ਦਾ ਪ੍ਰਕਿਰਤੀ 'ਚ ਕੋਈ ਥਾਉਂ ਨਹੀਂ। ਇਹ ਸਥਾਪਤ ਤੱਥਾਂ ਦੇ ਹੱਕ ਵਿਚ ਦਲੀਲਾਂ ਬਣ ਜਾਂਦੀਆਂ ਹਨ ਨਾ ਕਿ ਤੱਥਾਂ ਦੇ ਸਹੀ ਯਥਾਰਥ ਨੂੰ ਦਰਸਾਉਂਦੀਆਂ ਹਨ। ਬੰਦਾ ਪ੍ਰਕਿਰਤਕ ਸਥਿਤੀ ਵਿਚ ਸੁਭਾਵਕ ਹੀ ਚੰਗਾ ਹੈ। ਖ਼ੁਦਗਰਜ਼ੀ ਮਨੁੱਖੀ ਸੰਪਰਕ ਤੋਂ ਬਾਦ ਆਉਂਦੀ ਹੈ। ਪ੍ਰਕਿਰਤਕ ਸਥਿਤੀ ਸਿਵਲ ਸਮਾਜ ਵਿਚ ਉਦੋਂ ਬਦਲਦੀ ਹੈ ਜਦੋਂ ਜ਼ਮੀਨ ਦੀ ਨਿੱਜੀ ਮਲਕੀਅਤ ਅਤੇ ਖੇਤੀਬਾੜੀ ਅਤੇ ਧਾਤਵਿਦਿਆ ਵਿਚ ਪ੍ਰੀਸ਼ਰਮ ਦੀ ਵੰਡ ਹੁੰਦੀ ਹੈ। ਬੰਦੇ ਪੂਰਨ ਤਰੀਕੇ ਨਾਲ ਆਤਮ-ਨਿਰਭਰ ਨਹੀਂ, ਇਸ ਲਈ ਇਕ ਦੂਸਰੇ ਦੀ ਲੁੱਟ ਸ਼ੁਰੂ ਕਰਦੇ ਹਨ। ਰੂਸੋ ਪ੍ਰਕਿਰਤਕ ਸਥਿਤੀ ਤੋਂ ਇੰਨਾ ਕੁ ਦੂਰ ਹੋਣਾ ਚਾਹੁੰਦਾ ਹੈ ਪਰ ਇਸ ਤੋਂ ਜ਼ਿਆਦਾ ਨਹੀਂ। ਇਹ ਤਕਰੀਬਨ ਆਤਮ ਨਿਰਭਰ, ਪੇਂਡੂ ਪੁਰਸ਼ ਪ੍ਰਧਾਨ ਟੱਬਰ ਦਾ ਸਮਾਂ ਸੀ ਜਿਹੜਾ ਰੂਸੋ ਦਾ 'ਸੁਨਹਿਰੀ ਯੁਗ' ਹੈ। ਏਸ ਪਹਿਲੇ ਇਨਕਲਾਬ ਨਾਲ ਲਿੰਗ ਅਨੁਸਾਰ ਪ੍ਰੀਸ਼ਰਮ ਦੀ ਵੰਡ ਸ਼ੁਰੂ ਹੁੰਦੀ ਹੈ। ਔਰਤ ਦੀ ਜ਼ਿੰਦਗੀ ਇਕ ਥਾਂ ਬੱਝਵੀਂ ਬੱਚੇ ਅਤੇ ਘਰ ਸੰਭਾਲ ਵਾਲੀ ਹੋ ਜਾਂਦੀ ਹੈ। ਇਸ ਤਰ੍ਹਾਂ ਅੱਧੀ ਮਨੁੱਖਤਾ ਆਤਮ-ਨਿਰਭਰਤਾ ਗੁਆਕੇ ਸੁਤੰਤਰਤਾ ਅਤੇ ਬਰਾਬਰੀ ਤੋਂ ਹੱਥ ਧੋ ਲੈਂਦੀ ਹੈ। ਰੂਸੋ ਨੂੰ ਕੇਵਲ ਮਰਦਾਂ ਦੀ ਨਾਬਰਾਬਰੀ ਦੀ ਫਿਕਰ ਹੈ। ਉਹ ਪੁਰਸ਼ ਪ੍ਰਧਾਨ ਸੁਨਹਿਰੀ ਯੁਗ ਨੂੰ ਬਰਾਬਰੀ ਦਾ ਸਮਾਂ ਕਹਿੰਦਾ ਹੈ।

ਇਸ ਤੋਂ ਬਾਦ ਰੂਸੋ ਇਕ-ਵਿਆਹ ਦੇ ਟੱਬਰ ਨੂੰ ਪ੍ਰਕਿਰਤਕ ਸੰਸਥਾਂ ਸਮਝਦਾ ਹੈ। ਇਸ ਵਿਚ ਮਰਦ ਦਾ ਹੁਕਮ ਚਲਦਾ ਹੈ ਕਿਉਂਕਿ ਔਰਤਾਂ ਬੀਮਾਰ ਹੋ ਜਾਂਦੀਆਂ ਹਨ। ਮਰਦ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹਦੇ ਬੱਚੇ ਵਕਈ ਉਹਦੇ ਹਨ ਕਿਤੇ ਇਹ ਨਾ ਹੋਵੇ ਕਿ ਕੋਈ ਹੋਰ ਭਾਈਆਂ ਦਾ ਹੱਕ ਖੋਹ ਲਵੇ। ਰੂਸੋ ਲਿੰਗ ਤੋਂ ਭੈ ਖਾਂਦਾ ਹੈ। ਉਹਦੀਆਂ ਨਜ਼ਰਾਂ ਵਿਚ ਔਰਤ ਇਸ ਕਰਕੇ ਵੀ ਨਾ ਬਰਾਬਰ ਹੋਣੀ ਚਾਹੀਦੀ ਹੈ ਕਿਉਂਕਿ ਉਹ ਵਧੇਰੇ ਖਤਰਨਾਕ ਹੈ ਆਦਮੀ ਤਾਂ ਕਿਸੇ ਵੇਲੇ ਹੀ ਮਰਦ ਹੁੰਦਾ ਹੈ ਪਰ ਨਾਰ ਹਰ ਵੇਲੇ ਨਾਰੀ ਹੁੰਦੀ ਹੈ

ਰੂਸੋ ਸਮਾਜੀ ਇਕਰਾਰਨਾਮੇ ਦਾ ਸਿਧਾਂਤ ਪੇਸ਼ ਕਰਦਾ ਹੈ ਜਿਸ ਅਨੁਸਾਰ ਬੰਦੇ ਆਪਣੀ ਮਾਰੂ, ਹਿੰਸਕ ਸੁਤੰਤਰਤਾ ਛੱਡਕੇ ਸਾਂਝੇ ਕਾਨੂੰਨ ਵਲ ਹੋ ਗਏ। ਏਸ ਧੋਖੇ ਦੇ ਕਾਰਨ ਸਵੈਨਾਮੀ ਅਜਿਤ ਬੰਦੇ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਗਏ। ਰੂਸੋ ਇਹ ਨਹੀਂ ਦਸਦਾ ਕਿ ਸਵੈਨਾਮੀ ਅਜਿੱਤ ਔਰਤਾਂ ਨੇ ਆਪਣੇ ਲਈ ਕਿਉਂ ਗੁਲਾਮੀ ਸਹੇੜ ਲਈ ਰੂਸੋ ਲਈ ਪ੍ਰਕਿਰਤਕ ਪੁਰਸ਼ ਅਤੇ ਪ੍ਰਕਿਰਤਕ ਨਾਰੀ ਲਈ ਦੋ ਵੱਖਰੇ ਪੈਮਾਨੇ ਹਨ। ਪ੍ਰਕਿਰਤਕ ਮਨੁੱਖ ਮੌਲਿਕ ਪ੍ਰਕਿਰਤਕ ਸਥਿਤੀ ਵਾਲਾ ਹੈ। ਪ੍ਰਕਿਰਤਕ ਸੁਨਹਿਰੀ ਯੁੱਗ ਦੀ ਨਾਰੀ ਦੇ ਰਲ ਵਾਲੀ ਇਸਤ੍ਰੀ ਹੈ-

ਉਹ ਨਿਰਭਰ ਆਗਿਆਕਾਰ ਅਤੇ ਲੱਜਾਵੰਤੀ ਹੈ। ਉਹਦੇ ਅਨੁਸਾਰ ਸਮਾਜ ਨੂੰ ਪੁਰਸ਼ ਪ੍ਰਧਾਨ ਟੱਬਰ ਦੀ ਲੋੜ ਹੈ। ਵੇਖਣ ਦੀ ਗੱਲ ਇਹ ਹੈ ਕਿ ਰੂਸੋ ਦੀ ਔਰਤਾਂ ਬਾਰੇ ਸਮਾਜੀ ਸਹੂਲਤ ਦੀ ਦ੍ਰਿਸ਼ਟੀ ਉਹਦੇ ਦਰਸ਼ਨ ਦੇ ਪ੍ਰਤੀਕੂਲ ਹੈ ਰੂਸੋ ਦਾ ਇਕ ਪਾਤਰ ਕਹਿੰਦਾ ਹੈ ਕਿ ਕਿਸੇ ਚੀਜ਼ ਦੇ ਸਮਾਜਿਕ ਕਾਰਣਾ ਨੂੰ ਕੁਦਰਤ ਦੇ ਸਿਰ ਲਉਣਾ ਅਜੋਕੇ ਸਮੇਂ ਵਿਚ ਦਰਸ਼ਨ ਦੀ ਦੁਰ ਵਰਤੋਂ ਹੈ। ਰੂਸੋ ਅਨੁਸਾਰ ਮਰਦਾਂ ਦੇ ਚਿਤਰਾ ਵਿਚ ਫਰਕ ਉਹਨਾਂ ਦੀ ਵਿਸ਼ਾਲ ਅਰਥਾਂ ਵਿਚ ਵਿਦਿਆ ਕਾਰਨ ਹੈ। ਪਰ ਉਹ ਇਹ ਸਿਧਾਂਤ ਔਰਤਾਂ ਦੇ ਗੁਣਾਂ ਔਗੁਣਾਂ ਤੇ ਲਾਗੂ ਨਹੀਂ ਕਰਦਾ।

ਉਹ ਅਰਸਤੂ ਦੀ ਦਲੀਲ ਠੀਕ ਨਹੀਂ ਸਮਝਦਾ ਕਿ ਕਈ ਬੰਦੇ ਸੁਭਾਵਕ ਗ਼ੁਲਾਮ ਹੁੰਦੇ ਹਨ ਪਰ ਆਪ ਇਸਤ੍ਰੀ ਦੇ ਦਾਸੀਪਨ ਨੂੰ ਪ੍ਰਕਿਰਤਕ ਸਮਝਦਾ ਹੈ।

ਰੂਸੋ ਅਨੁਸਾਰ ਅਮੀਰਾਂ ਨੇ ਗਰੀਬਾਂ ਨੂੰ ਝੂਠੇ ਇਕਰਾਰਨਾਮੇ ਨਾਲ ਭੁਸਲਾ ਕੇ ਉਹਨਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ 'ਚ ਬੰਨ੍ਹ ਦਿੱਤਾ। ਅਜੋਕੀਆਂ ਸਰਕਾਰਾਂ ਹਰ ਕਿਸਮ ਦੀ ਜਾਇਜ਼ਕੁਰਾਰੀ ਦੇ ਬਾਵਜੂਦ ਠੱਗੀ 'ਤੇ ਖੜ੍ਹੀਆਂ ਹਨ। ਰਾਜਨੀਤਕ ਅਧਿਕਾਰ ਦੀ ਸਮੱਸਿਆ ਦਾ ਇਹੀ ਹੱਲ ਹੈ ਕਿ ਉਹ ਠੀਕ ਸਮਾਜੀ ਇਕਰਾਰ-ਨਾਮੇ 'ਤੇ ਚੱਲੇ ਅਤੇ ਲੋਕਾਂ ਦੀ ਮਰਜ਼ੀ ਸਰਵ-ਸ਼ਕਤੀਮਾਨ (Sovereign) ਹੋਵੇ। ਕਿਸੇ ਸਿਆਸੀ ਨਿਜ਼ਾਮ ਦਾ ਮਨੋਰਥ ਸਮਾਜ ਵਿਚ ਵਿਚਰਦੀ ਨਾਬਰਾਬਰੀ ਨੂੰ ਘਟਾਉਣਾ ਹੈ ਨਾ ਕਿ ਵਧਾਉਣਾ। ਪਰ ਰੂਸੋ ਦਾ ਗਨਤੰਤ੍ਰ ਪੁਰਸ-ਪ੍ਰਧਾਨ ਟੱਬਰਾਂ ਦਾ ਗਨਤੰਤ੍ਰ ਹੈ ਜਿਸ ਵਿਚੋਂ ਇਸਤ੍ਰੀਆਂ ਨੂੰ ਸਿਆਸੀ ਤੌਰ 'ਤੇ ਕੱਢ ਦਿੱਤਾ ਗਿਆ ਹੈ ਅਤੇ ਦਮਨ ਦੀ ਕੈਦ ਵਿਚ ਹਨ। ਉਹ 'ਸਮਾਜੀ ਇਕਰਾਰਨਾਮੇ (social-contract) ਨੂੰ ਨਾਬਰਾਬਰੀ ਦੇ ਘਟਾਉਣ ਲਈ ਵਰਤਣਾ ਚਾਹੁੰਦਾ ਹੈ ਪਰ ਇਸਤ੍ਰੀ ਪੁਰਸ਼ ਦੀ ਨਾਬਰਾਬਰੀ 'ਚ ਇਕਰਾਰਨਾਮੇ ਦਾ ਦਖ਼ਲ ਨਹੀਂ ਹੈ। ਕਾਰਨ ਇਹ ਹੈ ਕਿ ਰੂਸੋ ਟੱਬਰ ਦੀ ਸੰਸਥਾ ਨੂੰ ਛੱਡ ਨਹੀਂ ਸਕਦਾ।

ਟੱਬਰ ਭਾਵਨਾਵਾਂ ਦੇ ਆਧਾਰ 'ਤੇ ਹੁੰਦਾ ਹੈ, ਰਿਆਸਤ ਦੀ ਬੁਨਿਆਦ ਮਰਯਾਦਾ (Convention) ਅਤੇ ਆਪਸੀ ਹੱਕ-ਫ਼ਰਜ਼ਾਂ ਦੀ ਹੁੰਦੇ ਹਨ। 'ਰਾਏ ਆਮਾ' ਦਾ ਫਲਾਸਫਰ ਘਰੇਲੂ ਇਕ-ਪੁਰਖੀ ਰਾਜ ਦਾ ਹਾਮੀ ਕਿਵੇਂ ਹੋ ਗਿਆ ? ਅੱਛੀ ਔਰਤ ਦੀ ਜ਼ਿੰਦਗੀ ਆਪਣੇ ਆਪੇ ਨਾਲ ਉਮਰ-ਭਰ ਦੀ ਲੜਾਈ ਹੈ ਕਿਉਂਕਿ ਰੂਸੋ ਅਨੁਸਾਰ ਆਜ਼ਾਦੀ ਨੂੰ ਤਿਆਗਣਾ ਆਪਣੀ ਮਾਨਵਤਾ ਨੂੰ ਤਿਆਗਣਾ ਹੈ। ਸੁਤੰਤਰ ਮਨੁੱਖ ਸੁਭਾਵਕ ਹੀ ਭਲਾ ਹੁੰਦਾ ਹੈ ਪ੍ਰਧੀਨ ਵਿਅਕਤੀ ਬਾਗ਼ੀ, ਬਹਿਬਲ ਅਤੇ ਨਖਿੱਧ ਹੁੰਦਾ ਹੈ।

ਰੂਸੋ ਦੇ ਫਲਸਫੇ ਦਾ ਉਦੇਸ਼ ਸਮਾਜ ਵਿਚ ਮਨੁੱਖੀ ਆਜ਼ਾਦੀ ਨੂੰ ਬਹਾਲ ਕਰਨਾ ਸੀ। ਇਸੇ ਲਈ ਵਿਅਕਤੀ ਇੱਛਿਆ ਦੀ ਥਾਂ ਕਾਨਨ ਦਾ ਰਾਜ ਪੈਦਾ ਕੀਤਾ ਗਿਆ ਹੈ। ਸਮੂਹ ਦੀ ਇਛਿਆ (general will) ਹੀ ਸਰਵ-ਸ਼ਕਤੀਮਾਨ ਹੈ। ਇਸ ਲਈ ਬੰਦੇ ਸਰਵ-ਸ਼ਕਤੀਮਾਨ ਅਧਿਕਾਰੀ ਦੀ ਆਗਿਆਂ ਪਾਲਦੇ ਹੋਏ ਆਪਣੇ ਆਪੇ ਦੇ ਆਗਿਆਕਾਰੀ ਹਨ। ਰੂਸੋ ਦੇ ਮੱਤ ਵਿਚ ਪਰਮ-ਅਧਿਕਾਰ (absolutism) ਅਤੇ ਗੁਲਾਮੀ ਲਈ ਕੋਈ ਥਾਂ ਨਹੀਂ।

ਰੂਸੋ ਦਾ ਔਰਤ ਦਾ ਸੰਕਲਪ ਆਜ਼ਾਦ ਨਾਗਰਿਕ ਵਾਲਾ ਨਹੀਂ। ਲੜਕੀਆਂ ਦੀ ਪੜ੍ਹਾਈ (Home science) ਵਾਲੀ ਹੈ। ਔਰਤ ਦੀ ਖ਼ੁਸ਼ੀ ਕਿਸੇ ਦੇ ਮਾਹਰਫ਼ਤ ਹੁੰਦੀ ਹੈ। ਮਰਦ ਦੀ ਸ਼ਾਨ ਉਹਦੀ ਆਜ਼ਾਦੀ ਹੈ ਅਤੇ ਔਰਤ ਦੀ ਹਿਆ। ਆਦਮੀ ਨੂੰ ਲੋਕੀ ਕੀ ਕਹਿੰਦੇ ਹਨ ਤੋਂ ਬੇ-ਪਰਵਾਹ ਹੋਣਾ ਚਾਹੀਦੀ ਹੈ; ਔਰਤ ਨੂੰ ਇਹਦਾ ਸਭ ਤੋਂ ਜ਼ਿਆਦਾ ਖ਼ਿਆਲ ਰੱਖਣਾ ਚਾਹੀਦਾ ਹੈ। ਲੋਕ ਰਾਏ ਔਰਤ ਦੀ ਨੇਕੀ ਦਾ ਤਖ਼ਤ ਅਤੇ ਆਦਮੀ ਦੀ ਵਡਿਆਈ ਦਾ ਮਕਬਰਾ ਹੁੰਦਾ ਹੈ। ਇਥੇ ਦੋਹਰੇ ਆਚਾਰ ਦਾ ਸਵਾਲ ਨਹੀਂ ਸਗੋਂ ਆਚਾਰ ਦੇ ਦੋ ਵੱਖਰੇ ਪੈਮਾਨਿਆਂ ਦੀ ਗੱਲ ਹੈ। ਔਰਤ ਦੀ ਵਡਿਆਈ ਉਸ ਕਾਰਜ 'ਚੋਂ ਉਪਜਦੀ ਹੈ ਜਿਹੜੀ ਉਹ ਪੁਰਸ਼-ਸੰਸਕ੍ਰਿਤੀ ਵਿਚ ਕਰਦੀ ਹੈ ਪਰ ਮਨੁੱਖ ਦੀ ਉੱਤਮਤਾ ਸਵੈ-ਨਿਸਰਤ ਹੈ। ਉਹਨੂੰ ਵਿਆਹ ਤੋਂ ਪਹਿਲਾਂ ਸਵੈ-ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਇਹਦੇ ਮਗਰੋਂ ਪਤੀ ਨੂੰ ਉਧਾਲਣ ਲਈ ਪੂਰੇ ਚਲਿਤ੍ਰ ਵਖਾਉਣੇ ਪੈਂਦੇ ਹਨ। ਇਸਤ੍ਰੀ ਨੂੰ ਇਕੋ ਵੇਲੇ ਵੇਸ਼ਵਾ ਅਤੇ ਭਿਕਸ਼ੂਣੀ ਬਣਨਾ ਹੁੰਦਾ ਹੈ। ਔਰਤ ਦਾ ਧਰਮ ਵੀ ਉਹਦੇ ਪਤੀ ਵਾਲਾ ਹੋਣਾ ਚਾਹੀਦਾ ਹੈ। ਸ਼ਾਇਦ ਗੁਰਮੱਤ ਦੀ ਉਹਨੂੰ ਲੋੜ ਨਹੀਂ ! ਉਹਦੀ ਮੁਕਤੀ ਅਧੀਨਗੀ ਵਿਚ ਹੈ। ਰੂਸੋ ਵਿਚ ਧਾਰਮਿਕ ਜਗਤ ਵਾਂਗੂ ਇਸਤ੍ਰੀ ਨਿਰ ਵਿਅਕਤੀ (nonperson) ਹੈ।

ਟੱਬਰ ਦਾ ਮੁਖੀ ਜ਼ਰੂਰੀ ਹੀ ਨਾਗਰਿਕ ਹੁੰਦਾ ਹੈ ਉਹਦੀ ਨੇਕੀ ਦਾ ਨਾਗਰਿਕਤਾ ਦਾ ਪ੍ਰਕਿਰਤਕ ਮਨੁੱਖ ਨਾਲ ਵਿਰੋਧ ਹੈ। ਔਰਤ ਦੀ ਜ਼ਿੰਦਗੀ ਸਿਆਸੀ ਜੀਵਨ ਤੋਂ ਹਟਵੀਂ ਹੈ 'ਉਹ ਭਾਵੁਕ ਬਹਿਲਥਤਾ ਵਿਚ ਬੇਰੁਹਜ ਹੋਣ ਦਾ ਭੁਲੇਖਾ ਦਿੰਦੀ ਹੈ, ਹਜ਼ਾਰਾਂ ਸੋਗਾਂ ਵਿਚ ਕੁੜ੍ਹਦੀ ਉਹ ਸੁੱਖਾ ਲੱਧੇ ਸਬਰ ਦਾ ਭਾਉਲਾ ਰੱਖਦੀ ਹੈ; ਉਹ ਉਹ ਕਹਿੰਦੀ ਹੈ ਜਿਹੜਾ ਉਹ ਸੋਚਦੀ ਨਹੀਂ, ਉਹਨੂੰ ਲੱਜਾ ਦੇ ਕਾਰਨ ਮਕਰ ਅਤੇ ਝੂਠ ਬੋਲਣਾ ਪੈਂਦਾ ਹੈ। ਉਹਨਾਂ ਦੀ ਜ਼ਿੰਦਗੀ ਦਾ ਸਭ ਤੋਂ ਉਤਮ ਸਮਾਂ ਮਰਯਾਦਾ 'ਚ ਮਰ ਜਾਂਦਾ ਹੈ। ਫੇਰ ਮਰਯਾਦਾ ਦਾ ਅਤਿਆਚਾਰ ਵਿਆਹ ਦੇ ਜ਼ੁਲਮ 'ਚ ਬਦਲ ਜਾਂਦਾ ਹੈ ਪਰ ਦਿਲ ਦੀਆਂ ਪ੍ਰਵਿਰਤੀਆਂ ਖਾਮੁਖਾਹ ਦਬਾਈਆਂ ਨਹੀਂ ਜਾਂਦੀਆਂ..." ਰੂਸੋ ਜਾਣਦਾ ਹੈ ਕਿ ਕਿਸੇ ਪੁਰਸ਼ ਦੀ ਵਿਦਿਆ ਜਾਂ ਤਾਂ ਵਿਅਕਤੀ ਹੋਣ ਲਈ ਜਾਂ ਨਾਗਰਿਕ ਬਣਨ ਲਈ ਹੋਣੀ ਚਾਹੀਦੀ ਹੈ ਪਰ ਉਹਦੀ ਔਰਤ ਦੀ ਸਿਖਿਆ ਅਜਿਹੀ ਹੈ ਜਿਸ ਨਾਲ ਉਹ ਨਾ ਵਿਅਕਤੀ ਅਤੇ ਨਾ ਹੀ ਨਾਗਰਿਕ ਹੋ ਸਕਦੀ ਹੈ।

ਜਾਨ ਸਟੂਅਰਟ ਮਿਲ ਪਹਿਲਾ ਚਿੰਤਕ ਹੋਇਆ ਹੈ ਜਿਹੜਾ ਲਿਬਰੱਲ (Liberal) ਅਸੂਲਾਂ ਨੂੰ ਔਰਤਾਂ 'ਤੇ ਲਾਗੂ ਕਰਨ ਲਈ ਤਿਆਰ ਸੀ। ਹੋਬਜ਼ (Hobbez) ਅਨੁਸਾਰ ਪ੍ਰਕਿਰਤੀ ਦੇ ਜੀਵਨ 'ਚ ਮਨੁੱਖ ਇਕ ਦੂਸਰੇ ਤੋਂ ਮਾਰਨ ਲਈ ਬਰਾਬਰ ਦੀ ਯੋਗਤਾ ਰੱਖਦੇ ਹਨ। ਉਹਦੇ ਅਨੁਸਾਰ ਔਰਤਾਂ ਵੀ ਬਰਾਬਰ ਦੀ ਯਗਤਾ ਰੱਖਦੀਆਂ ਹਨ। ਇਸ ਕਰਕੇ ਕੁਦਰਤ ਵਿਚ ਅਧਿਕਾਰਾਂ ਅਤੇ ਵਿਸ਼ੇਸ਼-ਅਧਿਕਾਰਾਂ ਦੀ ਨਾ-ਬਰਾਬਰੀ ਲਈ ਕੋਈ ਥਾਂ ਨਹੀਂ ਹੈ। ਜਨਮ ਪੇਟ 'ਤੋਂ ਹੁੰਦਾ ਹੈ ਇਸ ਕਰ ਕੇ ਬੱਚਿਆਂ ਦਾ ਮੌਲਿਕ ਮਾਲਕ ਔਰਤ ਸੀ। ਉਹ ਕਹਿੰਦਾ ਹੈ ਕਿ ਇਹ ਹਾਦਸੇ (accident) ਜਾਂ ਇਤਫਾਕ ਦੀ ਗੱਲ ਹੈ ਕਿ ਰਿਆਸਤਾਂ ਪਿਓਆਂ ਨੇ ਉਸਾਰੀਆਂ ਹਨ। ਉਹ ਇਹ ਨਹੀਂ ਦੱਸਦਾ ਕਿ ਪ੍ਰਕਿਰਤੀ ਦੇ ਜੀਵਨ 'ਚ ਟੱਬਰ ਪੁਰਸ਼-ਪ੍ਰਧਾਨ ਕਿਵੇਂ ਹੋ ਗਿਆ। ਉਹਦੇ ਲਈ ਪੁਰਸ਼-ਪ੍ਰਧਾਨ ਟੱਬਰ ਸਮਾਜ ਅਤੇ ਰਿਆਸਤ ਦੀ ਇਕਾਈ ਹੈ। ਉਹ ਪਿਤਾ ਨੂੰ ਘਰ ਦਾ ਸਰਵ-ਸ਼ਕਤੀਮਾਨ ਸਮਝਦਾ ਹੈ। ਉਹਦੇ ਰਾਜ-ਨੀਤੀ-ਦਰਸ਼ਨ ਦਾ ਆਧਾਰ ਪ੍ਰਮਾਣੂ ਵਿਅਕਤੀ ਨਹੀਂ ਹੈ।

ਲੋਕ (Loche) ਬੱਚਿਆਂ 'ਤੇ ਪਿਤਾ ਅਤੇ ਮਾਤਾ ਦੇ ਸਮਾਨ ਹੱਕਾਂ ਦਾ ਹਾਮੀ ਹੈ। ਉਹ ਪੁਰਸ਼-ਪ੍ਰਧਾਨ ਟੱਬਰ ਦੀ ਹਮਾਇਤ ਇਸ ਲਈ ਨਹੀਂ ਕਰਦਾ ਕਿਉਂਕਿ ਸਮਕਾਲੀ ਇਕ-ਪੁਰਖੀ ਰਾਜ ਨੂੰ ਪਿਤਾ ਦੀ ਟਬਰ ਵਿਚ ਸਰਵ-ਸ਼ਕਤੀਮਾਨਤਾ ਤੋਂ ਸਾਬਤ ਕਰਦੇ ਸਨ।

ਦੀ ਸਥਿਤੀ ਵਿਚ ਇਸਤ੍ਰੀਆਂ ਦੀ ਮਰਦਾਂ ਪ੍ਰਤੀ ਅਧੀਨਗੀ ਲਈ ਕੋਈ ਜਗਾਹ ਨਹੀਂ । ਉਹ ਵਿਅਕਤੀਆਂ ਦੇ ਪ੍ਰਕਿਰਤਕ ਹੱਕਾਂ ਦੇ ਨੁਕਤੇ ਤੋਂ ਸਿਆਸਤ ਵਿਚ ਇਕ ਪੁਰਖ ਰਾਜ ਨੂੰ ਨਾਜ਼ਾਇਜ਼ ਕਹਿੰਦਾ ਹੈ ਪਰ ਟੱਬਰ ਦੀ ਹਕੂਮਤ ਵਿਚ ਇਹ ਨੂੰ ਠੀਕ ਸਮਝਦਾ ਹੈ। ਲੋਕ ਦੀ ਸਿਆਸਤ ਦੀ ਇਕਾਈ ਪੁਰਸ-ਪ੍ਰਧਾਨ ਟੱਬਰ ਹੀ ਹੈ।

ਜਾਨ ਸਟੂਅਰਟ ਮਿੱਲ ਲਈ ਮਨੁੱਖੀ ਉਦੇਸ਼ ਸੀ–ਸਮੂਹ ਦੀ ਵੱਧ ਤੋਂ ਵੱਧ ਖੁਸ਼ੀ ਅਤੇ ਬੰਦਿਆਂ ਦੀ ਆਚਾਰਿਕ, ਬੌਧਿਕ ਪ੍ਰਗਤੀ। ਸਮਾਜ ਅਤੇ ਰਾਜਨੀਤੀ ਦੀਆ ਸੰਸਥਾਵਾਂ ਦਾ ਮਨੋਰਥ ਹਰ ਮਨੁੱਖ, ਇਸਤ੍ਰੀ ਦੀਆਂ ਸੰਭਾਵਨਾਵਾਂ ਨੂੰ ਉਭਾਰਨਾ ਹੈ। ਮਿਲ ਲਈ ਇਸਤ੍ਰੀ ਦੀ ਮੁਕਤੀ ਉਹਦੀ ਖ਼ੁਸ਼ੀ ਲਈ ਹੀ ਨਹੀਂ ਸਗੋਂ ਇਹ ਮਾਨਵੀ ਪ੍ਰਗਤੀ ਦੀ ਮੁੱਢਲੀ ਸ਼ਰਤ ਹੈ। ਮਿਲ ਕੌਮਾਂ, ਦਰਸ਼ਨਾਂ ਅਤੇ ਇਤਿਹਾਸ ਦੇ ਯੋਗਾਂ ਨੂੰ ਇਸ ਨੁਕਤੇ ਤੋਂ ਪਰਖਦਾ ਸੀ ਕਿ ਇਹਨਾਂ ਦਾ ਇਸਤ੍ਰੀ ਪ੍ਰਤੀ ਦੀ ਰਵੱਯੀਆ ਹੈ। ਪਤਨੀਆਂ ਦੇ ਹਿੱਤ ਪਤੀਆਂ ਦੇ ਹਿਤਾਂ ਸਮਾਨ ਨਹੀਂ ਹਨ ਜਿਵੇਂ ਕਿ ਰਿਆਯਿਆ ਦੇ ਹਿੱਤ ਬਾਦਸ਼ਾਹ ਤੋਂ ਵੱਖਰੇ ਹੁੰਦੇ ਹਨ।

ਰੌਵਲ ਓਇਨ (owen) ਅਤੇ ਸਮਾਜਵਾਦੀ ਚਿੰਤਕ ਹੀ ਪਹਿਲੀ ਵਾਰ ਆਦਮੀ ਔਰਤ ਨੂੰ ਹਰ ਪੱਖੋਂ ਬਰਾਬਰ ਅਧਿਕਾਰ ਦਿੰਦੇ ਹਨ।

ਮਿੱਲ ਅਨੁਸਾਰ ਔਰਤ ਦੀ ਮੁਕਤੀ ਪੁਰਸ਼ ਦੇ ਹਿੱਤ ਵਿਚ ਹੈ ਕਿਉਂਕਿ ਇਹ ਉਹਦੀ ਪ੍ਰਗਤੀ ਲਈ ਲਾਭਦਾਇਕ ਹੋਵੇਗੀ। ਮਨੁੱਖ ਦੀ ਬੌਧਿਕ ਅਤੇ ਅਚਾਰਿਕ ਤਰੱਕੀ ਨਾਲ ਉਹਦੀ ਖ਼ੁਸ਼ੀ 'ਚ ਵੀ ਵਾਧਾ ਹੋਵੇਗਾ। ਖ਼ੁਦਗਰਜ਼ੀ ਤੋਂ ਦੂਸਰੇ ਨੰਬਰ 'ਤੇ ਮਾਨਸਿਕ ਅਸਿਖਿਆ ਹੀ ਸਾਡੀ ਸਾਡੀ ਗ਼ੈਰ-ਤਸੱਲੀ-ਬਖ਼ਸ਼ ਜ਼ਿੰਦਗੀ ਦੀ ਜ਼ਿਮਾਂਦਾਰ ਹੈ। ਲੋਕਾਂ ਨੂੰ ਪਤਾ ਵੀ ਨਹੀਂ ਕਿ ਉਹ ਕਿੰਨੀ ਕੁ ਖ਼ੁਸ਼ੀ ਦੇ ਭਾਗੀ ਹੋ ਸਕਦੇ ਹਨ। ਮਿੱਲ ਅਨੁਸਾਰ ਲਿੰਗ ਦੇ ਇਤਫ਼ਾਕ (accident) ਨੂੰ ਕਾਨੂੰਨੀ ਨਾ-ਬਰਾਬਰੀ ਦਾ ਆਧਾਰ ਬਨਾਉਣਾ, ਉਹਨੇ ਤੇ ਵੱਖਰੇ ਸਮਾਜੀ ਕਾਰਜ ਠੋਸਣੇ ਮਾਨਵ ਜਾਤੀ ਦੀ ਸਮਾਜੀ, ਆਚਾਰਿਕ ਅਤੇ ਬੌਧਿਕ ਬਿਹਤਰੀ 'ਚ ਰੁਕਾਵਟਾਂ ਹਨ। ਵਿਅਕਤੀ ਦੀ ਮੁਕਤੀ ਉਹਦੀ ਖ਼ੁਸ਼ੀ ਅਤੇ ਸਵੈ-ਪ੍ਰਫੁੱਲਣ 'ਚ ਸਹਾਈ ਹੁੰਦੀ ਹੈ। ਮਨੁੱਖੀ ਸਭਾ ਲਈ ਆਜ਼ਾਦੀ ਸਭ ਤੋਂ ਵੱਡੀ ਲੋੜ ਹੈ। ਔਰਤਾਂ ਦੀ ਆਜ਼ਾਦੀ ਨਾਲ ਉਹਨਾਂ ਦੀ ਖ਼ੁਸ਼ੀ 'ਚ ਵਾਧਾ ਹੋਵੇਗਾ। ਜੇ ਬੰਦਾ ਆਪਣੀ ਮਰਜ਼ੀ ਦਾ ਪੇਸ਼ਾ ਅਪਣਾਵੇ ਅਤੇ ਉਹਨੂੰ ਆਪਣੀ ਕਿਰਤ 'ਚ ਸੁਆਦ ਆਉਂਦਾ ਪ੍ਰਤੀਤ ਹੋਵੇ ਤਾਂ ਇਹ ਸਭ ਕੁਝ ਉਹਦੀ ਖ਼ੁਸ਼ੀ ਦਾ ਕਾਰਨ ਬਣ ਜਾਂਦਾ ਹੈ। ਪਰ ਔਰਤਾਂ ਦਾ ਤਾਂ ਵਿਆਹ ਤੋਂ ਬਿਨਾਂ ਹੋਰ ਕੋਈ ਪੇਸ਼ਾ ਵੀ ਨਹੀਂ। ਉਹ ਵਿਆਹ ਨੂੰ ਆਜ਼ਾਦਾਨਾ ਇਕਰਾਰਨਾਮਾ ਸਮਝਦਾ ਹੈ ਜਿਹੜਾਂ ਕਿ ਤੋੜਿਆ ਜਾ ਸਕਦਾ ਹੈ।

ਮਨੁੱਖਤਾ ਦੀ ਖ਼ੁਸ਼ੀ ਉਨੀ ਵਧਦੀ ਜਾਵੇਗੀ ਜਿੰਨੇ ਵਿਅਕਤੀ ਆਪਣੀ ਖ਼ੁਸ਼ੀ 'ਚ ਵਾਧਾ ਕਰਦੇ ਹੋਣਗੇ। ਸਨਅਤੀ ਸਮਾਜ ਵਿਚ ਬੰਦਾ ਵਧੇਰੇ ਸਮੇਂ ਘਰ ਰਹਿੰਦਾ ਹੈ ਇਸ ਕਰਕੇ ਉਹਦੇ 'ਤੇ ਘਰੇਲੂ ਅਸਰ ਵਧਦਾ ਜਾ ਰਿਹਾ ਹੈ। ਅਸਿਖਿਅਤ ਗ਼ੈਰ-ਜ਼ਿਮਾਦਾਰ ਬੀਵੀ ਦਾ ਪਤੀ 'ਤੇ ਕੀ ਅਸਰ ਹੋ ਸਕਦਾ ਹੈ, ਇਹਦਾ ਅਨੁਮਾਨ ਲਇਆ ਜਾ ਸਕਦਾ ਹੈ। ਜਿਸ ਨੂੰ ਕੇਵਲ ਘਰ ਦੇ ਨਿਰਸੁੱਕ ਦਾ ਫ਼ਿਕਰ ਰਹਿੰਦਾ ਹੈ। ਉਹ ਬੰਦੇ ਦੀਆਂ ਉਚੇਰੀਆਂ ਚਿੰਤਾਵਾਂ 'ਚ ਕੀ ਹਿੱਸਾ ਪਾ ਸਕਦੀ ਹੈ? ਔਰਤਾਂ ਦੀ ਅਧੀਨਗੀ ਪ੍ਰਗਤੀ ਦੇ ਰਾਹ ਵਿਚ ਰੋੜਾ ਹੈ ਪਰ ਉਹਨਾਂ ਦੀ ਮੁਕਤੀ ਨਾਲ ਹਾਲਾਤ ਬਿਲਕੁਲ ਉਲਟ ਹੋ ਜਾਵੇਗੀ!

ਉਹ ਔਰਤ ਦੀ ਕਮਜ਼ੋਰੀ ਨੂੰ ਸਭਾਵਿਕ ਨਹੀਂ ਮੰਨਦਾ ਹੁਕਮ ਚਲਾਉਣ ਵਾਲਿਆਂ ਨੂੰ ਵੀ ਆਪਣੀ ਚੜ੍ਹਤ ਹਮੇਸ਼ਾਂ ਹੀ ਸੁਭਾਵਕ ਪ੍ਰਤੀਤ ਹੁੰਦੀ ਹੈ। ਆਮ ਤੌਰ 'ਤੇ ਸੁਭਾਵਕ ਦਾ ਮਤਲਬ ਪ੍ਰਕਿਰਤਕ ਨਹੀਂ ਹੁੰਦਾ ਸਗੋਂ ਰਵਾਇਤੀ ਹੁੰਦਾ ਹੈ ਕਿਉਂਕਿ ਹਰ ਰਵਾਜ ਸੁਭਾਵਕ ਲੱਗ-ਲੱਗ ਜਾਂਦਾ ਹੈ। ਇਸਤ੍ਰੀ ਕਮਜ਼ੋਰ, ਘੱਟ ਤਰਕਵਾਦੀ ਅਤੇ ਜਿਆਦਾ ਭਾਵੁਕ ਸਿਧ ਨਹੀਂ ਕੀਤੀ ਜਾ ਸਕਦਾ। ਸਮਾਜ ਦਾ ਬੱਚੇ ਨਾਲ ਅਜਿਹਾ ਵਿਹਾਰ ਹੁੰਦਾ ਹੈ ਕਿ ਉਹ ਉਹਦੇ ਲਿੰਗ 'ਤੇ ਨਿਰਭਰ ਹੁੰਦਾ ਹੈ, ਮਰਦ ਔਰਤਾਂ ਦੀ ਸਿਖਲਾਈ ਵਿਦਿਆ ਵਿਚ ਵੀ ਬਹੁਤ ਭੇਤ ਹੈ। ਇਹੀ ਗੱਲਾਂ ਤਾਂ ਔਰਤ ਦੇ ਕਥਿਤ ਸੁਭਾ ਨੂੰ ਪੈਦਾ ਕਰਦੀਆਂ ਹਨ ਇਹ ਨਹੀਂ ਕਿ ਉਹਦਾ ਅਜੇਹਾ ਸੁਭਾ ਇਸਤ੍ਰੀ ਦੀ ਪ੍ਰਕਿਰਤੀ ਕਾਰਨ ਹੈ। ਜਿੰਨਾ ਚਿਰ ਪੁਰਸ਼ ਇਸਤ੍ਰੀ ਦੀ ਬਰਾਬਰੀ ਦੇ ਹਾਲਾਤ ਪੈਦਾ ਨਹੀਂ ਹੁੰਦੇ ਸਾਨੂੰ ਤਾਂ ਉਹਨਾਂ 'ਚ ਫ਼ਰਕ ਦਾ ਵੀ ਪਤਾ ਨਹੀਂ ਲੱਗ ਸਕਦਾ। ਹੁਣ ਤਾਂ ਤਾਂ ਉਹ ਅਰਧ-ਬਿਗੜ ਅਤੇ ਅਰਧ-ਵਿਕਸਤ ਮਨੁੱਖੀ ਜੀਵ ਹਨ। ਉਹਨਾਂ ਨੂੰ ਅਚਾਰਿਕ ਤੌਰ ਤੇ ਆਦਮੀਆਂ ਨਾਲ ਉਤਮ ਕਹਿਣਾ ਉਨਾ ਹੀ ਫਜ਼ੂਲ ਹੈ ਜਿੰਨਾ ਕਿ ਆਦਮੀਆਂ ਨੂੰ ਇਸਤ੍ਰੀ ਨਾਲੋਂ ਬੌਧਿਕ ਤੌਰ 'ਤੇ ਭਾਰੂ ਕਹਿਣਾ ਹੈ। ਅਫਲਾਤੂਨ ਤੋਂ ਬਾਅਦ ਮਿੱਲ ਪਹਿਲਾ ਚਿੰਤਕ ਹੈ ਸਮਾਜਵਾਦੀਆਂ ਨੂੰ ਛਡ ਕੇ, ਜਿਹੜਾ ਕਿ ਚੰਗਿਆਈ (good) ਨੂੰ ਇਸਤ੍ਰੀ ਪੁਰਸ਼ ਲਈ ਇਕੋ ਜਿਹੀ ਸਮਝਦਾ ਹੈ।

ਕਈ ਕਹਿੰਦੇ ਹਨ ਕਿ ਮਰਦਾਂ ਦੀ ਜਾਤ ਔਰਤਾਂ ਦੀ ਜਾਤ ਨਾਲੋਂ ਤਕੜੀ ਹੈ, ਇਸ ਕਰਕੇ ਔਰਤ ਨਾ-ਬਰਾਬਰ ਹਨ। ਇਹ ਦਲੀਲ ਤਾਂ ਹੀ ਚਲ ਸਕਦੀ

ਹੈ ਜੋ ਕਮਜ਼ੋਰ ਤੋਂ ਕਮਜ਼ੋਰ ਬੰਦਾ ਤਕੜੀ ਤੋਂ ਤਕੜੀ ਔਰਤ ਮਜ਼ਬੂਤ ਹੋਵੇ। ਵਰਤਮਾਨ ਵਿਚ ਲੱਖਾਂ ਔਰਤਾਂ ਹਜ਼ਾਰਾਂ ਬੰਦਿਆਂ ਨਾਲੋਂ ਤਕੜੀਆਂ ਹਨ, ਉਹ ਨਾ-ਬਰਾਬਰ ਕਿਵੇਂ ਹੋ ਗਈਆਂ ? ਹੁਣ ਤਾਂ ਇਹ ਕਹਿਣਾ ਵੀ ਗਲਤ ਹੈ ਕਿ ਔਰਤਾਂ ਬੌਧਿਕ ਪ੍ਰਾਪਤੀਆਂ ਦੇ ਲਾਇਕ ਨਹੀਂ। ਮਿੱਲ ਅਨੁਸਾਰ ਆਚਾਰ ਸੰਭਵ ਹੀ ਬਰਾਬਰੀ ਦੇ ਆਧਾਰ 'ਤੇ ਹੁੰਦਾ ਹੈ। ਨਾ-ਬਰਾਬਰੀ ਦੋਵੇਂ ਧਿਰਾਂ ਲਈ ਮਨੁੱਖੀ ਦ੍ਰਿਸ਼ਟੀ ਤੋਂ ਹਾਨੀਕਾਰਕ ਹੈ। ਮਨੁੱਖੀ ਸਬੰਧ 'ਚ ਜਿਹੜੀ ਸੰਭਾਵਨਾ ਹੁੰਦੀ ਹੈ ਨਾ-ਬਰਾਬਰ ਪੁਰਸ਼ ਇਸਤ੍ਰੀ ਉਹਨੂੰ ਪ੍ਰਾਪਤ ਨਹੀਂ ਕਰ ਸਕਦੇ। ਨਾ-ਬਰਾਬਰ ਤੁਅੱਲਕ ਦੇ ਟੱਬਰ ਵਿਚੋਂ ਨਿਆਣੇ ਹੱਕਾਂ ਅਤੇ ਸ਼ਕਤੀ ਦੇ ਅਲਿਆ ਦੀ ਸਿਖਿਆ ਲੈਂਦੇ ਹਨ ਜਦੋਂ ਕਿ ਅਸਲੀ ਮਨੁੱਖੀ ਗੁਣ ਬਰਾਬਰ ਦਿਆਂ ਨਾਲ ਜੀਵਨ ਬਿਤਾਉਣ ਦੀ ਯੋਗਤਾ ਹੈ। ਹੁਣ ਟੱਬਰ ਬਚਿਆਂ ਲਈ ਡਿਕਟੇਟਰੀ ਦੇ ਸਕੂਲ ਹਨ ਜਿਹੜੇ ਕਿ ਭਲਮਾਣਸੀ ਅਤੇ ਆਜ਼ਾਦੀ ਦੇ ਵਿਦਿਆਲੇ ਬਣ ਸਕਦੇ ਹਨ। ਸਾਡੇ ਸਮਾਜ ਦਾ ਵਿਹਾਰ ਅਜਿਹਾ ਹੈ ਕਿ ਆਦਮੀ ਕੈਰੀਆਰ, ਆਰਥਿਕ ਆਜ਼ਾਦੀ ਨਾਲ ਘਰੇਲੂ ਜ਼ਿੰਦਗੀ ਅਤੇ ਬੱਚਿਆਂ ਵਾਲਾ ਹੋ ਸਕਦਾ ਹੈ ਪਰ ਔਰਤ ਨੂੰ ਇਹਨਾਂ ਵਿਚੋਂ ਇਕ ਚੋਣ ਕਰਨੀ ਪੈਂਦੀ।

ਲੇਖਕਾਂ ਨੂੰ ਸੰਦੇਹ ਹੈ ਕਿ ਪਛਮੀ ਰਾਜਨੀਤੀ ਦਰਸ਼ਨ ਔਰਤ ਦੀ ਬਰਾਬਰੀ ਨੂੰ ਪੂਰੀ ਤਰ੍ਹਾਂ ਆਪਣੇ 'ਚ ਸਮੋ ਸਕਦਾ ਹੈ। ਰਾਜਨੀਤੀ ਦਾ ਜਾਇਦਾਦ, ਟੱਬਰ ਅਤੇ ਲਿੰਗ ਬਰਾਬਰੀ ਨਾਲ ਕਿਵੇਂ ਨਾ ਕਿਵੇਂ ਜ਼ਰੂਰ ਹੀ ਜੋੜ ਜੁੜ ਜਾਂਦਾ ਹੈ।

**Women in Western Political Thought Susan Moller Okin, Princeton University Press, 1971.**

---

## ਔਰਤਾਂ ਦੀ ਪ੍ਰਗਤੀ ਤੇ ਰੋਜ਼ਗਾਰ

ਔਰਤਾਂ ਦੀ ਪ੍ਰਗਤੀ ਤੇ ਉਸ ਦੀ ਸੁਤੰਤਰਤਾ ਵਧਾਉਣ ਵਿਚ ਰੁਜ਼ਗਾਰ ਦੀ ਭੂਮਿਕਾ ਦੇ ਸੰਬਧ ਵਿਚ ਜਿਹੜੇ ਵਿਚਾਰ ਪ੍ਰਚੱਲਤ ਹਨ ਉਹਨਾਂ ਦੀ ਉਤਪਤੀ ਪੱਛਮੀ ਦੇਸ਼ਾ ਅਤੇ ਉਦਯੋਗਿਕ ਇਨਕਲਾਬ ਦੇ ਬਾਅਦ ਦੇ ਕਾਲ ਵਿਚੋਂ ਲਭੀ ਜਾ ਸਕਦੀ ਹੈ। ਇਹ ਵਿਚਾਰ ਹਾਲੀ ਹੀ ਤੀਜੇ ਜਗਤ ਵਿਚ ਔਰਤਾਂ ਦੀ ਤਰੱਕੀ ਸੰਬਧੀ ਨੀਤੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਸੰਖੇਪ ਵਿਚ ਇਹ ਵਿਚਾਰ ਇਹ ਹਨ :

(ੳ) ਔਰਤਾਂ ਦਾ ਰੁਜ਼ਗਾਰ ਉਹਨਾਂ ਦੀ ਸਿਖਿਆ ਵਲ ਵਧਦੀ ਪਹੁੰਚ ਦਾ ਤਾਰਕਿਕ ਵਿਕਾਸ ਹੈ। ਅਰਥਾਤ ਇਹ ਆਧੁਨੀਕੀ ਕਰਨ ਦੀ ਪ੍ਰਕਿਰਿਆ ਦਾ ਆਮ ਸਿਟਾ ਹੈ।

(ਅ) ਰੁਜ਼ਗਾਰ ਕਰਕੇ ਔਰਤਾਂ ਦੀ ਪਹੁੰਚ ਪ੍ਰਵਾਰ ਤੋਂ ਬਾਹਰਲੀ ਦੁਨੀਆਂ ਤਕ ਹੁੰਦੀ ਹੈ। ਇਹ ਉਸ ਨੂੰ ਇੱਕਲ ਵਾਂਜੇ ਤੋਂ ਛੁਟਕਾਰਾ ਦੁਵਾਉਂਦਾ ਅਤੇ ਸਮਾਜਿਕ ਉਤਪਾਦਨ ਦੀ ਪ੍ਰਕ੍ਰਿਰਿਆ ਨਾਲ ਜੋੜਦਾ ਹੈ।

(ੲ) ਸੁਤੰਤਰ ਆਮਦਨ ਅਤੇ ਜ਼ਿੰਮੇਵਾਰੀਆਂ ਤਕ ਉਸ ਦੀ ਪਹੁੰਚ ਰੁਜ਼ਗਾਰ ਕਰਕੇ ਹੀ ਹੁੰਦੀ ਹੈ ਜੋ ਉਸ ਨੂੰ ਵਿਅਕਤੀਗਤ ਵਿਕਾਸ, ਉੱਚੀ ਹੁੰਦੀ ਆਰਥਿਕ ਹੈਸੀਅਤ ਤੇ ਸੁਤੰਤਪਤਾ ਦੇ ਮੌਕੇ ਪ੍ਰਧਾਨ ਕਰਦਾ ਹੈ।

(ਸ) ਪਰ ਜੇ ਰੁਜ਼ਗਾਰ ਅਤੇ ਔਰਤ ਦੀ (ਪੱਤਨੀ ਮਾਂ ਅਤੇ ਘਰ ਸਾਂਭਣ ਵਾਲੀ) ਪ੍ਰੰਪਰਾਗਤ ਭੂਮਿਕਾ ਰਲ ਜਾਣ ਤਾਂ ਔਰਤ ਉਤੇ ਦੋਹਰਾ ਭਾਰ ਪੈ ਜਾਂਦਾ ਹੈ।

ਤੀਜੇ ਜਗਤ ਵਿਚ ਔਰਤਾਂ ਦੀ ਹਾਲਤ ਬਾਰੇ ਪਿਛਲੇ ਦਹਾਕੇ ਅਤੇ ਖਾਸ ਤੌਰ ਤੇ ਪਿਛਲੇ ਪੰਜਾ ਸਾਲਾਂ ਵਿਚ ਹੋਈ ਖੋਜ ਨੇ ਇਹਨਾਂ ਵਿਚਾਰਾਂ ਦੀ ਸਚਾਈ ਦੇ ਬਾਰੇ ਕਈ ਸ਼ੰਕੇ ਪੈਦਾ ਕੀਤੇ ਹਨ। ਪਹਿਲਾਂ ਇਹ ਕਿ ਸਾਨੂੰ ਹੁਣ ਇਹ ਪਤਾ ਲਗ ਚੁਕਾ ਹੈ ਕਿ ਕਿਰਤ ਸ਼ਕਤੀ ਦੀ ਸ਼ਮੂਲੀਅਤ ਸੰਬਧੀ ਸਰਕਾਰੀ ਅੰਕੜੇ ਭਾਂਵੇਂ ਕੁਝ ਵੀ ਹੋਣ, ਤੀਜੇ ਜਗਤ ਵਿਚ ਔਰਤਾਂ ਦੀ ਵਡੀ ਗਿਣਤੀ ਜ਼ਰਾਇਤ, ਉਦਯੋਗ ਤੇ ਨੌਕਰੀ ਵਿਚ ਪ੍ਰਵਾਰਿਕ ਕਿਰਤ ਦੇ ਹਿਸੇ ਵਜੋ ਹਮੇਸ਼ਾ ਹੀ ਸਮਾਜਿਕ ਉਤਪਾਦਨ ਦੀ ਪ੍ਰਕਿਰਿਆ ਦਾ ਅੰਗ ਰਹੀ ਹੈ। ਉਜਰਤ ਤੋਂ ਬਗੈਰ ਪ੍ਰਵਾਰਿਕ ਕਿਰਤ ਦੀ ਉਹਨਾਂ ਦੀ ਭੂਮਿਕਾ ਦੇ ਨਾਲ ਹੀ ਉਹਨਾਂ ਵਿਚੋਂ ਬਹੁਤ ਸਾਰੀਆਂ ਔਰਤਾਂ ਉਜਰਤ ਲਈ ਕੰਮ ਕਰਦੀਆਂ ਹਨ। ਇਹਨਾਂ ਔਰਤਾਂ ਦੀ ਵਡੀ ਗਿਣਤੀ ਅਨਪੜ੍ਹ ਹੈ, ਅਤੇ ਇੰਝ ਉਹਨਾਂ ਦੀ ਨੌਕਰੀ ਅਤੇ ਬਕਾਇਦਾ ਸਿਖਲਾਈ ਵਿਚ ਕੋਈ ਸੰਬਧ ਨਹੀਂ ਲਭਿਆ ਜਾ ਸਕਦਾ। ਉਤਪਾਦਿਕ ਮੁਹਾਰਿਤ ਦੀ ਉਹਨਾਂ ਦੀ ਸਿਖਲਾਈ ਆਮ ਤੌਰ ਉਤੇ ਪ੍ਰਵਾਰ ਵਿਚ ਨਿੱਕੀ ਉਮਰ ਤੋਂ ਹੀ ਸੁਰੂ ਹੋ ਜਾਂਦੀ ਹੈ। ਦਸਤਕਾਰੀ ਜਾਂ ਜ਼ਰਾਇਤੀ ਉਪਜਾਂ ਦੀ ਤਿਆਰੀ ਵਰਗੇ ਘਰ ਵਿਚ ਹੋਣ ਵਾਲੇ ਕੰਮਾਂ ਤੋਂ ਛੁਟ ਬਹੁਤੀਆਂ ਔਰਤਾਂ ਪ੍ਰੰਪਰਾਗਤ ਰੂਪ ਵਿਚ ਸਮਾਜਿਕ ਅਡਰੇਪਨ ਦੀਆਂ ਸ਼ਿਕਾਰ ਨਹੀਂ ਹਨ।

ਦੂਜਾ ਇਹ ਕਿ ਔਰਤਾਂ ਭਾਵੇਂ ਪਰਵਾਰ ਵਿਚ ਬਗੈਰ ਤਨਖਾਹ ਤੋਂ ਕੰਮ ਕਰਨ ਜਾਂ ਪ੍ਰਵਾਰ ਤੋਂ, ਬਾਹਰ ਉਜਰਤ ਲਈ ਕੰਮ ਕਰਨ, ਦੋਨਾਂ ਹਾਲਤਾਂ ਵਿਚ ਬਹੁਤੀਆਂ ਔਰਤਾਂ ਆਪਣੀ ਕਿਰਤ ਕਮਾਈ ਉਤੇ ਅਧਿਕਾਰ ਨਹੀਂ ਰੱਖਦੀਆਂ। ਪਰ ਜੇ ਉਹ ਪਰਿਵਾਰ ਦੀਆਂ ਮੁਖੀਆਂ ਹੋਣ ਤਾਂ ਭਾਵੇਂ ਇਹ ਕੰਮ ਕਰਨਾ ਪਵੇ।

ਆਰਥਿਕਤ ਦੇ ਆਧੁਨਿਕ ਖੇਤਰ ਵਿਚ ਉੱਚੀ ਪਦਵੀ ਵਾਲੀਆਂ ਔਰਤਾਂ ਨੂੰ ਛੱਡ ਕੇ, ਜਿਹਨਾਂ ਨੂੰ ਉੱਚ-ਪੱਧਰੀ ਨਿਯਮਿਤ ਸਿਖਿਆ ਤੇ ਸਿਖਲਾਈ ਦੀ ਲੋੜ ਹੈ, ਤਨਖਾਹ ਪ੍ਰਾਪਤ ਰੁਜ਼ਗਾਰ ਵੀ ਉਹਨਾਂ ਦੀ ਸਮਾਜ ਵਿਚ ਪਦਵੀ ਨਹੀਂ ਦੁਆਂਦਾਂ।

ਉੱਚੀ ਪਦਵੀਂ ਵਾਲੇ 'ਪਰਿਵਾਰ ਨਹੀਂ ਚਾਹੁੰਦੇ ਕਿ ਉਹਨਾਂ ਦੀਆਂ ਔਰਤਾਂ ਆਮ ਤੌਰ ਤੇ ਕਮਾਈ ਕਰਨ ਲਈ ਕੰਮ ਕਰਨ। ਇਸ ਗਲ ਜਮਾਤ ਅਤੇ ਔਰਤਾਂ ਦੇ ਕੰਮ ਨੂੰ, ਅਤੇ ਨਾਲ ਹੀ ਔਰਤਾਂ ਦੇ ਕੰਮ ਦੇ ਪਦਵੀ ਨਾਲ ਜੁੜੀਆਂ ਕਦਰਾਂ ਨੂੰ ਵੀ ਜੋੜਦੀ ਹੈ ਅਤੇ ਤੀਜੇ ਜਗਤ ਦੀ ਖੋਜ ਦੀ ਇਕ ਪ੍ਰਮੁਖ ਲੱਭਤ ਹੈ।

ਤੀਜਾ ਇਹ ਕਿ ਪਰਿਵਾਰ ਨੂੰ ਜਿਊਂਦਿਆਂ ਰਖਣ ਲਈ ਉਜਰਤ-ਰੁਜਗਾਰ ਉਤੇ ਕਾਫ਼ੀ ਹੱਦ ਤਕ ਅਧਾਰਤ ਹੋਣਾ ਔਰਤਾਂ ਲਈ ਆਪਣੀ ਮੁਹਾਰਤ ਜਾਂ ਯੋਗ ਸਿਹਤ-ਖਿਆਲ ਨੂੰ ਵਿਕਸਿਤ ਕਰਨ ਲਈ ਸਿਖਿਆ ਤੇ ਸਿਖ-ਲਾਈ ਤਕ ਪਹੁੰਚ ਦੇ ਰਾਹ ਵਿਚ ਅੜਚਨ ਬਣਦਾ ਹੈ। ਲਾਜ਼ਮੀ ਉਤਪਾਦਕੀ ਤੇ ਘਰੇਲੂ ਪ੍ਰਬੰਧ ਦੀਆਂ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਛੋਟੀ ਉਮਰੇ ਹੀ ਚੁਕਣਾ ਪੈਂਦਾ ਹੈ। ਉਹਨਾਂ ਦੀ ਸਕੂਲਾਂ 'ਚ ਘੱਟ ਦਾਖਲ ਹੋਣ ਤੇ ਬਹੁਤੀ ਗਿਣਤੀ 'ਚ ਸਕੂਲ ਛੱਡਣ ਪਿਛੇ ਵੀ ਇਹੀ ਮੁਖ ਕਾਰਨ ਸਮਝਿਆ ਜਾਂਦਾ ਹੈ। ਗਰੀਬ ਪਰਿਵਾਰਾਂ ਦੀਆਂ ਔਰਤਾਂ ਦੀ ਬੁਨਿਆਦੀ ਪੜ੍ਹਤਾ ਜਾਂ ਵੋਕੇਸ਼ਨਲ ਟਰੇਨਿੰਗ ਲਈ ਕੀਤੀਆਂ ਗਈਆਂ ਗੈਰ ਰਸਮੀ ਕੋਸ਼ਿਸ਼ਾ ਦੀ ਨਾ-ਕਾਮਯਾਬੀ ਨੂੰ ਵੀ ਪੜ੍ਹਣ ਤੇ ਸਿਖਣ ਲਈ ਸਮੇਂ ਦੀ ਘਾਟ ਨਾਲ ਸਮਝਿਆ ਜਾ ਸਕਦਾ ਹੈ ਕਿਉਂ ਕਿ ਪੜ੍ਹਾਈ ਦੀ ਸਰਗਰਮੀ ਤੋਂ ਫੌਰਨ ਹੀ ਪਰਿਵਾਰ ਨੂੰ ਕਮਾਈ ਹਾਸਲ ਨਹੀਂ ਹੁੰਦੀ। ਬੁਨਿਆਦੀ ਸਿਹਤ ਸੇਵਾਵਾਂ ਅਤੇ ਵਖ ਵਖ ਪ੍ਰਕਾਰ ਦੀ ਸਿਖਿਆ ਤੇ ਸਿਖਲਾਈ ਤੱਕ ਉਹਨਾਂ ਦੀ ਅਪਹੁੰਚ ਦਾ ਇਹਨਾਂ ਪਰਿਵਾਰਾਂ ਦੀਆਂ ਔਰਤਾਂ ਤੇ ਬੱਚਿਆਂ 'ਤੇ ਵੀ ਅਸਰ ਪੈਂਦਾ ਹੈ।

ਇਹਨਾਂ ਗਰੀਬ ਪਰਿਵਾਰਾਂ ਦੀਆਂ ਔਰਤਾਂ ਦੇ ਪ੍ਰਮੁਖ ਲੱਛਣ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਘਾਟ ਹੈ, ਜਿਸ ਦਾ ਸ਼ਿਕਾਰ ਅਮੀਰ ਔਰਤਾਂ ਵੀ ਹਨ। ਬਚਪਨ ਤੋਂ ਹੀ ਇਹਨਾਂ ਔਰਤਾਂ ਦੀ ਪਰਵਰਿਸ਼ ਇਸ ਢੰਗ ਨਾਲ ਨਹੀਂ ਹੋਂਦੀ ਕਿ ਉਹ ਭਵਿੱਖ ਵਿਚ ਆਪਣੇ ਪੈਰਾਂ 'ਤੇ ਖੜੀਆਂ ਹੋ ਸਕਣ, ਸਗੋਂ ਇਸ ਢੰਗ ਨਾਲ ਕਿ ਉਹਨਾਂ ਦੀ ਦੇਖ ਭਾਲ ਬੰਦੇ ਵਲੋਂ ਜਾਂ ਪਰਿਵਾਰ ਵਲੋਂ ਕੀਤੀ ਜਾਵੇਗੀ। ਨਿੱਕੀ ਉਮਰ ਤੋਂ ਹੀ ਕਮਾਈ ਲਈ ਰੁਜ਼ਗਾਰ ਅਤੇ ਘਰੇਲੂ ਕੰਮ ਕਰਨਾ ਉਹਨਾਂ ਦੀ ਨਿਸਚਿਤ ਭੂਮਿਕਾ ਤੇ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਜ਼ਿੰਮੇਵਾਰੀ ਦੀ ਇਹ ਨੈਤਿਕ ਪ੍ਰਵਾਨਗੀ ਉਹਨਾਂ ਨੂੰ ਬਦਲੇ ਹੋਏ ਮਾਹੌਲ ਵਿਚ ਆਪਣੇ ਆਪ ਨੂੰ ਢਾਲਣ ਦੀ ਸਮਰੱਥਾ ਬਖਸ਼ਦੀ ਹੈ। ਪਿੰਡਾਂ ਵਿਚੋਂ ਸ਼ਹਿਰਾਂ ਵਿਚ ਜਾਂ ਬਾਹਰਲੇ ਦੇਸ਼ਾਂ ਵਿਚ ਗਏ ਲੋਕਾਂ ਵਿਚੋਂ ਉਹ ਔਰਤਾਂ ਜਿਹਨਾਂ ਨੂੰ ਆਪਣੇ ਜੱਦੀ ਜ਼ਰਾਇਤੀ ਕਿਤੇ ਜਾਂ ਹੋਰ ਮੁਹਾਰਨੀ ਕਿੱਤਿਆਂ ਜਿਵੇਂ ਦਸਤਕਾਰੀ ਦਾਈ ਦਾ ਕੰਮ ਆਦਿ ਨੂੰ ਛੱਡਣਾ ਪਿਆ ਅਤੇ ਗੈਰ-ਮੁਹਾਰਤ ਪ੍ਰਾਪਤ ਕੰਮਾਂ ਨੂੰ ਜਾਂ ਅੱਧ ਪਚੱਧੀ ਮੁਹਾਰਤ ਵਾਲੇ ਕਿਤੇ ਜਿਵੇਂ, ਉਸਾਰੀ ਘਰੇਲੂ ਕੰਮ, ਨਿੱਕੇ ਮੋਟੇ ਬਿਉਪਾਰ ਆਦਿ ਨੂੰ ਅਪਣਾਉਣਾ ਪਿਆ ਪੜ੍ਹਤੀ ਦੇ ਆਧਾਰ 'ਤੇ ਨਵੇਂ ਕਿਸਮ ਦੇ ਕੰਮਾਂ ਪ੍ਰਤੀ ਇਹਨਾਂ ਗਰੁਪਾਂ ਦੇ ਆਦਮੀਆਂ ਦੇ ਮੁਕਾਬਲੇ ਬਹੁਤ ਘੱਟ ਵਿਰੋਧ ਹੈ। ਕਾਰਣ ਇਹ ਹੈ ਕਿ ਉਹ ਵੇਖਦੀ ਹੈ ਕਿ ਭਾਵੇਂ ਕਿਸੇ ਵੀ ਰੂਪ ਵਿਚ ਹੋਵੇ ਉਸ ਦੀ ਪਹਿਲੀ ਭੂਮਿਕਾ ਉਹੋ ਹੈ ਜੋ ਪਰਿਵਾਰ ਵਲੋਂ ਉਸ ਨੂੰ ਮਿਲਦੀ ਹੈ।

ਅਖੀਰ ਵਿਚ, ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਇਹਨਾਂ ਗਰੀਬ ਪਰਿਵਾਰਾਂ ਵਿਚ ਜਿਥੇ ਔਰਤਾਂ ਨੂੰ ਆਪਣੀ ਆਮਦਣ ਆਪ ਸਾਂਭਣੀ ਪੈਂਦੀ ਹੈ,ਉਥੇ ਬੱਚਿਆਂ ਦੀ ਖੁਰਾਕ ਦਾ ਵਧੀਆਂ ਬੰਦੋਬਸਤ ਹੁੰਦਾ ਹੈ। ਇਹ ਗੱਲ ਆਦਮੀ ਵਿਚ ਨਹੀਂ ਮਿਲਦੀ। ਉਹ ਬਹੁਤਾ ਗੈਰ-ਘਰੇਲੂ ਗੱਲਾਂ 'ਤੇ ਖਰਚ ਕਰਦੇ ਹਨ। ਜਿਵੇਂ ਸ਼ਰਾਬ, ਜੂਆ ਆਦਿ।

ਇਹਨਾਂ ਗਵਾਹੀਆਂ ਦੇ ਆਧਾਰ 'ਤੇ ਇਹ ਪ੍ਰਤੀਤ ਹੁੰਦਾ ਹੈ ਕਿ ਫੁਰਸਤ ਦਾ ਅਧਿਕਾਰ/ਵਿਅਕਤੀਗਤ ਤਰੱਕੀ ਤੀਜੇ ਜਗਤ ਦੀਆਂ ਗਰੀਬ ਔਰਤਾਂ ਲਈ ਕੰਮ ਕਰਨ ਦੇ ਅਧਿਕਾਰ ਦੇ ਮੁਕਾਬਲੇ ਸ਼ਾਇਦ ਸਭੋਂ ਵਧ ਅਰਥ ਭਰਪੂਰ ਹੈ। ਕੰਮ ਕਰਨ ਦਾ ਅਧਿਕਾਰ ਸ਼ਾਇਦ ਦਰਮਿਆਨੀ ਜਮਾਤ ਜਾਂ ਉਪਰਲੀ ਜਮਾਤ ਲਈ ਅਰਥ ਰਖਦਾ ਹੋਵੇ ਜਿਹਨਾਂ ਨੂੰ ਕੰਮ ਕਰਨ ਜਾਂ ਨਾ ਕਰਨ ਦੀ ਖੁਲ੍ਹ ਹੈ ਅਤੇ ਜਿਨ੍ਹੂੰ ਪਰਿਵਾਰ ਤੇ ਬਿਰਾਦਰੀ ਦੇ ਵਿਰੋਧ ਦਾ ਮੁਕਾਬਲਾ ਰਚਨਾ ਪੈ ਸਕਦਾ ਹੈ।ਆਰਥਿਕ ਦਬਾਅ ਕਰਕੇ ਔਰਤਾਂ ਦੇ ਕੰਮ ਕਰਨ ਬਾਰੇ ਨਜ਼ਰੀਆ ਤੇਜ਼ੀ ਨਾਲ ਇਹਨਾਂ ਜਮਾਤਾਂ 'ਚ ਵੀ ਬਦਲ ਰਿਹਾ ਹੈ ਤੇ ਸੰਭਵ ਹੈ ਭਵਿਖ ਵਿਚ ਉਹਨਾਂ ਲਈ ਵੀ ਅਰਥ ਭਰਪੂਰ ਹੋ ਜਾਵੇ। ਇਸ ਦੇ ਨਾਲ ਹੀ ਪ੍ਰੰਪਰਾਗਤ ਉਪਰਲੀ ਜਮਾਤ ਦੇ ਔਰਤਾਂ ਬਾਰੇ ਆਦਰਸ਼ ਦਾ ਪ੍ਰਭਾਵ ਹੇਠ ਸਮਾਜ ਦੇ ਦੂਸਰੇ ਸਮੂਹਾਂ ਤਕ ਅਪੜਦਾ ਹੈ ਜੋ ਆਰਥਿਕ ਤੇ ਸਿਖਿਆ ਦੇ ਵਿਕਾਸ ਰਾਹੀਂ ਸਮਾਜ ਵਿਚ ਉਪਰ ਵਲ ਉਠਣ ਦਾ ਅਨੁਭਵ ਕਰ ਰਹੇ ਹਨ। ਇਨ੍ਹਾਂ ਸਮੂਹ ਵਿਚ ਹੀ ਔਰਤ ਪਰਿਵਾਰ ਤੋਂ ਬਾਹਰ ਸਰਗਰਮ ਕੰਮ ਤੋਂ ਪਿਛੇ ਹਟ ਜਾਂਦੀ ਅਤੇ ਸਮਾਜਿਕ ਇਕਲਵਾਂਝੇ ਦੀ ਸ਼ਿਕਾਰ ਹੋ ਜਾਂਦੀ ਹੈ।

ਜਮਾਤੀ ਵਿਤਕਰੇ ਵਾਲੇ ਤੇ ਗਰੀਬ ਸਮਾਜ ਵਿਚ

ਰੋਜ਼ਗਾਰ ਆਪਣੇ ਆਪ 'ਚ ਗਰੀਬ ਸਮੂਹਾਂ ਦੀਆਂ ਔਰਤਾਂ ਦੀ ਸੁਤੰਤਰਤਾ ਜਾਂ ਪਦਵੀਂ ਜਾਂ ਲੁੱਟ ਤੋਂ ਆਜ਼ਾਦੀ ਦੀ ਗਰੰਟੀ ਨਹੀਂ ਹੈ। ਨੌਕਰੀ ਪੇਸ਼ਾ ਔਰਤਾਂ ਸਭ ਤੋਂ ਵਧ ਲੁੱਟ ਦੀਆਂ ਸ਼ਿਕਾਰ ਹਨ,-ਮਾਲਕ ਵਲੋਂ ਘੱਟ ਤਨਖਾਹ, ਕੰਮਾਂ ਦਾ ਵੱਧ ਸਮਾਂ, ਕੰਮ ਦੀ ਮਾੜੀ ਹਾਲਤ, ਅਸੁਰੱਖਿਆ, ਕਾਮ ਸੰਬੰਧੀ ਲੁੱਟ ਆਦਿ, ਪਰਿਵਾਰ ਵਲੋਂ ਖਾਣ-ਪੀਣ ਸੰਬੰਧੀ ਵਿਤਕਰੇ, ਸਿਹਤ ਤੇ ਸਿਖਿਆ ਵਲ ਘੱਟ ਧਿਆਨ, ਕੰਮ ਦਾ ਲੰਮਾ ਸਮਾਂ ਆਦਿ, ਆਦਮੀ ਵਲੋਂ ਦਮਨ, ਬਲਾਤਕਾਰ, ਕਾਮ ਸੰਬੰਧੀ ਪਰੇਸ਼ਾਨੀਆਂ, ਹੋਰ ਤਰ੍ਹਾਂ ਦੇ ਸਰੀਰਕ ਕੰਮ ਆਦਿ, ਅਤੇ ਸਮਾਜ ਵਲੋਂ ਉਹਨਾਂ ਦੀ ਪਰਿਵਾਰ ਤੇ ਕੌਮੀ ਆਮਦਨ ਨੂੰ ਨ ਪਛਾਨਣਾ ਤੇ ਨ ਸਤਿਕਾਰਨਾ। ਸਮਾਜ ਉਹਨਾਂ ਨੂੰ ਵਿਕਾਸ ਦੀ ਥਾਂ ਭਲਾਈ ਦੀ ਲੋੜ ਲਈ ਖਪਤਕਾਰ ਸਮਝਦਾ ਹੈ ਅਤੇ ਮਨੁਖਾਂ ਦੇ ਵਿਕਾਸ ਸੰਬੰਧੀ ਪਲੈਨਿੰਗ ਨੂੰ ਵਿਸਾਰਦਾ ਹੈ।

ਇਸ ਹਾਲਤ ਵਿਚ, ਔਰਤਾਂ ਦੀਆਂ ਹੋਰ ਲੋੜਾਂ ਵਲ ਧਿਆਨ ਨ ਰਖਦਿਆਂ, ਸਿਰਫ ਉਹਨਾਂ ਦੇ ਰੁਜ਼ਗਾਰ ਦੇ ਵਿਕਾਸ ਜਾਂ ਆਮਦਨ ਵਧਾਉਣਾ ਉਹਨਾਂ ਨੂੰ ਜ਼ਿਆਦਾ ਦਮਨ ਵਲ ਵੱਲ ਲੈ ਜਾਂਦਾ ਹੈ। ਇਸ ਤਰ੍ਹਾਂ ਔਰਤ ਕੋਲੂ ਦਾ ਬਲਦ ਹੋ ਕੇ ਰਹਿ ਜਾਂਦੀ ਹੈ ਅਤੇ ਅਪਣੇ ਵਿਕਾਸ ਦੀ ਸਮਰਥਾ ਗੁਆ ਬਹਿੰਦੀ ਹੈ। ਔਰਤ ਕਿਰਤੀਆਂ ਦੀ ਸੁੱਰਖਿਆ ਲਈ ਬਣੇ ਕਾਨੂੰਨ ਅਤੇ ਟਰੇਡ ਯੂਨੀਅਨਾਂ ਦਾ ਰੋਲ ਉਹਨਾਂ ਦੀ ਹੋ ਰਹੀ ਲੁੱਟ 'ਤੋਂ ਬਚਾਉਣ ਦਾ ਸਮਝਿਆ ਜਾਂਦਾ ਹੈ। ਪਰ ਤੀਜੇ ਜਗਤ ਦੇ ਦੇਸਾਂ ਵਿਚ ਇਹ ਬਹੁਤ ਹੀ ਘਟ ਹਨ। ਯੂਨੀਅਨ ਤੇ ਕਾਨੂੰਨ ਕੇਵਲ ਇਹਨਾਂ ਆਰਥਿਕ-ਵਿਵਸਥਾਵਾਂ ਦੇ ਸੰਗਠਿਤ ਖੇਤਰ 'ਚ ਕਾਰਜਸ਼ੀਲ ਹੈ। ਆਮ ਤੌਰ ਉਤੇ ਸਮੂਚੇ ਕੌਮੀ ਅਰਥ ਵਿਵਸਥਾਵਾਂ ਦੇ ਇਕ ਨਿੱਕੇ ਹਿੱਸੇ ਵਿਚ। ਦੋਹਰੀ ਅਰਥ-ਵਿਵਸਥਾ ਤੇ ਵਾਧੂ ਕਿਰਤ ਦੇ ਸੰਦਰਭ ਵਿਚ, ਜੋ ਕਿ ਬਹੁਤ ਸਾਰੇ ਤੀਜੇ ਜਗਤ ਦੇ ਦੇਸ਼ਾਂ ਵਿਚ ਹੈ, ਆਧੁਨੀਕੀਕਰਣ ਦੀ ਪ੍ਰਕ੍ਰਿਆ ਔਰਤਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚ ਗੈਰ-ਜਥੇਬੰਦ, 'ਲੁਕਵੇਂ' ਕਿੱਤਿਆਂ ਵਲ ਵਧ ਤੋਂ ਵਧ ਪ੍ਰੇਰਦਾ ਹੈ। ਇਤਫਾਕੀਆਂ ਮਜ਼ਦੂਰੀ, ਘਰੇਲੂ ਨੌਕਰੀ ਦੇ ਨਿੱਕੇ-ਮੋਟੇ ਬਿਉਪਾਰ ਵਿਚ ਬਹੁਤੀ ਗਿਣਤੀ-ਔਰਤਾਂ ਦੀ ਹੈ। ਤੀਜੇ ਜਗਤ ਦੇ ਇਸਤ੍ਰੀ-ਕਾਮਿਆਂ ਦਾ ਇਸ ਵੱਡੀ ਗਿਣਤੀ ਦੀ ਸੁਰਖਿਆ ਵੱਲ ਟਰੇਡ ਯੂਨੀਅਨ ਤੇ ਕਿਰਤ-ਕਾਨੂੰਨ ਬਹੁਤਾ ਧਿਆਨ ਨਹੀਂ ਦੇਂਦੇ। ਇਸ ਦਾ ਕਾਰਣ ਇਹਨਾਂ ਕਾਨੂੰਨਾਂ ਵਿਚਲੀ 'ਕਾਮੇ' ਦੀ ਸੌੜੀ ਪਰਿਭਾਸ਼ਾ ਹੈ ਅਤੇ ਨਾਲ ਹੀ ਟਰੇਡ ਯੂਨੀਅਨਾਂ ਵਲੋਂ ਇਹਨਾਂ ਨੂੰ ਜਥੇਬੰਦ ਕਰਨ ਦੀ ਅਸਮਰੱਥਾ ਹੈ। ਜਥੇਬੰਦ ਖੇਤਰ ਵਿਚ ਹੀ ਟਰੇਡ ਯੂਨੀਅਨਾਂ ਵਿਚ ਔਰਤਾਂ ਦੀ ਸ਼ਮੂਲੀਅਤ, ਖਾਸ ਤੌਰ 'ਤੇ ਫੈਸਲੇ ਕਰਨ ਦੇ ਪੜਾਅ 'ਤੇ ਬਹੁਤ ਘੱਟ ਹੈ। ਲੋਕਾਂ ਦਾ ਇਸ ਸਮੱਸਿਆ ਵਲ ਧਿਆਨ ਦਵਾਉਣ ਸੰਬੰਧੀ ਟਰੇਡ ਯੂਨੀਅਨਾਂ ਦਾ ਕੰਮ ਵੀ ਬਹੁਤਾ ਤਸੱਲੀਬਖਸ਼ ਨਹੀਂ।

ਟਰੇਡ ਯੂਨੀਅਨ ਦਰ ਅਸਲ ਉਦਯੋਗੀਕਰਣ ਦੀ ਪ੍ਰਕ੍ਰਿਆ ਦੀ ਪਿੱਠਭੂਮੀ 'ਚ ਵਿਕਸਤ ਹੋਈ ਹੈ ਅਤੇ ਦੋ ਸੰਕਲਪਾਂ ਦੇ ਪ੍ਰਤਿਪਾਦਨ ਵਿਚ ਹਿੱਸੇਦਾਰ ਹੈ ਜੋ ਔਰਤਾਂ ਦੀ ਬਰਾਬਰੀ ਤੇ ਵਿਕਾਸ ਦੇ ਪੱਖ ਤੋਂ ਘਾਤਕ ਹਨ : (ੳ) ਔਰਤਾਂ ਨੂੰ 'ਪੂਰਕ' ਕਮਾਊ ਸਮਝਣ ਦਾ ਸੰਕਲਪ, ਜਿਹੜਾ ਆਪਣੇ ਆਪ ਹੀ ਸਮਾਜ ਵਿਚ ਉਸ ਆਰਥਿਕ ਪਦਵੀ ਨੂੰ ਘਟਾ ਦੇਂਦਾ ਹੈ ਅਤੇ ਆਰਥਿਕ ਸਰਗਰਮੀ ਵਿਚ ਉਹਨਾਂ ਦੀ ਸ਼ਮੂਲੀਅਤ ਨੂੰ ਗਰੀਬੀ ਵਿਚ ਪੈਂਦਾ ਹੋਈ ਕਮਜ਼ੋਰੀ ਸਮਝਿਆ ਜਾਂਦਾ ਹੈ। (ਅ) ਔਰਤਾਂ ਤੇ ਬੱਚਿਆਂ ਲਈ ਵਧੀਆਂ ਸੁਰਖਿਆ ਕਿਰਤ ਲਈ ਪਰਿਵਾਰਕ ਉਜਰਤ ਹਾਸਲ ਕਰਨਾ ਹੈ। ਇਸ ਤਰ੍ਹਾਂ ਉਸ ਦਾ ਆਮਦਨ ਲਈ ਕੰਮ ਕਰਨਾ ਗੈਰ-ਜ਼ਰੂਰੀ ਬਣ ਜਾਂਦਾ ਹੈ।

ਇਹ ਦੋਵੇਂ ਵਿਚਾਰ ਔਰਤਾਂ ਨੂੰ ਖਪਤਕਾਰ ਤੇ ਮੁੜ-ਉਤਪਾਦਕ ਦੇ ਰੂਪ ਵਿਚ ਪੇਸ਼ ਕਰਦੇ ਹਨ ਨਾ ਕਿ ਉਤਪਾਦਕ ਦੇ ਰੂਪ ਵਿਚ। ਇਹੀ ਵਿਚਾਰ ਉਹਨਾਂ ਸਿਧਾਂਤਾ ਦਾ ਆਧਾਰ ਹਨ ਕਿ ਔਰਤਾਂ ਦੀ ਰੋਜ਼ਗਾਰ ਦੀ ਮੰਗ ਥੋੜੇ ਸਮੇਂ ਦੀ ਤੇ ਆਰਜ਼ੀ ਹੈ। ਇਹ ਇਸ ਕਰਕੇ ਹੈ ਕਿ ਵਿਆਹ ਦੀ ਉਮਰ ਵਧ ਗਈ ਹੈ ਜਾਂ ਗਰੀਬੀ ਕਰਕੇ ਹੈ। ਇਸ ਨਾਲ ਪੱਕੀ ਆਸ ਜੁੜੀ ਹੈ ਕਿ ਵਿਆਹ ਹੋਣ, ਮਾ ਬਣਨ ਜਾਂ ਪਰਿਵਾਰ ਦੀ ਖੁਸ਼ਹਾਲੀ ਨਾਲ ਉਹ ਰੋਜ਼ਗਾਰ ਛੱਡ ਦੇਵੇਗੀ। ਇਹ ਵਿਸਵਾਸ਼ ਸਿਖਲਾਈ, ਭਰਤੀ, ਤਰੱਕੀ ਅਤੇ ਸਿਖਲਾਈ ਦੀਆ ਆਮ ਨੀਤੀਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਹ ਦਰਅਸਲ ਦਰਮਿਆਨੇ ਤਬਕੇ ਦੀਆਂ ਔਰਤਾਂ ਦੀ ਭੂਮਿਕਾ ਬਾਰੇ ਨਜ਼ਰੀਏ ਨੂੰ ਦਰਸਾਉਂਦੇ ਹਨ। ਇਹ ਤੀਜੇ ਜਗਤ ਦੀਆਂ ਔਰਤਾਂ ਦੇ ਬਹੁਤ ਵਡੇ ਹਿੱਸੇ ਦੇ ਜੀਵਨ ਦੇ ਯਥਾਰਥ ਨੂੰ ਨਹੀਂ ਜਾਣਦੇ, ਜਿਹਨਾਂ ਲਈ ਵਿਆਹ ਹੋਣਾ ਤੇ ਮਾਂ ਬਣਨਾ ਰੋਜ਼ੀ ਕਮਾਉਣ ਤੋਂ ਨਹੀਂ ਹਟਾ ਸਕਦਾ।

ਹੋਰ ਮਹਤਵ ਪੂਰਨ ਪਾਲਸੀ-ਮਸਲਾ, ਜਿਹੜਾ ਖਾਸ ਤੌਰ 'ਤੇ ਤੀਜੇ ਜਗਤ ਦੇ ਦੇਸ਼ਾਂ ਦੇ ਦਰਪੇਸ਼ ਹੈ, ਔਰਤਾਂ ਲਈ ਨਵਾਂ ਰੋਜ਼ਗਾਰ ਦੇ ਵਡੇ ਹਿਸੇ ਦਵਾਉਣਾ ਹੈ। ਸਰਕਾਰ ਤੇ ਸਵੈਂਸੇਵੀ ਏਜੰਸੀਆਂ ਦੇ ਲਈ ਇਕ ਮਿਥਿਆ ਹੋਇਆ ਝੁਕਾਅ ਘਰੋਗੀ ਉਦਯੋਗ ਦੇ ਅੰਤਰਗਤ ਔਰਤਾਂ ਲਈ ਦੋਹਰੀ ਭੂਮਿਕਾ ਨੂੰ ਸੁਖਾਵਾਂ ਕਰਨ ਲਈ ਆਸਾਨ ਢਂਗ ਸਮਝਦੇ ਹਨ। ਇਸ ਤਰ੍ਹਾਂ ਸਰਕਾਰਾਂ/ਸਮਾਜ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਬੱਚਿਆਂ ਦੀ ਦੇਖ ਭਾਲ ਲਈ ਵਾਧੂ ਬੰਦੋਬਸਤ ਕਰੇ ਜਾਂ ਮਰਦ

(ਦੇਖੋ ਸਫਾ 39 ਤੇ)

ਨਾਟਕ :

# ਕਥਾ ਕੇਹਰ ਸਿੰਘ ਕਿਸਾਨ ਦੀ

ਬੀਰ ਸਿੰਘ ਨਿਰਵੈਰ ਦੇ ਨਾਵਲ 'ਸੱਸਤਾ ਲਹੂ' ਤੇ ਆਧਾਰਤ ਨਾਟਕ

(ਨਾਟਕੀ ਰੂਪ ਗੁਰਸ਼ਰਨ ਸਿੰਘ )

---

ਪਾਤਰ : ਕੇਹਰ ਸਿੰਘ-ਇਕ ਕਿਸਾਨ,
ਪ੍ਰਮੇਸ਼ਵਰੀ-ਉਹ ਦੀ ਪਤਨੀ,
ਕੰਵਲਜੀਤ-ਉਹਨਾਂ ਦੀ ਧੀ,
ਕੋਮਲ-ਪੁਤਰ,
ਤਾਰੂ-ਇਕ ਸੀਰੀ,
ਤੇ ਇਕ ਸ਼ਾਹ।

(ਪਰਦਾ ਖੁਲ੍ਹਣ ਤੇ ਕੇਹਰ ਸਿੰਘ ਵਹੀ ਤੇ ਅੰਗੂਠਾ ਲਾਂਉਂਦਾ ਦਿਸਦਾ ਹੈ।)

ਸ਼ਾਹ-(ਵਹੀ ਪੜ੍ਹਦੇ ਹੋਏ) ਇਕਾਨਵੇਂ ਸੌ ਰੁਪਿਆ ਲੈ ਗਿਆ। ਕੇਹਰ ਸਿੰਘ ਪੁਤਰ ਵਰਿਯਾਮ ਸਿੰਘ, ਧਰਮਪੁਰੇ ਵਾਲਾ ਜੱਟ, ਵਿਆਜ ਦੋ ਰੁਪਏ ਪ੍ਰਤੀ ਸੈਂਕੜਾ ਦੇਣ ਦਾ ਇਕਰਾਰ ਕੀਤਾ। ਪੈਸੇ ਸਣੇ ਵਿਆਜ ਸਾਉਣੀ ਨੂੰ ਲੈਣੇ ਕੀਤੇ।

ਕੇਹਰ ਸਿੰਘ-ਸ਼ਾਹ ਅੰਗੂਠਾ ਤਾਂ ਤੂੰ ਲਵਾ ਲਿਆ, ਹੁਣ ਹਿਸਾਬ ਵੀ ਇਕ ਵਾਰੀ ਫੇਰ ਦਸਦੇ।

ਸ਼ਾਹ-(ਵਹੀ ਪੜ੍ਹਦਾ ਹੋਇਆ) ਹਿਸਾਬ ਤਾਂ ਸਿੱਧਾ ਏ ਕੇਹਰ ਸਿਆਂ। ਪਹਿਲੇ ਵਾਲੇ 7600 ਦਾ 6 ਮਹੀਨੇ ਦਾ ਵਿਆਜ 920 ਰੁਪਏ, ਬਣ ਗਏ 8520 ਰੁਪਏ। 1500 ਦਾ ਚਾਰ ਮਹੀਨੇ ਦਾ ਵਿਆਜ 120 ਰੁਪਏ, ਹੋ ਗਏ ਪੂਰੇ 1620 ਰੁਪਏ। ਮਿੱਠੂ ਦੇ ਵਿਆਹ ਵੇਲੇ ਫੜੇ 100 ਰੁਪਏ, ਦੋ ਮਹੀਨੇ ਦਾ ਵਿਆਜ ਪਾ ਕੇ ਹੋ ਗਏ 104 ਰੁਪਏ, ਕੁਲ ਚਲਤ ਹੋ ਗਈ, 10514 ਰੁਪਏ ਕੁਲ ਕਣਕ ਦੀ ਵੱਟਤ 11325 ਰੁਪਏ। ਸੋ ਬਾਕੀ ਬਚੇ, 811 ਰੁਪਏ। ਹੁਣ ਲਏ ਨਕਦ 8911 ਰੁਪਏ, ਸੋ ਸਾਰਾ ਕੱਟ ਕਟਾਕੇ ਖਾਤਾ ਬਣ ਗਿਆ 9100 ਰੁਪਏ। ਕਿਉਂ ਆ ਗਈ ਨਾਂ ਸਮਝ? ਕੀ ਕਹਿਣਾ ਏਂ?...

ਕੇਹਰ ਸਿੰਘ-ਆ ਗਈ ਸਮਝ ਸ਼ਾਹ ਜੀ, ਭਲਾ ਤੁਹਾਡਾ ਹਿਸਾਬ ਵੀ ਕਿਤੇ ਗਲਤ ਹੋ ਸਕਦਾ ਏ? ਗ਼ਲਤੀ ਤਾਂ ਕਿਤੇ ਹੋਰ ਹੀ ਲਗਦੀ ਏ।

ਸ਼ਾਹ-ਕਿਹੜੀ ਗ਼ਲਤੀ?

ਕੇਹਰ ਸਿੰਘ-ਪਿਛਲੇ ਸਾਲ ਤੁਹਾਡੀ ਰਕਮ ਸੀ 7600 ਰੁਪਏ ਹੁਣ ਹੋ ਗਈ 9100 ਰੁਪਏ।
ਸਾਡਾ ਨਰਮਾ, ਸਾਡੀ ਹਾੜੀ ਕਿਸ ਕਮ, ਗ਼ਲਤੀ ਤਾਂ ਏਥੇ ਈ ਆ...

(ਸ਼ਾਹ ਉਠਦਾ ਹੈ ਤੇ ਫੇਰ ਬਾਹਰ ਚਲੇ ਜਾਂਦਾ ਹੈ)

(ਸੀਨ ਪਹਿਲਾ)

—ਕੇਹਰ ਸਿੰਘ ਦਾ ਘਰ— ਕੇਹਰ ਸਿੰਘ ਮੰਜੇ ਤੇ ਬੈਠਾ ਹੈ — ਉਹਦੀ ਵਹੁਟੀ ਪ੍ਰਮੇਸ਼ਰੀ ਆਉਂਦੀ ਹੈ।

ਪ੍ਰਮੇਸ਼ਵਰੀ-ਕੋਮਲ ਦੇ ਬਾਪੂ, ਕਿਹੜੀਆਂ ਸੋਚਾਂ ਵਿਚ ਪਏ ਹੋ?

ਕੇਹਰ ਸਿੰਘ-ਸੋਚਾਂ ਕਾਹਦੀਆਂ—ਕੋਮਲ ਦੀ ਮਾਂ—ਸਾਡੀਆਂ ਤਾਂ ਸਾਰੀਆਂ ਸੋਚਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਨੇ—ਐਤਕੀ ਤਾਂ ਉਂਈ ਲੱਕ ਟੁੱਟ ਗਿਐ।

ਪ੍ਰਮੇਸ਼ਵਰੀ-ਰੱਬ ਵੀ ਲਗਦੇ, ਵੈਰ ਹੀ ਪਿਆ ਹੋਇਆ ਏ, ਸੂਣ ਵਾਲੀ ਗਊ ਬਿਮਾਰ ਹੋ ਕੇ ਮਰ ਗਈ, ਮੱਝ ਵੀ ਦੁੱਧੋਂ ਭੱਜ ਗਈ ਤੇ ਇਸ ਗੜੇ ਮਾਰ ਨੇ ਕੱਖ ਨਹੀਂ ਛੱਡਿਆ— ਤੁਸੀਂ ਤਾਂ ਕਹਿੰਦੇ ਸੀ ਸਰਕਾਰ ਨੇ ਕੋਈ ਮਦਦ ਦਾ ਏਲਾਨ ਕੀਤਾ ਏ— ਕੋਈ ਹੱਥ ਪੈਰ ਮਾਰ ਲੈਣਾ ਸੀ—

ਕੇਹਰ ਸਿੰਘ-ਸਰਕਾਰਨੇ ਇਕ ਸੌ ਰੁਪਿਆ ਕਿਲੇ ਦਾ ਦੇਣਾ ਐਲਾਨ ਕੀਤਾ ਸੀ ਮੈਂ ਦਰਖਾਸਤ ਵੀ ਦਿਤੀ ਏ,

ਤੇ ਕਹਿੰਦੇ ਨੇ ਉਹ ਮਿਲ ਵੀ ਜਾਏਗਾ, ਪਰ ਭਾਗਵਾਨੇ ਸੱਤ ਸੌ ਰੁਪਏ ਕਿਲੇ ਦੇ ਨੁਕਸਾਨ ਨੂੰ ਇਕ ਸੌ ਕਿਸ ਤਰਾਂ ਪੂਰਾ ਕਰ ਸਕਦਾ ਏ– ਮੈਂ ਤਾਂ ਹੁਣ ਨਰਮੇ ਬਾਰੇ ਵਿਉਂਤ ਪਿਆ ਬਣਾਉਂਦਾ ਹਾਂ।

ਪ੍ਰਮੇਸ਼ਵਰੀ–ਮੈਂ ਵੀ ਤੁਹਾਡੇ ਨਾਲ ਗਲ ਕਰਨੀ ਏ, ਉਸ ਬਾਰੇ ਵੀ ਵਿਉਂਤ ਬਣਾਓ।

ਕੇਹਰ ਸਿੰਘ–ਕਿਸ ਗਲ ਬਾਰੇ ?

ਪ੍ਰਮੇਸ਼ਵਰੀ–ਕੰਵਲਜੀਤ ਵਾਸਤੇ ਕੋਈ ਟਿਕਾਣਾ ਵੇਖਣਾ ਚਾਹੀਦੈ–ਸਮਾਂ ਵੇਖੋ ਕਿਧਰ ਨੂੰ ਜਾ ਰਿਹਾ ਏ। ਜਿਹੜਾ ਭਾਰ ਸਿਰ ਤੋਂ ਲਹਿ ਜਾਵੇ, ਉਹੋ ਚੰਗਾ ਏ।

ਕੇਹਰ ਸਿੰਘ–ਮੈਂ ਕਿਹੜਾ ਸਮਝਦਾ ਨਹੀਂ, ਪਰ ਮੈਂ ਤਾਂ ਸੋਚਦਾ ਹਾਂ ਕਿ ਜੇਕਰ ਕਰਜ਼ ਦਾ ਭਾਰ ਹੌਲਾ ਹੋ ਜਾਵੇ ਤਾਂ ਸੌਖਾ ਹੋ ਕੇ ਕੰਵਲਜੀਤ ਦਾ ਰਿਸ਼ਤਾ ਕਰੀਏ ਕਰਜ਼ੇ ਦੇ ਪਹਿਲੇ ਹੀ ਦੱਬੇ ਹੋਏ ਹਾਂ, ਕਿਤੇ ਹੋਰ ਖਰਚ ਕਰਕੇ ਜ਼ਮੀਨ ਵੀ ਨਾ ਵੇਚਣੀ ਪੈ ਜਾਏ।

ਪ੍ਰਮੇਸ਼ਵਰੀ–ਦਸ ਵਰੇ ਹੋ ਗਏ ਕਰਜ਼ਾ ਸਿਰੋਂ ਨਾਂ ਲਥਿਆ, ਜੇਕਰ ਇਹ ਦਸ ਸਾਲ ਹੋਰ ਨਾਂ ਲਹਿ ਸਕਿਆ ਤਾਂ ਕੀ ਅਸੀਂ ਕੰਵਲਜੀਤ ਨੂੰ ਘਰ ਹੀ ਬਿਠਾ ਛਡਣਾ ਏ ?

ਕੇਹਰ ਸਿੰਘ–ਮੈਂ ਇਹ ਕਦੋਂ ਕਹਿਨਾ ਵਾਂ, ਮੈਂ ਇਸ ਸਾਲ ਤਾਂ ਹੀ ਤਾਰੂ ਨੂੰ ਸੀਰੀ ਰਖਣ ਬਾਰੇ ਸੋਚਦਾ ਹਾਂ ਕਿ ਉਹ ਦੱਬਕੇ ਦੋ ਫਸਲਾਂ ਦੀ ਕਮਾਈ ਕਰੇਗਾ– ਨਾਲੇ ਮੈਂ ਉਸਦੇ ਸਹਾਰੇ ਕੰਮ ਛੱਡਕੇ ਫਿਰ ਤੁਰ ਕੇ ਕਿਸੇ ਟਿਕਾਣੇ ਦੀ ਭਾਲ ਕਰ ਲਵਾਂਗਾ। ਜੇਕਰ ਦੋਨੋਂ ਫਸਲਾਂ ਚੰਗੀਆਂ ਹੱਥ ਲਗ ਜਾਣ ਤਾਂ ਕਰਜ਼ੇ ਦਾ ਭਾਰ ਵੀ ਤਾਂ ਲਹਿ ਸਕਦਾ ਏ।

ਪ੍ਰਮੇਸ਼ਵਰੀ–ਬਸ ਤੁਹਾਨੂੰ ਤਾਂ ਹਰ ਵੇਲੇ ਉਸੇ ਕਰਜ਼ੇ ਦਾ ਹੀ ਖਿਆਲ ਰਹਿਦਾ ਏ ?

ਕੇਹਰ ਸਿੰਘ–ਖਿਆਲ ਕਿਉਂ ਨਾ ਹੋਵੇ ? ਹਰ ਸਾਲ ਬੈਠੇ ਬਿਠਾਏ ਵਿਆਜ ਚੜ੍ਹਦਾ ਜਾਂਦਾ ਏ।

ਪ੍ਰਮੇਸ਼ਵਰੀ–ਪੈਸਿਆਂ ਦਾ ਕਰਜ਼ਾ ਤਾਂ ਵਿਆਜ ਹੀ ਵਧਾਉਂਦਾ ਏ ਪਰ ਕੋਮਲ ਦੇ ਬਾਪੂ, ਧੀ ਭੈਣ ਦਾ ਭਾਰ ਕਿਤੇ ਵਡਾ ਕਰਜ਼ਾ ਏ ਤੇ ਮੇਰੀ ਮੰਨੋ, ਕੰਵਲਜੀਤ ਦੇ ਮਾਮੇ ਹੋਰਾਂ ਦੀ ਸਲਾਹ ਲਵੋ– ਆਪਣੇ ਪਿੰਡ ਦੇ ਕਿਸੇ ਸਿਆਣੇ ਬੰਦੇ ਦੀ ਸਲਾਹ ਲਵੋ, ਕਿਧੇ ਰਿਸ਼ਤੇਦਾਰ ਦੀ ਮਦਦ ਨਾਲ ਇਹ ਕੰਮ ਕਰਨ ਦੀ ਕਰੋ।

ਕੇਹਰ ਸਿੰਘ–ਚੰਗਾ ਫਿਰ ਜਿਵੇਂ ਵੀ ਹੋਵੇ, ਇਸ ਸਾਲ ਆਪਾਂ ਤਾਰੂ ਨੂੰ ਸੀਰੀ ਰਖਣਾ ਏ–

ਪ੍ਰਮੇਸ਼ਰੀ–ਮੈਂ ਗਲ ਕੰਵਲਜੀਤ ਦੀ ਕਰਨੀ ਆਂ ਤੇ ਤੁਸੀਂ ਤਾਰੂ ਦੀ।

ਕੇਹਰ ਸਿੰਘ–ਬਈ ਤਾਰੂ ਕੰਮ ਤੇ ਹੋਵੇਗਾ ਤਾਂ ਹੀ ਮੈਨੂੰ ਵਿਹਲ ਹੋਵੇਗੀ, ਮੈਂ ਬਾਹਰ ਅੰਦਰ ਜਾ ਸਕਾਂਗਾ, ਤਾਰੂ ਹੋਵੇਗਾ ਤਾਂ ਹੀ ਦੋ ਫਸਲਾਂ ਲਈ ਕੰਮ ਹੋ ਸਕੇਗਾ।

ਪ੍ਰਮੇਸ਼ਵਰੀ–ਆਹੋ ਤਾਰੂ ਹੋਵੇਗਾ ਤਾਂ ਹੀ ਕੰਵਲਜੀਤ ਦਾ ਵਿਆਹ ਚੰਗੀ ਤਰ੍ਹਾਂ ਹੋ ਸਕੇਗਾ।

ਕੇਹਰ ਸਿੰਘ–ਤੇ ਹੋਰ ਕੀ ?

(ਤਾਰੂ ਆਉਂਦਾ ਏ)

ਪ੍ਰਮੇਸ਼ਰੀ–ਲਓ ਤਾਰੂ ਵੀ ਆ ਗਿਆ ਜੇ–ਕਰ ਲਓ ਗੁ ਗਲ।

ਤਾਰੂ–ਸੁਣਾ ਬਈ ਚਾਚਾ ਕੇਹਰ ਸਿਆਂ–ਸਤਿ ਸ੍ਰੀ ਅਕਾਲ। ਤਕੜੇ ਓ ? ਹੋਰ ਕੰਵਲਜੀਤ, ਕੋਮਲ, ਮੇਰੀ ਚਾਚੀ ਹੋਣੀ ਸਭ ਰਾਜੀ ਖੁਸ਼ੀ ਨੇ ? ਕਿਵੇਂ ਸੁਨੇਹਾ ਭੇਜਿਐ ? ਸੁੱਖ ਐ ਨਾਂ ?

ਕੇਹਰ ਸਿੰਘ–ਓਏ ਤਾਰੂ, ਭਤੀਜੇ ਸਾਰੇ ਰਾਜ਼ੀ ਖੁਸ਼ੀ ਨੇ, ਸਾਲ ਪਿਛੋਂ ਮਿਲਿਐਂ– ਤੂੰ ਤਾਂ ਤਕੜੈਂ ਨਾਂ, ਸ਼ੇਰਾ ?

ਤਾਰੂ–ਚਾਚਾ ਤੇਰੀ ਮਿਹਰਬਾਨੀ ਐਂ–ਚੰਗਾ ਸੋਹਣਾ ਦਿਹਾੜਾ ਲੰਘੀ ਜਾਂਦੈ– ਹੋਰ ਫੇਰ ਅਜ ਕਿਵੇਂ ਬੁਲਾਇਐ ? ਲਗਦੈ ਅਜ ਤਾਂ ਕੋਈ ਗਲ ਐ–ਕੋਈ ਚੰਗੀ ਗਲ ਈ ਦਸੀਂ ਚਾਚਾ।

ਕੇਹਰ ਸਿੰਘ–ਤਾਰੂ ਸ਼ੇਰਾ, ਤੇਰਾ ਸਾਲ ਭਰ ਕੰਮ ਕੀਤਾ ਭੁਲਦਾ ਨੀਂ।

ਤਾਰੂ–ਚਾਚਾ ਤੂੰ ਵੀ ਤਾਂ ਕਦੀ ਦਵੈਤ ਨਹੀਂ ਸੀ ਰਖੀ।

ਕੇਹਰ ਸਿੰਘ–ਮੈਨੂੰ ਪਤੈ ਤੂੰ ਹਿੱਸੇ ਦੀ ਜ਼ਮੀਨ ਤੋਂ ਤੰਗ ਆ ਕੇ ਸੀਰ ਤੋਂ ਜਵਾਬ ਦਿਤਾ ਸੀ, ਕੁਝ ਕਰਜ਼ੇ ਦਾ ਭਾਰ ਏਨਾਂ ਸੀ ਕਿ ਠੇਕੇ ਤੇ ਜ਼ਮੀਨ ਲੈਣੀ ਔਖੀ ਸੀ, ਪਰ ਹੁਣ ਸੋਚਿਐ ਕਿ ਜ਼ਮੀਨ ਬਿਨਾ ਨਹੀਂ, ਸੋ ਸ਼ੇਰਾ ਹੁਣ ਤਾਂ ਤੈਨੂੰ ਇਹ ਦਸਣ ਲਈ ਸਦਿਆ ਏ ਕਿ ਅਗਲੇ ਸਾਲ ਵਾਸਤੇ ਕਿਸ਼ੋਰ ਚੰਦ ਵਾਲੀ ਪੰਜ ਕਿਲੇ ਜ਼ਮੀਨ ਆਪਾਂ ਠੇਕੇ ਤੇ ਲੈਣ ਲਈ ਗਲ ਕਰ ਲਈ ਏ।

ਪ੍ਰਮੇਸ਼ਵਰੀ–ਮੁੰਡਿਆਂ,ਸੀਰ ਦੀ ਗਲ ਤੇਰੇ ਚਾਚੇ ਨੇਂ ਕੀਤੀ, ਤਾਂ ਮੈਂ ਸਾਫ਼ ਕਹਿ ਦਿਤਾ ਕਿ ਪਹਿਲਾਂ ਤਾਰੂ ਤੋਂ ਪੁਛਿਓ।

ਕੇਹਰ ਸਿੰਘ–ਸੋ ਸ਼ੇਰਾ ਹੁਣ ਤੇਰੀ ਕੀ ਸਲਾਹ ਐ, ਜੇਕਰ ਹੋਰ ਕਿਸੇ ਨਾਲ ਗਲ ਪੱਕੀ ਨਹੀਂ ਹੋਈ ਤਾਂ ਅਸੀਂ ਤੈਨੂੰ ਰੱਖਕੇ ਰਾਜ਼ੀ ਆਂ।

ਤਾਰੂ–ਚਾਚਾ ਧੰਨ ਭਾਗ ਤੁਸੀਂ ਇਉਂ ਯਾਦ ਕੀਤਾ, ਆਪਾਂ ਤਾਂ ਕੰਮ ਈ ਕਰਨੈ, ਤੇ ਨਾਲੇ ਜਦੋਂ ਤੁਸੀਂ ਇਹ ਕਹਿ ਹੀ ਦਿਤਾ ਕਿ ਪੰਜ ਕਿਲੇ ਜ਼ਮੀਨ ਤੁਸੀਂ ਮੈਨੂੰ ਸੀਰੀ ਰਖਣ ਵਾਸਤੇ ਹੀ ਠੇਕੇ ਤੇ ਲਈ ਐ ਤਾਂ ਮੈਂ ਕਿਹੜਾ ਤੁਹਾਡੇ ਕੋਲੋਂ ਭਜਣ ਲਗਿਆਂ ?

ਕੇਹਰ ਸਿੰਘ–ਲੈ ਇਹ ਹੋਈ ਨਾ ਗਲ–ਤੂੰ ਸ਼ੇਰਾਂ ਅਧਾ

ਫਿਕਰ ਲਾਹ ਦਿਤੇ ਸ਼ੇਰਾ ਨਹੀਂ ਤਾਂ ਗੜਿਆਂ ਨੇ ਤਾਂ ਐਤਕੀ ਖੇਤੀ ਦਾ ਚਾਅ ਹੀ ਸਾਰਾ ਮਾਰ ਦਿਤੈ।

ਤਾਰੂ—ਇਹ ਤਾਂ ਚਾਚਾ, ਮੁਸੀਬਤ ਘਰ ਘਰ ਦੀ ਹੋ ਗਈ ਏ। ਉਂਦੀ ਸਾਰੇ ਮਾਰੇ ਗਏ ਹਾਂ। ਖਰਚ ਤਾਂ ਸਾਰੇ ਭਰਵੀਂ ਫਸਲ ਵੇਲੇ ਵੀ ਪੂਰੇ ਨਹੀਂ ਸੀ ਹੁੰਦੇ ਤੁਸੀਂ ਤਾਂ ਫੇਰ ਇਧਰ ਉਧਰੋਂ ਪਕੜਕੇ ਡੰਗ ਲੰਘਾ ਹੀ ਲਓਗੇ, ਅਸੀਂ ਗਰੀਬ ਕਿਧਰ ਨੂੰ ਜਾਵਾਂਗੇ?

ਕੇਹਰ ਸਿੰਘ—ਤਾਰੂ ਸ਼ੇਰਾ ਜਾਣਾ ਕਿਧਰ ਐ? ਜਿਵੇਂ ਹੋਊ ਵਰਤਾਂਗੇ। ਰਲ ਮਿਲਕੇ ਦੁੱਖ ਤੇ ਭੁੱਖ ਝਲ ਹੀ ਲਵਾਂਗੇ।

ਤਾਰੂ—ਆਹੋ ਚਾਚਾ, ਅਗੇ ਕਿਹੜਾ ਝਲੀ ਨਹੀਂ, ਏਵੇਂ ਹੀ ਹੁਣ ਝਲ ਲਵਾਂਗੇ। ਹਿਸੇਦਾਰੀ ਵਾਲੀ ਗਲ ਦਸ ਦਿਓ ਚਾਚਾ, ਕਿਉਂਕਿ ਵਿਹਾਰ ਵਾਲੀ ਗਲ ਪਹਿਲਾਂ ਹੀ ਹੋ ਜਾਏ ਤਾਂ ਚੰਗਾ ਏ।

ਪ੍ਰਮੇਸ਼ਵਰੀ—ਆਹੋ ਇਹ ਤਾਂ ਠੀਕ ਏ, ਸਾਰੀ ਗਲ ਪਹਿਲੇ ਹੀ ਹੋ ਜਾਵੇ ਤਾਂ ਚੰਗਾ ਹੀ ਹੁੰਦਾ ਏ।

ਤਾਰੂ-ਬਾਕੀ ਚਾਚਾ, ਮੈਂ ਇਸ ਸਾਲ ਥੋੜਾ ਬਹੁਤਾ ਨਿਰਵਾਹ ਕਰਨ ਲਈ ਕੋਠੜੀ ਬਣਾਉਣੀ ਐ। ਇਹ ਛੱਪਰ ਪੁਰਾਣਾ ਹੋ ਕੇ ਟੁੱਟ ਗਿਐ। ਇਸ ਵਾਸਤੇ ਕੁਝ ਪੈਸਿਆਂ ਦੀ ਲੋੜ ਵੀ ਪਊਗੀ। ਆਪਾਂ ਤਾਂ ਵਿਤ ਮੁਤਾਬਕ ਹੀ ਖਰਚ ਕਰਨੈ।

ਕੇਹਰ ਸਿੰਘ—ਤਾਰੂ ਸ਼ੇਰਾ, ਹਿੱਸਾ ਤਾਂ ਤੈਨੂੰ ਉਹੀ ਅਠਵਾਂ ਹੀ ਦਿਆਂਗੇ, ਆਪਣਾ ਘਰ ਵਰਗਾ ਤੱਲਕ ਐ, ਘਰ ਬਨਾਉਣ ਬਾਰੇ ਸਾਨੂੰ ਪਤੈ ਕਿ ਤੂੰ ਆਪ ਈ ਬਹੁਤ ਕਰਜ਼ਾ ਚੁਕਣਾ ਨਹੀਂ ਚਾਹੁੰਦਾ। ਫੇਰ ਵੀ ਜਿਹੜੀ ਲੋੜ ਹੋਊਗੀ, ਪੂਰੀ ਕਰ ਦਿਆਂਗੇ। ਹੋਰ ਕੋਈ ਗਲ ਐ ਤਾਂ ਦਸ।

ਤਾਰੂ—ਚੰਗਾ ਚਾਚਾ ਆਪਣੀ ਗਲਬਾਤ ਪੱਕੀ ਹੀ ਸਮਝੋ—ਕਲ ਨੂੰ ਲਿਖਤ ਕਰਾਂਗੇ, ਇਕ ਕਿਆਰਾ ਚਰ੍ਹੀ ਦਾ ਗਊ ਵਾਸਤੇ. ਤੇਰੀ ਖੁਸ਼ੀ ਹੋਈ ਤਾਂ ਚਾਚਾ ਦੇ ਦੇਵੀਂ ਨਹੀਂ ਤੇਰੀ ਨੂੰਹ ਪੱਟੇ ਖੋਤਖੁਤਾ ਲਿਆ ਕਰੂਗੀ। ਪਰ ਫੇਰ ਵੀ ਕੰਮ ਦੇ ਦਿਨਾਂ 'ਚ ਔਖ ਜਹੀ ਹੋਈ ਜਾਂਦੀ ਐ। ਹੋਰ ਸਾਗ ਸਬਜ਼ੀ, ਲਕੜ ਲੁਕੜਾਂ ਦਾ ਜਿਵੇਂ ਆਮ ਸਾਰਦੇ ਹਾਂ, ਓਵੇਂ ਹੀ ਸਰਨਾ ਹੋਊਗਾ।

ਪ੍ਰਮੇਸ਼ਵਰੀ—ਲੈ ਭਤੀਜੇ ਨੇ ਸਾਰੀ ਗਲ ਕਰ ਦਿਤੀ ਏ, ਹੁਣ ਚਾਚਾ ਵੀ ਬੋਲੇ।

ਤਾਰੂ—ਲੈ ਇਹ ਗਲ ਚਾਚੀ ਨੇ ਸੋਲ੍ਹਾਂ ਆਨੇ ਕੀਤੀ ਏ।

ਕੇਹਰ ਸਿੰਘ—ਓਏ ਤਾਰੂ ਸ਼ੇਰਾ, ਤੇਰੇ ਚੰਗੇ ਕੰਮ ਕੀਤੇ ਦੀ, ਅਸੀਂ ਜ਼ਰੂਰ ਕਦਰ ਕਰਾਂਗੇ—ਜੋ ਕੁਝ ਵੀ ਸਾਡੇ ਖੇਤ ਵਿਚ ਹੋਊਗਾ, ਤੇਰਾ ਉਸ ਵਿਚ ਬਰਾਬਰ ਹਿੱਸਾ ਹੋਊਗਾ। ਗਊ ਵਾਸਤੇ ਪੱਠੇ ਵੀ ਦੇ ਦਿਆਂਗੇ। ਦੁੱਧ ਪੀਏਂਗਾ ਤਾਂਈ ਚੰਗਾ ਕੰਮ ਕਰੇਂਗਾ।

ਤਾਰੂ—ਲੈ ਫੇਰ ਚਾਚਾ, ਮੈਂ ਕਲ ਤੋਂ ਹੀ ਆ ਜਾਵਾਂਗਾਂ।

(ਕੰਵਲਜੀਤ ਆਉਂਦੀ ਹੈ)

ਕੰਵਲਜੀਤ—ਲੈ ਤਾਰੂ ਵੀਰ ਆਇਐ।

ਤਾਰੂ—ਕੰਵਲਜੀਤ ਰਾਜ਼ੀ ਐਂ ਨਾ ਭੈਣੇ?

ਕੰਵਲਜੀਤ—ਹਾਂ ਵੀਰ ਹੁਣ ਤਾਂ ਰਾਜ਼ੀਆਂ। ਹੋਰ ਮੇਰੀ ਭਾਬੀ ਤੇ ਗੁੱਡੀ ਹੋਰੀਂ ਰਾਜ਼ੀ ਨੇ।

ਤਾਰੂ-ਹਾਂ ਠੀਕ ਠਾਕ ਨੇਂ। ਬਿਮਾਰੀ ਨੇਂ ਤਾਂ ਤੈਨੂੰ ਬਾਹਲਾ ਲਿੱਸਾ ਕਰ ਦਿਤੈ, ਸੁਣਿਐ ਤੂੰ ਤਾਂ ਮਰਕੇ ਈ ਬਚੀਂ ਐਂ!

ਕੰਵਲਜੀ—ਇਹ ਤਾਂ ਕੋਮਲ ਵੀਰ ਦੀ ਹਿੰਮਤ ਹੋਈ ਕਿ ਭੱਜ ਕੇ ਡਾਕਟਰ ਨੂੰ ਬੁਲਾ ਲਿਆਇਆ, ਪਰ ਤੂੰ ਕਿਹੜਾ ਸੁਣਦੇ ਸਾਰ ਈ ਪਤਾ ਲੈਣ ਆ ਗਿਆ ਸੀ? ਸਾਲ ਭਰ ਤਾਂ ਲਿਆ ਜੀਤ ਲੱਸੀ, ਲਿਆ ਰੋਟੀ, ਲਿਆ ਚਾਹ ਤੇ ਮੁੜਕੇ, ਪਤਾ ਈ ਨਹੀਂ। ਅਜ ਪਤਾ ਨਹੀਂ ਕਿਧਰੇ ਲੰਘਦਾ ਭੁੱਲਕੇ ਆ ਗਿਐਂ।

ਤਾਰੂ-ਭੈਣ ਹੁਣ ਤੂੰ ਵੀ ਸੱਚੀ ਐਂ। ਇਕ ਤਾਂ ਪਿੰਡ ਦੇ ਦੂਜੇ ਪਾਸੇ ਜਾ ਸੀਰ ਕੀਤਾ ਤੇ ਏਧਰ ਗੇੜਾ ਹੀ ਨਹੀਂ ਵਜਿਆ ਪਰ ਫਿਕਰ ਨਾ ਕਰ ਹੁਣ ਅਸੀਂ ਤੈਨੂੰ ਫੇਰ ਲੱਸੀ ਦੀ, ਰੋਟੀ ਦੀ, ਚਾਹ ਦੀ ਤਕਲੀਫ ਦੇਣੀ ਕਰਨੀ ਏ। ਚਾਚੇ ਨੇਂ ਇਸੇ ਕਰਕੇ ਬੁਲਾਇਆ ਏ।

ਕੇਹਰ ਸਿੰਘ—ਕੰਵਲਜੀਤ, ਤਾਰੂ ਹੁਣ ਫੇਰ ਤੋਂ ਸਾਡੇ ਨਾਲ ਕੰਮ ਕਰੇਗਾ।

ਕੰਵਲਜੀਤ-ਇਹ ਤਾਂ ਬਾਹਲਾ ਚੰਗਾ ਹੋਇਐ ਬਾਪੂ! ਫੇਰ ਬਾਈ ਓਹੋ ਗਲ ਹੋਈ ਨਾ, ਮੇਰਾ ਪਤਾ ਲੈਣ ਤਾਂ ਨਹੀਂ ਨਾ ਆਇਆ।

ਤਾਰੂ—ਹੁਣ ਚਾਚੀ ਕੰਵਲਜੀਤ ਨੂੰ ਕਿਧਰੇ ਘਲੋ। ਪਤਾ ਲੈਣ ਜਾਵਾਂ ਤਾਂ ਪੂਰੀਆਂ ਖਾਤਰਾਂ ਕਰਵਾ ਕੇ ਆਵਾਂ।

ਕੇਹਰ ਸਿੰਘ-ਤਾਰੂ ਭਤੀਇਆ, ਇਹ ਵੀ ਕਾਰਜ ਇਸੇ ਸਾਲ ਸਿਰੇ ਚੜ੍ਹਾਣਾ ਏ।

ਕੰਵਲਜੀਤ—ਹਲਾ ਹੁਣ ਦਸ ਵੀਰਾ ਚਾਹ ਧਰਾਂ ਜਾਂ ਲੱਸੀ ਲਿਆਵਾਂ।

ਤਾਰੂ—ਨਾਂ ਅਜ ਕੋਈ ਲੋੜ ਨਹੀਂ।

ਕੰਵਲਜੀਤ—ਹਲਾ ਠਹਿਰ, ਮੈਂ ਸਲਾਈ ਸਿਖਦਿਆਂ ਗੁੱਡੀ ਲਈ ਫਰਾਕ ਬਣਾਈ ਏ। ਉਹ ਲੈਂਦਾ ਜਾਂ।

(ਜਾਂਦੀ ਹੈ।)

ਤਾਰੂ—ਲੈ ਕੰਵਲਜੀਤ ਤਾਂ ਹੁਣ ਬਾਹਲੀ ਸਿਆਣੀ ਹੋ ਗਈ ਏ।

ਕੇਹਰ ਸਿੰਘ—ਇਹੋ ਫਿਕਰ ਤੇਰੀ ਚਾਚੀ ਨੂੰ ਖਾਂਦਾ ਏ।

ਤਾਰੂ—ਫਿਕਰ ਕਾਹਦਾ, ਚਾਚੀ ਰੱਬ ਸੁਖ ਰਖਿਆ ਤਾਂ ਸਭ ਠੀਕ ਹੋ ਜਾਵੇਗਾ।

(ਕੰਵਲਜੀਤ ਆਉਂਦੀ ਹੈ)

ਕੰਵਲਜੀਤ—ਲੈ ਵੀਰਾ ਤੇ ਭਾਬੀ ਨੂੰ ਮੇਰੀ ਸਤਿ ਸ੍ਰੀ

ਅਕਾਲ ਆਖੀ।

ਤਾਰੂ-ਜਰੂਰ। ਹਲਾ ਚਾਚਾ ਮੈਂ ਚਲਦਾਂ। ਫੇਰ ਸਵੇਰ ਨੂੰ ਆਵਾਂਗਾ। ਸਤਿ ਸ੍ਰੀ ਅਕਾਲ ਚਾਚੀ!

ਪ੍ਰਮੇਸ਼ਵਰੀ-ਸਤਿ ਸ੍ਰੀ ਅਕਾਲ ਮੁੰਡਿਆ।

(ਤਾਰੂ ਜਾਂਦਾ ਹੈ।)

ਪ੍ਰਮੇਸ਼ਵਰੀ-ਕੰਵਲਜੀਤ ਪੁੱਤਰ, ਕਾੜਨੀ ਵਿਚ ਦਾਲ ਏ ਉਹਦਾ ਖਿਆਲ ਰਖੀਂ।

ਕੇਹਰ ਸਿੰਘ-ਲੈ ਤਾਰੂ ਵਾਲਾ ਤਾਂ ਫਿਕਰ ਲੱਥਾ।

ਪ੍ਰਮੇਸ਼ਵਰੀ-ਆਹੋ ਹੁਣ ਕਵਲਜੀਤ ਵਾਲਾ ਫਿਕਰ ਕਰੋ।

ਕੇਹਰ ਸਿੰਘ-ਉਹਵੀ ਲਹਿ ਜਾਏਗਾ। ਹੁਣ ਮੈਂ ਕਿਸ਼ੋਰ ਚੰਦ ਵਲ ਵੀ ਹੋ ਆਵਾਂ, ਤਾਰੂ ਨੂੰ ਤਾਂ ਮੈਂ ਕਹਿ ਦਿਤਾ ਕਿ ਜ਼ਮੀਨ ਠੇਕੇ ਤੇ ਲੈ ਲੈਂਦਾ ਹਾਂ,ਪਰ ਜੇ ਕਿਸ਼ੋਰ ਚੰਦ ਆਕੜ ਗਿਐ ?

ਪ੍ਰਮੇਸ਼ਵਰੀ-ਲੈ ਉਹਨੇ ਕੀ ਆਕੜਨਾ ਏ ? ਉਹਨੇ ਕਿਹੜੀ ਆਪ ਵਾਉਣੀ ਏ ?

ਕੇਹਰ ਸਿੰਘ-ਆਪ ਤਾਂ ਨਹੀਂ ਵਾਉਣੀ। ਪਰ ਜ਼ਮੀਨ ਦੀ ਕਮੀ ਏ। ਹੋਰ ਵੀ ਮੇਰੇ ਵਰਗੇ ਕਈ ਲੈਣ ਵਾਲੇ ਹੋਣੇ ਨੇ।

ਪ੍ਰਮੇਸ਼ਵਰੀ-ਤੁਸੀਂ ਉਸਨੂੰ ਪੇਸ਼ਗੀ ਦੇਣ ਦਾ ਬੇਸ਼ਕ ਕਹਿ ਦੇਣਾ; ਕੋਮਲ ਦਾ ਮਾਮਾ ਕਹਿੰਦਾ ਸੀ ਦੋ ਹਜ਼ਾਰ ਉਹਦੇ ਕੋਲੋਂ ਬੇਸ਼ਕ ਫੜ ਲੈਣਾ।

ਕੇਹਰ ਸਿੰਘ-ਉਹਨਾਂ ਉਤੇ ਕਾਹਨੂੰ ਭਾਰ ਪਾਉਣਾ ਏਂ ?

ਪ੍ਰਮੇਸ਼ਵਰੀ-ਭਾਰ ਵਲੋਂ ਉਹ ਕੋਈ ਬਗਾਨੇ ਨੇ ਨਾਲੇ ਅਸੀਂ ਕਿਹੜਾ ਰਖ ਲੈਣੇ। ਹਾਲੀ ਤਾਂ ਕੋਮਲ ਦੀ ਨਾਨੀ ਨੇ ਕੋਮਲ ਨਾਲ ਵੈਦਾ ਕੀਤੈ ਕਿ ਇਮਤਿਹਾਨ ਪਾਸ ਕਰ ਲਵੇ, ਉਹ ਸਾਇਕਲ ਲੈ ਕੇ ਦੇਵੇਗੀ।

ਕੇਹਰ ਸਿੰਘ-ਤਾਂਹੀਓ ਨਾਨਕੇ ਫੇਰੇ ਪਾਉਂਦਾ ਏ ਬਿਲਾ। ਚਲ ਐਤਕੀ ਰੱਬ ਨੇ ਚਾਹਿਆਂ ਤਾਂ ਸਭ ਕੰਮ ਠੀਕ ਹੋ ਜਾਣਗੇ।

(ਕੋਮਲ ਆਉਂਦਾਂ ਹੈ, ਵਿਦਿਆਰਥੀ ਹੈ)

ਕੇਹਰ ਸਿੰਘ-ਕਿਉਂ ਸ਼ੇਰਾ ਅਜ ਏਨੀ ਦੇਰ ਲਗ ਗਈ ਸਕੂਲ ?

ਕੋਮਲ-ਨਹੀਂ ਬਾਪੂ, ਸਕੂਲ ਨਹੀਂ ਦੇਰ ਲਗੀ, ਛੋਟੇ ਚੀਮੇਂ ਇਕ ਜਲਸਾ ਸੀ, ਉਹ ਸੁਣਨ ਖਲੋ ਗਿਆ।

ਕੇਹਰ ਸਿੰਘ-ਕਾਹਦਾ ਜਲਸਾ ਸੀ ?

ਕੋਮਲ-ਨੌਜਵਾਨਾਂ ਦਾ ਸੀ, ਸ਼ਹੀਦ ਭਗਤ ਸਿੰਘ ਦੀ ਯਾਦ ਵਿਚ।

ਕੰਵਲਜੀਤ-(ਚੌਕੇ ਵਲੋਂ ਆਂਦੀ ਹੋਈ) ਤੇ ਵੀਰ ਕੀ ਸੁਣਿਐ ਜਲਸੇ ਵਿਚ ?

ਕੋਮਲ-ਇਕ ਵਡੀ ਸਚਾਈ ਸੁਣੀ ਕਿ ਆਜ਼ਾਦੀ ਦੇ ਬਾਅਦ 30 ਸਾਲਾਂ ਵਿਚ ਅਸੀਂ ਸ਼ਹੀਦਾਂ ਦੇ ਸੁਪਨਿਆਂ ਨੂੰ ਕਿਸ ਤਰ੍ਹਾਂ ਮਲੀਆਮੇਟ ਕੀਤਾ ਹੈ ਤੇ ਇਹ ਕਰਨ ਵਾਲੇ ਕੌਣ ਸਨ ?

ਪ੍ਰਮੇਸ਼ਵਰੀ-ਕੌਣ ਸਨ ?

ਕੇਹਰ ਸਿੰਘ-ਤੂੰ ਜਾਣਕੇ ਕੀ ਲੈਣਾ ਏ ? ਪਤਾ ਨਹੀਂ ਪਿਆ ਲਗਦਾ ? ਸਾਰੇ ਪਾਸੇ ਝੂਠ ਦਾ ਪਸਾਰਾ ਫੈਲਿਆ ਏ ? ਸਾਰੇ ਹੀ ਬੇਈਮਾਨ ਹੋ ਗਏ ਨੇ।

ਕੋਮਲ-ਸਾਰੇ ਕੌਣ ਬਾਪੂ ?

ਕੇਹਰ ਸਿੰਘ-ਅਸੀਂ ਸਾਰੇ ਇਸ ਦੇਸ਼ ਵਿਚ ਰਹਿਣ ਵਾਲੇ।

ਕੋਮਲ-ਕਿਉਂ ਆਪਾਂ ਕਿਉਂ ਬੇਈਮਾਨ ਹੋਏ ?

ਪ੍ਰਮੇਸ਼ਵਰੀ-ਆਹੋ ਕੋਮਲ ਦੇ ਬਾਪੂ ਅਸੀਂ ਕਾਹਦੀ ਬੇਈਮਾਨੀ ਕੀਤੀ ਏ ?

ਕੋਮਲ-ਬਾਪੂ ਜੀ, ਹਿੰਦੁਸਤਾਨ ਦੇ 68 ਕਰੋੜ ਲੋਕਾਂ ਵਿਚੋਂ 64 ਕਰੋੜ ਲੋਕ ਉਹ ਹੋਣਗੇ ਜਿਹੜੇ ਆਪ ਜਾਂ ਉਨ੍ਹਾਂ ਦੇ ਟੱਬਰਾਂ ਦੇ ਜੀਵ ਦਿਨ ਚੜ੍ਹੇ ਤੋਂ ਰਾਤ ਤਕ ਮਿੱਟੀ ਨਾਲ ਮਿੱਟੀ ਹੁੰਦੇ ਨੇ ਅਪਣਾ ਲਹੂ ਪਸੀਨਾਂ ਇਕ ਕਰਦੇ ਨੇ ਤਾਂ ਜਾਕੇ ਦੋ ਡੰਗ ਰੋਟੀ ਨਸੱਬ ਹੁੰਦੀ ਏ। ਉਹ ਕਿਉਂ ਬੇਈਮਾਨ ਹੋਏ ਭਲਾ ? ਤੁਸੀਂ ਦਸੋ ਬਾਪੂ ਤੁਸੀਂ ਜ਼ਿੰਦਗੀ ਵਿਚ ਕਿਹੜੀ ਬੇਈਮਾਨੀ ਕੀਤੀ ਏ ? ਬੇਈਮਾਨ ਤੇ ਬਾਪੂ ਕੁਝ ਲੋਕ ਨੇ, ਜੋ ਲੋਕਾਂ ਦਾ ਲਹੂ ਚੂਸਦੇ ਨੇ ਤੇ ਨਾਲ ਨਾਲ ਪਰਚਾਰ ਕਰਦੇ ਰਹਿੰਦੇ ਨੇ ਕਿ ਸਭ ਬੇਈਮਾਨ ਹੋ ਗਏ ਨੇ, ਤਾਂ ਜੋ ਉਹਨਾਂ ਵੱਲ ਕੋਈ ਉਂਗਲ ਨਾ ਕਰੇ।

ਕੇਹਰ ਸਿੰਘ-ਅੱਛਾ ਸ਼ੇਰਾ ਜੋਸ਼ ਵਿਚ ਨਾ ਆ। ਮੈਂ ਤਾਂ ਸੁਭਾਵਕ ਗਲ ਕੀਤੀ ਸੀ। ਅਸੀਂ ਕੀ ਬੇਈਮਾਨੀ ਕਰਨੀ ਏਂ। ਸਾਨੂੰ ਤਾਂ ਇਹੀ ਫਿਕਰ ਖਾਈ ਜਾਂਦੈ ਕਿ ਫਸਲ ਵੇਲੇ ਸਿਰ ਬੀਜੀ ਜਾਏ, ਪਾਲੀ ਜਾਏ।

ਕੋਮਲ-ਤੇ ਜਦੋਂ ਵਡੀ ਹੋਏ ਗੜੇ ਪੈ ਜਾਣ।

ਕੇਹਰ ਸਿੰਘ-ਪੁਤਰ ਇਹ ਤਾਂ ਕੁਦਰਤ ਦਾ ਗੇੜ ਏ। ਕਿਸੇ ਦੇ ਵੱਸ ਦੀ ਥੋੜੀ ਗਲ ਏ। ਹਾਂ ਤੇ ਐਤਕੀ ਤਾਰੂ ਨੂੰ ਫੇਰ ਸੀਰੀ ਰਲਾ ਲਿਆ ਏ।

ਕੋਮਲ-ਤਾਰੂ ਮੰਨ ਗਿਆ ਬਾਪੂ ?

ਕੇਹਰ ਸਿੰਘ-ਆਹੋ ਹੁਣੇ ਹੋਕੇ ਗਿਆ ਏ। ਪੰਜ ਕਿਲੇ ਜ਼ਮੀਨ ਜੋ ਐਤਕੀ ਠੇਕੇ ਤੇ ਲੈਣ ਲਈ ਫੈਸਲਾ ਕੀਤਾ।

ਕੋਮਲ-ਐਤਕੀ ਇਮਤਿਹਾਨਾਂ ਬਾਦ ਮੈਨੂੰ ਲੰਮੀਆਂ ਛੁੱਟੀਆਂ ਨੇ। ਮੈਂ ਵੀ ਕੰਮ ਵਿਚ ਹੱਥ ਵੰਡਾਵਾਂਗਾ।

ਕੇਹਰ ਸਿੰਘ-ਤੇਰੇ ਹੱਥ ਦੀ ਤਾਂ ਸ਼ੇਰਾ ਸਾਨੂੰ ਉਦੋਂ ਲੋੜ ਪੈਣੀ ਏ ਜਦੋਂ ਪੜ੍ਹਾਈ ਮੁਕਾਕੇ ਨੌਕਰੀ ਕਰੇਂਗਾ।

ਕੋਮਲ-ਇਹ ਤਾਂ ਬਾਪੂ ਲੰਮੀਆਂ ਆਸਾਂ ਨੇ।

ਕੇਹਰ ਸਿੰਘ-ਲੰਮੀਆਂ ਆਸਾਂ ਵੀ ਸ਼ੇਰਾ ਕੋਈ ਜਿਗਰੇ ਵਾਲਾ ਹੀ ਲਾ ਸਕਦੈ। ਇਹ ਸਾਡਾ ਕਿਸਾਨਾਂ ਦਾ ਹੀ ਜਿਗਰਾ ਏ ਕਿ ਹਰ ਹਾੜ੍ਹ, ਹਰ ਸੌਣੀ ਇਕ ਨਵੀਂ

ਆਸ ਲਗਾਈ ਦੀ ਏ। ਹਲਾ ਤੂੰ ਹੱਥ ਮੂੰਹ ਧੋ-ਰੱਬ ਨੇ ਚਾਹਿਆ ਤਾਂ ਸਭ ਚੰਗਾ ਹੀ ਹੋਵੇਗਾ।

(ਕੋਮਲ ਅੰਦਰਵਾਰ ਲੰਘਦਾ ਹੈ। ਪ੍ਰਵੇਸ਼ਵਰੀ ਤੇ ਕੰਵਲਜੀਤ ਇਕ ਪਾਸੇ ਜਾਂਦੇ ਹਨ। ਜਦੋਂ ਫੇਡ ਆਊਟ ਹੁੰਦਾ ਹੈ।

(ਸੀਨ ਦੂਸਰਾ)

(ਕੋਮਲ ਬਾਹਰੋਂ ਆਉਂਦਾ ਹੈ। ਕਿਤਾਬਾਂ ਉਸ ਦੇ ਹੱਥ ਵਿਚ ਹਨ। ਪ੍ਰਮੇਸ਼ਵਰੀ ਘਰ ਦਾ ਕੰਮ ਕਰ ਰਹੀ ਹੈ।

ਕੋਮਲ-ਬਾਪੂ ਕਿਧਰ ਏ ਮਾਂ ? ਰਾਤ ਵਾਲਾ ਝੱਖੜ ਤਾਂ ਮਾਰੂ ਸੀ। ਖੇਤ ਕੋਈ ਨੁਕਸਾਨ ਤਾਂ ਨਹੀਂ ਹੋਇਆ ?

ਪ੍ਰਮੇਸ਼ਵਰੀ-ਨਹੀਂ ਪੁਤਰਾ ਖੈਰ ਹੀ ਰਹੀ ਏ। ਨਾਲੇ ਤੁਫਾਨ ਤਾਂ ਆਉਂਦੇ ਹੀ ਰਹਿੰਦੇ ਨੇ। ਮੈਨੂੰ ਤਾਂ ਦੂਜੇ ਝੱਖੜ ਨੇ ਫਿਕਰਾਂ ਵਿਚ ਪਾ ਦਿਤਾ ਏ।

ਕੋਮਲ-ਕਿਹੜੇ ਝੱਖੜਾਂ ਨੇ ?

ਪ੍ਰਮੇਸ਼ਵਰੀ-ਸਵੇਰ ਕੰਵਲਜੀਤ ਦਾ ਸੁਨੇਹਾ ਆਇਆ ਸੀ।

ਕੋਮਲ-ਕੀ ?

ਪ੍ਰਮੇਸ਼ਵਰੀ-ਕਿ ਉਸਦੇ ਸੌਹਰੇ ਉਹਨੂੰ ਬੜਾਂ ਤੰਗ ਕਰਦੇ ਨੇ ਨਾਲ ਇਹ ਹੀ ਕਿਹਾ ਸੀ,ਮੇਰਾ ਬਾਪੂ ਸੁਣਦੇ ਸਾਰ ਹੀ ਮੈਨੂੰ ਆ ਕੇ ਲੈ ਜਾਵੇ। ਤੇ ਤੇਰੇ ਬਾਪੂ ਉਹਦੇ ਵਲ ਹੀ ਗਏ ਨੇ।

ਕੋਮਲ-ਪਰ ਬਾਪੂ ਮੈਨੂੰ ਤਾਂ ਉਡੀਕ ਲੈਂਦਾ। ਮੈਂ ਨਾਲ ਜਾਂਦਾ ਇਕ ਵਾਰੀ ਉਹਨਾਂ ਨਾਲ ਦੋ ਟੁੱਕ ਗਲ ਤਾਂ ਹੋ ਜਾਵੇ।

ਪ੍ਰਮੇਸ਼ਵਰੀ-ਹਾਲੀ ਤੇਰਾ ਗਲ ਕਰਨ ਦਾ ਵੇਲਾ ਨਹੀਂ।

ਕੋਮਲ-ਉਹ ਤਾਂ ਸਿਰੇ ਹੀ ਚੜ੍ਹਦੇ ਜਾਦੇ ਨੇ।

ਪ੍ਰਮੇਸ਼ਵਰੀ-ਰਿਸ਼ਤਾ ਕਰਨ ਲੱਗਿਆਂ ਸੋਚਿਆ ਸੀ, ਦਸ ਕਿਲੇ ਜ਼ਮੀਨ ਏ, ਤੇ ਕੁੜੀ ਸੁਖੀ ਵਸੇਗੀ, ਪਰ ਇਹਨਾਂ ਚੰਦਰਿਆਂ ਨੇ ਤਾਂ ਕੁੜੀ ਨੂੰ ਸੂਲੀ ਚਾੜ੍ਹ ਰਖਿਐ, ਜ਼ਮੀਨ ਦੀ ਆਕੜ ਵਿਚ ਕੰਵਲਜੀਤ ਨੂੰ ਉਹ 'ਨੰਗਾਂ ਦੀ ਕੁੜੀ' ਕਹਿੰਦੇ ਨੇਂ।

ਕੋਮਲ-ਉਹ ਨੰਗ ਉਹਨਾਂ ਕੋਲ ਤਾ ਖਾਣ ਨਹੀਂ ਜਾਂਦੇ !

ਪ੍ਰਮੇਸ਼ਵਰੀ-ਕੋਈ ਸਮਝੇ ਤਾਂ ਨਾਂ ?

ਕੋਮਲ-ਪਰ ਇਹ ਗੱਲ ਤੁਸੀਂ ਮੈਨੂੰ ਪਹਿਲਾਂ ਕਿਉਂ ਨਾ ਦਸੀ, ਨੰਗਾ ਵਾਲੇ ਦੋ ਹੱਥ ਉਹਨਾਂ ਨੂੰ ਵਿਖਾ ਆਂਦਾ।

ਪ੍ਰਮੇਸ਼ਵਰੀ-ਤੈਨੂੰ ਕਿਸ ਤਰਾਂ ਦਸਦੇ ? ਨਾਲੇ ਤੇਰਾ ਬਾਪੂ ਕਹਿੰਦਾ ਸੀ ਕਿ ਮੁੰਡੇ ਦਾ ਧਿਆਨ ਪੜ੍ਹਾਈ ਤੋਂ ਲਾਂਭੇ ਹੋ ਜਾਏਗਾ।

ਕੋਮਲ-ਕੰਵਲਜੀਤ ਨੂੰ ਮਿਲਣ ਗਿਆ ਤਾਂ ਉਹਨੇ ਵੀ ਗਲ ਨਾ ਕੀਤੀ, ਮੈਂ ਪੁਛਿਆ ਭੈਣ ਰਾਜੀ ਏਂ ਨਾ, ਕਹਿਣ ਲਗੀ ਠੀਕ ਆਂ।

ਪ੍ਰਮੇਸ਼ਵਰੀ-ਉਹਨੇ ਤੇਰੇ ਕੋਲੋਂ ਗਲ ਛੁਪਾ ਲਈ ਹੋਣੀ ਏ।

ਕੋਮਲ-ਪਰ ਉਹਦੀ ਸੱਸ ਮੇਰੇ ਨਾਲ ਤਾਂ ਬੜਾ ਚੰਗਾ ਬੋਲੀ ਸੀ।

ਪ੍ਰਮੇਸ਼ਵਰੀ-ਬੜੀ ਖੇਖਣ ਹਾਰੀ ਏ ਖਸਮਾਂ ਖਾਣੀ।

ਕੋਮਲ-ਪਰ ਜਦੋਂ ਤੂੰ ਕੰਵਲਜੀਤ ਨੂੰ ਲੈਣ ਗਈ, ਉਹਨਾਂ ਤੇਰੇ ਨਾਲ ਭੇਜੀ ਕਿਉਂ ਨਾ ?

ਪ੍ਰਮੇਸ਼ਵਰੀ-ਅਖੇ ਵਡੀ ਨੂੰਹ ਪੇਕੇ ਗਈ ਏ, ਘਰ ਕੌਣ ਸਾਂਭੇਗਾ।

ਕੋਮਲ-ਯਨੀ ਉਹਨਾਂ ਨੂੰ ਨੂੰਹਾਂ ਨੌਕਰਾਣੀਆਂ ਚਾਹੀਦੀਆਂ ਨੇ।

ਪ੍ਰਮੇਸ਼ਵਰੀ-ਵਡੀ ਦੇ ਪੇਕੇ ਤਕੜੇ ਨੇ, ਉਹਦੇ ਕੋਲੋਂ ਤਾਂ ਡਰਦੇ ਨੇਂ। ਪਰ ਆਪਾਂ ਨੂੰ ਕਮਜ਼ੋਰ ਜਾਣਕੇ ਉਹ ਰੁਅਬ ਤੇ ਦੱਬਾ ਪਾਉਂਦੇ ਨੇ। ਮਤਲਬ ਉਹਨਾਂ ਦਾ ਇਹ ਹੈ ਕਿ ਅਸੀਂ ਡਰ ਕੇ ਜਿਸ ਤਰ੍ਹਾਂ ਉਹ ਕਹਿਣ ਉਹਨਾਂ ਦੀ ਝੋਲੀ ਭਰਦੇ ਜਾਈਏ।

ਕਮਲ-ਮਾਂ ਅਸੀਂ ਐਵੇਂ ਆਪਣੇ ਆਪ ਨੂੰ ਕਮਜ਼ੋਰ ਸਮਝੀ ਜਾਂਦੇ ਹਾਂ। ਜੇ ਉਹਨਾਂ ਕੋਲ ਦਸ ਕਿਲੇ ਜ਼ਮੀਨ ਬਹੁਤੀ ਏ ਤਾਂ ਉਹ ਕੋਈ ਖੁਦਾ ਤਾਂ ਨਹੀਂ ਹੋ ਗਏ।

ਪ੍ਰਮੇਸ਼ਵਰੀ-ਸਾਡੇ ਲਈ ਤਾਂ ਪੁੱਤਰ ਖੁਦਾ ਹੀ ਹੋ ਗਏ ਨੇ, ਧੀ ਵਾਲੇ ਜੋ ਹੋਏ, ਇਸ ਲਈ ਬੋਲ ਨਹੀਂ ਸਕਦੇ।

ਕੋਮਲ-ਕਿਉਂ ਧੀ ਵਾਲਿਆਂ ਦੀ ਇਜ਼ਤ ਅਣਖ ਨਹੀਂ ਹੁੰਦੀ ?

ਪ੍ਰਮੇਸ਼ਵਰੀ-ਉਨ੍ਹਾਂਦੇ ਲਹੂ ਵਿਚ ਲਾਲਚ ਘਰ ਕਰ ਗਿਐ। ਪਰ ਤੂੰ ਐਵੇਂ ਫਿਕਰ ਨਾ ਕਰ। ਸਾਡੇ ਨਾਲ ਜੱਗ ਤੋਂ ਬਾਹਰੀ ਨਹੀਂ ਹੋ ਰਹੀ, ਧੀਆਂ ਭੈਣਾਂ ਵਾਲੇ ਤਾਂ ਇਸ ਜੁਗ ਨੇ ਉਂਈ ਸੂਲੀ ਚਾੜ੍ਹ ਰਖੇ ਨੇ। ਕੋਈ ਵਿਰਲਾ ਹੀ ਸੁੱਖੀ ਹੋਊਗਾ, ਇਹ ਹਵਾ ਤਾਂ ਸਾਰੇ ਹੀ ਵਗ ਗਈ ਏ।

ਕੋਮਲ-ਹਵਾ ਵੀ ਤਾਂ ਹੀ ਵਗ ਗਈ ਏ ਮਾਂ ਕਿ ਅਸੀਂ ਆਪਣੇ ਆਪ ਨੂੰ ਕਮਜ਼ੋਰ ਹੀ ਸਮਝੀ ਜਾਂਦੇ ਹਾਂ। ਥੋੜਾ ਜਿਹਾ ਡੱਟ ਜਾਈਏ ਤਾਂ ਹਵਾਂਵਾਂ ਵੀ ਰੁੱਖ ਬਦਲ ਲੈਂਦੀਆਂ ਨੇ, ਅੱਜ ਦੁਨੀਆ ਪਤਾ ਨਹੀਂ ਕਿਥੇ ਦੀ ਕਿਥੇ ਪੁੱਜ ਗਈ ਏ ਤੇ ਅਸੀਂ ਉਸੇ ਜਿਲਨ ਵਿਚ ਫੱਸੇ ਹੋਏ ਹਾਂ।

(ਤਾਰੂ ਆਉਂਦਾ ਹੈ)

ਤਾਰੂ-ਜਿਲਨ ਵਰਗੀ ਜਿਲਨ ? ਕੋਮਲ ਬਾਈ, ਬੰਦਾ ਇਕ ਕੱਦਮ ਅਗੇ ਜਾਂਦਾ ਏ, ਤੇ ਇਹ ਜਿਲਨ ਉਹਨੂੰ

ਦੋ ਕੱਦਮ ਵਾਪਸ ਧਰੀਕ ਲੈਂਦੀ ਏ।

ਕੋਮਲ—ਤਾਰੂ ਤੂੰ ਕਿਹੜੇ ਜਿਲਨ ਦੀ ਗਲ ਕਟਦੈਂ।

ਤਾਰੂ—ਸਾਡੇ ਲਈ ਕੋਈ ਇਕ ਜਿਲਨ ਏ ? ਅਸੀਂ ਤਾਂ ਜੰਮੇ ਪਲੇ ਹੀ ਜਿਲਨਾਂ ਵਿਚ ਹਾਂ। ਚਾਚੀ, ਚਾਚਾ ਕਿਧਰ ਐ ਮੈਂ ਦਸਣ ਆਇਆ ਸਾਂ ਕਿ ਤੇਜੇ ਹੋਰਾਂ ਦਾ ਟਰੈਕਟਰ ਵਿਹਲਾ ਨਹੀਂ। ਉਤੋਂ ਜ਼ਮੀਨ ਵਤਰ ਤੇ ਏ, ਸਮਾਂ ਗੁਆਉਣਾ ਨਹੀਂ। ਜੇ ਆਖੇ ਜ਼ੈਲਦਾਰਾਂ ਦੇ ਟਰੈਕਟਰ ਦਾ ਪਤਾ ਕਰਾਂ।

ਪ੍ਰਮੇਸ਼ਵਰੀ-ਚਾਚਾ ਤੇਰਾ ਤਾਂ ਸਵੇਰ ਦਾ ਕੰਵਲਜੀਤ ਵਲ ਹੀ ਗਿਆ ਏ, ਉਹਦਾ ਸੁਨੇਹਾ ਆਇਆ ਸੀ।

ਤਾਰੂ-ਕਿਉਂ ਖੈਰ ਸੁੱਖ ਤਾਂ ਏ ? ਚਾਚਾ ਬਗ਼ੈਰ ਦਸੇ ਤੁਰ ਗਿਆ।

ਪ੍ਰਮੇਸ਼ਵਰੀ—ਖੈਰ ਈ ਏ ਤਾਰੂ। ਉਂਝ ਕੁੜੀ ਖ਼ੁਸ਼ ਨਹੀਂ, ਤੰਗ ਕਰਦੇ ਨੇ, ਲਾਲਚੀ ਬਾਹਲੇ ਹੀ ਨੇ।

ਤਾਰੂ—ਫੇਰ ਖੈਰ ਕਾਹਦੀ ਏ ਚਾਚੀ ? ਸਾਡੇ ਚਾਚੇ ਵਰਗੇ ਸਾਊ ਬੰਦੇ ਨੂੰ ਇਹ ਚੰਦਰੇ ਕਿਧਰ ਟੱਕਰ ਗਏ, ਚਾਚੀ ਇਕ ਗਲ ਆਖਾਂ ਹੁਣ ਇਹ ਜਿਹੇ ਬੰਦੇ ਕਰਾਰੇ ਹਥਾਂ ਬਾਝ ਨਹੀਂ ਕਾਬੂ ਆਉਂਦੇ।

ਕੋਮਲ—ਵੇਖਿਆ ਮਾਂ, ਤਾਰੂ ਨੇ ਵੀ ਉਹੋ ਗਲ ਆਖੀ।

ਪ੍ਰਮੇਸ਼ਵਰੀ—ਮੁੰਡਿਓ ਇਹ ਗਲਾਂ ਆਖਣੀਆਂ ਸੌਖੀਆਂ ਨੇ, ਧੀ ਦੀ ਜ਼ਿੰਦਗੀ ਦਾ ਸਵਾਲ ਏ, ਇਹ ਗਲ ਇਸ ਤਰ੍ਹਾਂ ਸੌਖੀ ਥੋੜਾ ਨਿਬੜਦੀ ਏ।

ਤਾਰੂ—ਚਾਚੀ ਆਪਣਾ ਪ੍ਰੋਹਣਾ ਤਾਂ ਮਾੜਾ ਨਹੀਂ ਸੀ ਲਗਦਾ।

ਪ੍ਰਮੇਸ਼ਵਰੀ—ਉਹ ਤਾਂ ਆਪਣੇ ਮਾਪਿਆਂ ਦੇ ਹੱਥ ਗੋਲਾ ਏ, ਕੰਵਲਜੀਤ ਦਾ ਸਹੁਰਾ ਜਿਹੜਾ ਸੁੰਦਰ ਸਿੰਘ ਏ, ਪਿੰਡ ਵਾਲਿਆਂ ਉਹਦਾ ਨਾਂ 'ਕਾਂ' ਰਖਿਆ ਹੋਇਆ ਏ, ਅੱਖੇ ਝੱਪਟੇ ਮਾਰਦਾ ਏ ?

ਤਾਰੂ—ਨਾ ਫੇਰ ਉਹਨਾਂ ਕਾਵਾਂ ਦੇ ਹੱਥ ਕੰਵਲਜੀਤ ਜਿਹੀ ਘੁੱਗੀ ਨੂੰ ਕਿਥੇ ਫੱਸਾ ਦਿਤਾ।

ਕੋਮਲ—ਤਾਰੂ ਜਦੋਂ ਸਾਕ ਕਰਨ ਗਏ, ਮੈਂ ਬਥੇਰਾ ਕਿਹਾ ਕਿ ਮੈਨੂੰ ਨਾਲ ਲੈ ਚਲੋ, ਅਖੇ ਉਥੇ ਮੁੰਡਿਆਂ ਦਾ ਕੰਮ ਨਹੀਂ, ਬਜ਼ੁਰਗ ਆਪੇ ਗਲ ਕਰਨਗੇ, ਹੁਣ ਕਰ ਲੈਣ ਬਜ਼ੁਰਗ ਗਲ।

ਪ੍ਰਮੇਸ਼ਵਰੀ-ਤੈਨੂੰ ਭੇਜ ਦੇਂਦੇ ਤਾਂ ਤੂੰ ਆਪਣਾ ਫਲਸਫਾ ਹੀ ਝਾੜਣ ਲਗ ਪੈਣਾ ਸੀ।

ਕੋਮਲ-ਮੈਂ ਘੱਟ ਤੋਂ ਘੱਟ ਉਹਨਾਂ ਦੀ ਨੀਤ ਤਾਂ ਤਾੜ ਜਾਂਦਾ।

ਪ੍ਰਮੇਸ਼ਵਰੀ-ਹਲਾ ਬਹੁਤਾ ਔਖਾ ਨਾ ਹੋ, ਇਕ ਵਾਰੀ ਕੰਵਲਜੀਤ ਆ ਜਾਵੇ, ਫੇਰ ਤਾਂ ਸਾਰੇ ਫੈਸਲੇ ਕਰਕੇ ਤੋਰਾਂਗੇ। ਤਾਰੂ, ਤੇਰੇ ਚਾਚੇ ਨੂੰ ਭਾਵੇਂ ਦੇਰ ਹੀ ਹੋ ਜਾਵੇ, ਤੂੰ ਜ਼ੈਲਦਾਰਾਂ ਦੇ ਟਰੈਕਟਰ ਬਾਰੇ ਪਤਾ ਕਰ ਆ।

ਤਾਰੂ—ਆਹੋ ਚਾਚੀ ਜਾਂਦਾ ਹਾਂ। ਮੈਂ ਪੁਛਣ ਤਾਂ ਆਇਆ ਸਾਂ ਕਿ ਉਹਨਾਂ ਪੈਸੇ ਬਹੁਤੇ ਲਾਣੇ ਨੇ।

ਪ੍ਰਮੇਸ਼ਵਰੀ—ਪਰ ਸਮਾਂ ਵੀ ਤਾਂ ਨਹੀਂ ਗਵਾਇਆ ਜਾ ਸਕਦਾ

ਕੋਮਲ-ਚਲ ਤਾਰੂ, ਮੈਂ ਵੀ ਤੇਰੇ ਨਾਲ ਚਲਨਾਂ ਵਾਂ।

ਤਾਰੂ-ਜ਼ਰੂਰ ਚਲ ਬਾਈ।

ਪ੍ਰਮੇਸ਼ਵਰੀ-ਠਹਿਰੋ ਮੈਂ ਚਾਹ ਧਰੀ ਹੋਈ ਏ। ਪੀ ਕੇ ਜਾਣਾ।

ਕੋਮਲ-ਅੱਛਾ ਮਾਂ, ਤਾਰੂ ਦੋ ਘੜੀ ਬਹਿ ਜਾ।

(ਤਾਰੂ ਬੈਠਦਾ ਹੈ। ਪ੍ਰਮੇਸ਼ਵਰੀ ਜਾਂਦੀ ਹੈ।)

ਤਾਰੂ-ਚਾਚੇ ਵਿਚਾਰੇ ਨੂੰ ਕਿਧਰ ਚੈਨ ਨਹੀਂ, ਹਾਲੇ ਨਰਮੇਂ ਦੀ ਬਿਜਾਈ ਦਾ ਫਿਕਰ ਸਿਰ ਤੇ ਐ, ਉਤੋਂ ਇਹ ਕੰਵਲਜੀਤ ਵਾਲਾ ਭੈੜਾ ਸਨੇਹਾ ਮਿਲ ਗਿਆ ਏ। ਬਾਈ ਹੁਣ ਤਾਂ ਉਹਦੀਆਂ ਆਸਾਂ ਤੇਰੇ ਤੇ ਨੇ, ਤੇਰੀ ਪੜ੍ਹਾਈ ਪੂਰੀ ਹੋ ਜਾਵੇ, ਨੌਕਰੀ ਲਗ ਜਾਏ, ਤਾਂ ਉਹ ਦਾ ਹੱਥ ਸੌਖਾ ਹੋਵੇ।

ਕੋਮਲ—ਨੌਕਰੀਆਂ ਜਟਾਂ ਦੇ ਪੁੱਤਰਾਂ ਲਈ ਕਿਥੇ ?

ਤਾਰੂ—ਕਿਉਂ? ਜਟਾਂ ਨੇ ਕੋਈ ਰੱਬ ਦੇ ਮਾਂਹ ਮਾਰੇ ਹੋਏ ਨੇ?

ਕੋਮਲ—ਚੰਗੀ ਨੌਕਰੀ ਤਾਰੂ, ਮਿਲਦੀ ਏ, ਹਰਇਕ ਨੰਬਰਾਂ ਦੇ ਸਿਰ ਤੇ ਨੰਬਰ ਆਉਂਦੇ ਨੇ ਪੜ੍ਹੇ ਲਿਖੇ ਮਾਪਿਆਂ ਦੇ ਬਚਿਆਂ ਦੇ, ਸ਼ਹਿਰੀਆਂ ਦੇ, ਜਿਨਾਂ ਦੇ ਬਾਰੇ ਮਸ਼ਹੂਰ ਏ ਕਿ ਉਹ ਬੋਦੀਆਂ ਜਾਂ ਜੂੜੇ ਕਿਲੀ ਨਾਲ ਬੰਨ ਕੇ ਪੜ੍ਹਦੇ ਨੇ।

ਤਾਰੂ—ਉਹ ਕਿਉਂ ?

ਕੋਮਲ—ਤਾਂ ਜੋ ਊਂਘ ਆ ਵੀ ਜਾਏ ਤਾਂ ਬੱਧਾ ਸਿਰ ਥਲੇ ਨਾਂ ਹੋਵੇ।

ਤਾਰੂ—ਤੇ ਆਪਣਾ ਇਹ ਹਾਲ ਏ ਕਿ ਨਾਂ ਜੂੜਾ ਏ ਤੇ ਨਾ ਬੋਦੀ, ਬਸ ਜਰੂਟੀਆਂ ਹੀ ਜਰੂਟੀਆਂ ਕੋਈ ਕੀ ਬੰਨ ਲਵੇਗਾ ?

(ਚਾਚੀ ਆਉਂਦੀ ਹੈ ਚਾਹ ਫੜਾਂਦੀ ਹੈ)

ਤਾਰੂ—(ਘੁੱਟ ਭਰਕੇ) ਚਾਚੀ ਚਾਹ ਭਾਵੇਂ ਤੇਰੀ ਨੂੰਹ ਵੀ ਚੰਗੀ ਬਣਾਦੀ ਏ, ਪਰ ਇਸ ਘਰ ਦੀ ਰੀਤ ਨਹੀਂ।

ਪ੍ਰਮੇਸ਼ਵਰੀ—ਐਵੇਂ ਫੋਕੀ ਵਡਿਆਈ ਕਰਨਾਂ ਏਂ।

ਤਾਰੂ—ਸਾਲ ਭਰ ਲਾਂਭ ਸੀਰ ਕੀਤਾ, ਪਰ ਤੇਰੀ ਚਾਹ ਬੜੀ ਯਾਦ ਆਉਂਦੀ ਸੀ।

ਪ੍ਰਮੇਸ਼ਵਰੀ-ਅਛਾ ਇਹ ਦਸ ਤੇਰਾ ਕੋਠਾ ਪੈ ਗਿਆ ?

ਤਾਰੂ—ਪੈ ਗਿਆ ਕੇ, ਇਹ ਵੀ ਚਾਚੇ ਦੀ ਮਿਹਰਬਾਨੀ ਹੋਈ। ਉਂਝ ਕਿਧਰੇ ਸ਼ਾਹ ਦੇਂਦਾ ਸੀ ਕੁਝ, ਪਰ ਜਦੋਂ ਚਾਚੇ ਨੇ ਜ਼ਾਮਨੀ ਭਰੀ ਤਾਂ ਕਹਿਦੇ ਜਿਨ੍ਹਾਂ

ਮਰਜੀ ਚੁੱਕ ਲੈ। ਚਾਚੇ ਦਾ ਵਿਹਾਰ ਏਨਾਂ ਖਰਾ ਕਿ ਮੰਡੀ ਵਿਚ ਹਰ ਇਕ ਸਲਾਹੁਦਾਂ ਏ।

ਕੋਮਲ–ਜਿਹੜਾ ਛਿੱਲ ਆਪਣੀ ਸੌਖੀ ਲੁਹਾ ਲਵੇ, ਮੰਡੀ ਵਿਚ ਆਪ ਸਲਾਹਿਆ ਗਿਆ।

ਤਾਰੂ–ਛਿਲ ਤਾਂ ਕੋਮਲ ਬਾਈ ਲਹਿਣੀ ਹੀ ਲਹਿਣੀ ਏ। ਸਰਕਾਰੀ ਕਰਜ਼ੇ ਲਵੋ ਤਾਂ ਵੀ ਲਹਿਦੀ ਏ। ਉਥੇ ਤਾਂ ਸਗੋਂ ਸਰਕਾਰੀ ਬੰਦੇ ਅਗੋਂ ਜੁੱਤੀਆਂ ਵੀ ਮਾਰਦੇ ਨੇਂ। ਸ਼ਾਹ ਤੇ ਆੜਤੀ ਲਾਹਦੇ ਨੇ, ਪਰ ਇੱਜ਼ਤ ਨਾਲ ਲਾਹਦੇ ਨੇਂ।

ਕੋਮਲ-ਮੈਂ ਬਾਪੂ ਨਾਲ ਹਿਸਾਬ ਪਿਆ ਕਰਦਾ ਸਾਂ ਤਾਰੂ ਕਿ ਆਪਣੀ ਫਸਲ ਦਾ ,ਚੌਥਾ ਹਿੱਸਾ ਆਪਣੇ ਮੰਡੀ ਵਾਲੇ ਧੰਨੇ ਸ਼ਾਹ ਕੋਲ ਹੀ ਚਲਾ ਜਾਂਦਾ ਹੈ। ਕੁਝ ਜਿਹੜਾ ਪਹਿਲਾਂ ਪੈਸਾ ਫੜਿਆ ਹੁੰਦਾ ਏ ਉਹਦੇ ਸੂਦ ਵਿਚ ਤੇ ਕੁਝ ਆੜਤ ਵਿਚ।

ਤਾਰੂ-ਕੋਮਲ ਬਾਈ ਤੂੰ ਹੁਣੇ ਹਿਸਾਬਾਂ ਵਿਚ ਨਾ ਪੈ ਜਾ, ਇਹ ਇਸੇ ਤਰ੍ਹਾਂ ਹੀ ਚਲਦੀ ਏ। ਸ਼ਾਹ ਨੂੰ ਵੀ ਪਤਾ ਏ, ਕਿ ਕਿਸਾਨ ਨੇ ਫਸਲ ਘਰ ਤਾਂ ਰੱਖ ਨਹੀਂ ਲੈਣੀ, ਲੋੜਾਂ ਹਮੇਸ਼ਾ ਸਿਰ ਤੇ ਖਲੋਤੀਆਂ ਰਹਿੰਦੀਆਂ ਨੇਂ, ਤੇ ਇਸ ਵਿਚ ਝੂਠ ਨਹੀਂ ਕਿ ਵੇਲੇ ਕੁਵੇਲੇ ਇਹ ਸ਼ਾਹ ਹੀ ਨੇਂ, ਜਿਨਾਂ ਕੋਲ ਰਾਤ ਬਰਾਤੇ ਪੈਸੇ ਫੜ ਲਈਦੇ ਨੇਂ। ਬੈਂਕਾਂ ਵਲ ਜਾਓ ਤਾਂ ਉਹਨਾਂ ਦੇ ਕਾਗਜ ਹੀ ਨਹੀਂ ਮਾਨ।

ਕੋਮਲ–ਤਾਰੂ ਬਾਈ, 1947 ਵਿਚ ਜੋ ਕੁਝ ਅਸੀਂ ਪੈਦਾ ਕਰਦੇ ਸਾਂ, ਹੁਣ ਤੀਹਾਂ ਸਾਲਾਂ ਬਾਦ ਅਸੀਂ ਉਸ ਤੋਂ ਸੱਤ ਗੁਣਾਂ ਵਧ ਪੈਦਾ ਕਰਦੇ ਆਂ, ਪਰ ਸਾਡਾ ਜੀਵਨ ਪੱਧਰ ਵਧਿਆ ਇਕ ਤੋਂ ਡਿਉਢਾ। ਤਾਰੂ ਪਤਾ ਈ ਬਾਕੀ ਸਾਡੇ ਪੰਜ ਹਿੱਸੇ ਕਿਥੇ ਗਿਆ?

ਤਾਰੂ-ਗਿਆ ਮੰਡੀ ਦੇ ਸੇਠਾਂ ਦੇ ਹੱਥ। ਐਵੇਂ ਤਾਂ ਨਹੀਂ ਮਕਾਨਾਂ ਦੀਆਂ ਛੱਤਾਂ ਤੇ ਛੱਤਾਂ ਚੜ੍ਹਦੀਆਂ ਜਾਂਦੀਆਂ।

ਕੋਮਲ–ਨਿਰੀਆਂ ਇਹੋ ਛੱਤਾਂ ਨਹੀਂ ਪਈਆਂ ਚੜ੍ਹਦੀਆਂ। ਤੇ ਚੰਡੀਗੜ੍ਹ ਦੇ ਸ਼ੀਸ਼ ਮਹਿਲ, ਹੋਟਲ, ਕਲੱਬ, ਨਾਚ ਘਰ ਸਭ ਕਿਸਾਨ ਦਾ ਲਹੂ ਏ। ਜਿਹੜਾ ਸੱਸਤਾ ਸਮਝ ਕੇ ਚੂਸਿਆ ਜਾ ਰਿਹਾ ਏ। ਬੜਾ ਕੁਝ ਗਲਤ ਏ, ਸਾਰਾ ਨਿਜ਼ਾਮ ਹੀ ਝੂਠ ਤੇ ਖੜਾ ਏ।

ਤਾਰੂ–ਫੇਰ ਸੱਚ ਕੀ ਏ?

ਕੋਮਲ-ਸੱਚ ਸਿਰਫ ਮਿੱਟੀ ਵਿਚ ਏ, ਜਿਥੋਂ ਸਭ ਕੁਝ ਪੈਦਾ ਹੁੰਦਾ ਏ। ਸੱਚ ਇਹਨਾਂ ਹੱਥਾਂ ਵਿਚ ਏ, ਜੋ ਸਭ ਕੁਝ ਮਿੱਟੀ ਵਿਚੋਂ ਪੈਦਾ ਕਰਦੇ ਨੇਂ।

ਤਾਰ–ਕੋਮਲ ਬਾਈ, ਇਹ ਸੱਚ ਬਾਬੇ ਨਾਨਕ ਨੇਂ ਵੀ ਦਸਿਆ ਸੀ, ਪਰ ਮਲਕ ਭਾਗੋ ਕਿਥੇ ਪੇਸ਼ ਆਉਣ ਦੇਂਦੇ ਨੇਂ ਕਿਸੇ ਦੀ? ਹੁਣ ਤੈਨੂੰ ਇਕੋ ਗਲ ਦਸ ਦੇਵਾਂ, ਕਿ ਸੱਚ ਸਾਰਾ ਪੈਸੇ ਵਿਚ ਏ। ਜਿਹਦੇ ਕੋਲ ਪੈਸਾ ਉਹੀ ਸੱਚ। ਬਾਕੀ ਸਭ ਝੂਠ।

(ਕੇਹਰ ਸਿੰਘ ਅੰਦਰ ਆਂਦਾ ਹੈ)

ਕੇਹਰ ਸਿੰਘ-ਇਹ ਤਾਰੂ ਕਿਹੜੇ ਸੱਚ ਝੂਠ ਦਾ ਵਿਖਿਆਨ ਦੇ ਰਿਹਾ ਏ।

ਤਾਰੂ-ਕੋਈ ਨਹੀਂ ਚਾਚਾ, ਕੋਮਲ ਬਾਈ ਨਾਲ ਇਹ ਗਲਾਂ ਚਲਦੀਆਂ ਹੀ ਰਹਿੰਦੀਆਂ ਨੇ। ਕੋਮਲ ਬਾਈ ਪੜ੍ਹਿਆ ਏ ਕਿਤਾਬਾਂ ਦਾ ਇਲਮ ਤੇ ਅਸੀਂ ਪੜ੍ਹੇ ਹਾਂ ਮਿੱਟੀ ਦਾ ਇਲਮ।

ਕੇਹਰ ਸਿੰਘ-ਤਾਰੂ ਭਤੀਏ, ਇਲਮ ਦੋਵੇਂ ਹੀ ਬੜੇ ਜ਼ਰੂਰੀ ਨੇਂ। ਸਾਡਾ ਸਾਰਾ ਦੁਖਾਂਤ ਹੀ ਇਹੋ ਏ ਕਿ ਜਿਹੜੇ ਮਿੱਟੀ ਦਾ ਇਲਮ ਜਾਣਦੇ ਨੇਂ, ਉਹ ਕਿਤਾਬਾਂ ਦੇ ਇਲਮ ਤੋਂ ਕੋਰੇ ਨੇ ਤੇ ਕਿਤਾਬਾਂ ਦਾ ਇਲਮ ਵਾਲਿਆਂ ਨੂੰ ਮਿੱਟੀ ਦੀ ਗਲ ਸਮਝ ਨਹੀਂ ਆਂਦੀ।

ਪ੍ਰਮੇਸ਼ਵਰੀ-ਪਰ ਤੁਸੀਂ ਇਹ ਦਸੋ ਕਿ ਕੱਲੇ ਹੀ ਆ ਗਏ ਹੋ, ਕੰਵਲਜੀਤ ਨੂੰ ਨਾਲ ਨਹੀਂ ਲਿਆਏ?

ਕੇਹਰ ਸਿੰਘ-ਉਹ ਬੜਾ ਪੁੱਠਾ ਬੋਲਦੇ ਸਨ, ਮੈਂ ਇਸ ਤਰ੍ਹਾਂ ਲਿਆਉਣਾ ਠੀਕ ਨਹੀਂ ਸਮਝਿਆ।

ਕੋਮਲ–ਬਾਪੂ ਤੁਸੀਂ ਲਿਆਉਣਾ ਠੀਕ ਨਹੀਂ ਸੀ ਸਮਝਦੇ ਕਿ ਉਹ ਭੇਜਦੇ ਨਹੀਂ ਸਨ?

ਕੇਹਰ ਸਿੰਘ-ਦੋਨੋਂ ਗਲਾਂ ਸਨ ਤੇ ਮੈਂ ਵੀ ਸੋਚਿਆ ਕਿ ਹੁਣ ਪੰਚਾਇਤ ਲੈ ਕੇ ਹੀ ਜਾਵਾਂਗੇ। ਉਹਨਾਂ ਦੀ ਪੰਚਾਇਤ ਬਿਠਾ ਕੇ ਸਾਰੀ ਗਲ ਕਰਾਂਗੇ।

ਕੋਮਲ-ਪਰ ਕੰਵਲਜੀਤ ਲਈ ਤਾਂ ਇਕ ਦਿਨ ਵੀ ਕਟਣਾ ਮੁਸ਼ਕਲ ਏ, ਕਿਸ ਤਰਾਂ ਸੀ ਉਹ?

ਕੇਹਰ ਸਿੰਘ-ਬਹੁਤ ਮਾੜੀ ਹੋ ਗਈ ਏ, ਮੈਂ ਗਿਆ ਤਾਂ ਲੀੜੇ ਵੀ ਬੜੇ ਮਾੜੇ ਪਾਏ ਹੋਏ ਸੀ, ਜਿਸ ਤਰ੍ਹਾਂ ਫਕੀਰਾਂ ਦੀ ਧੀ ਹੁੰਦੀ ਏ।

ਪ੍ਰਮੇਸ਼ਵਰੀ-ਫੇਰ ਹੁਣ ਤੁਸੀਂ ਛਡ ਕਿਉਂ ਆਏ?

ਕੇਹਰ ਸਿੰਘ–ਹਰ ਇਕ ਸੋਚ ਕਰਨੀ ਪੈਂਦੀ ਏ, ਕੰਵਲਜੀਤ ਦੀ ਮਾਂ। ਇਸ ਤਰਾਂ ਲੈ ਆਂਦਾ ਤਾਂ ਉਹਨਾਂ ਦੇ ਪਿੰਡ ਕਿਸੇ ਦੇ ਕੰਨ ਖਬਰ ਨਹੀਂ ਹੋਣੀ ਸੀ। ਪੰਚਾਇਤ ਲੈ ਕੇ ਜਾਵਾਂਗੇ, ਉਹਨਾਂ ਦੀ ਪੰਚਾਇਤ ਵਿਚ ਗਲ ਜਾਵੇਗੀ, ਉਹਨਾਂ ਨੂੰ ਤੀ ਪਤਾ ਲਗੇਗਾ ਕਿ ਦੋ ਬੰਦੇ ਨਾਲ ਨੇਂ। ਤਾਰੂ ਸਵੇਰੇ ਤੇਜੇ ਹੋਣਾ ਦਾ ਟਰੈਕਟਰ ਮਿਲ ਗਿਆ ਸੀ?

ਤਾਰੂ–ਨਹੀਂ ਚਾਚਾ ਇਹੋ ਦਸਣ ਆਇਆ ਸਾਂ, ਹੁਣ ਜ਼ਲਦਾਰ ਦੇ ਚਲਿਐ, ਭਾਵੇਂ ਪੈਸੇ ਤਾਂ ਉਹ ਤੇਜੇ ਹੋਣਾ ਦੇ ਟਰੈਕਟਰ ਤੋਂ ਕੁਝ ਵੱਧ ਹੀ ਲੈਣਗੇ-ਪਰ ਫਰ ਵੀ ਅਜ ਜ਼ਮੀਨ ਵਾਹੁਣੀ ਜਰੂਰੀ ਏ।

ਕੇਹਰ ਸਿੰਘ–ਫੇਰ ਢਿੱਲ ਨਾ ਕਰ ਸ਼ੇਰਾ, ਹੁਣੇ ਜਾ, ਕੋਮਲ ਨੂੰ ਵੀ ਨਾਲ ਲੈ ਜਾ।

ਤਾਰੂ–ਚਾਚਾ ਬੀਆਂ ਦਾ ਬੰਦੋਬਸਤ ਹੋ ਗਿਐ?

ਕੇਹਰ ਸਿੰਘ-ਹੁਣ ਤਾਂ ਮੇਰੇ ਕੋਲ ਜਾਣ ਨਹੀਂ ਹੋਣਾ, ਸਵੇਰੇ ਪਹਿਲਾ ਕੰਮ ਇਹੋ ਕਰਾਂਗਾ। ਕੋਮਲ ਪੁਤਰ ਤੂੰ ਜਾ ਤਾਰੂ ਨਾਲ ਫੇਰ ਵੀ ਦੋ ਗਏ ਦਾ ਲਿਹਾਜ ਹੁੰਦਾ ਏ।

ਤਾਰੂ-ਇਹ ਤਾਂ ਠੀਕ ਏ ਚਾਚਾ, ਮੰਡੀ ਧੰਨੇ ਸ਼ਾਹ ਕੋਲ ਗਏ ਤਾਂ ਅਸੀਂ ਦੋਨੋਂ ਸਾਂ। ਸ਼ਾਹ ਪੁਛਦਾ ਕਿਵੇਂ ਆਈ ਏ ਜੋੜੀ ਸੁਖ ਨਾਲ? ਮੈਂ ਕਿਹਾ ਛਿਲ ਲਵਾਉਣ ਆਈ ਏ ਦੁੱਖ ਨਾਲ। ਅਜ ਦੇਖੀਏ ਜ਼ੈਲਦਾਰ ਨਾ ਕਿਧਰੇ ਗਿੱਦੜ ਵਾਂਗ ਟੀਸੀ ਚੜ੍ਹ ਜਾਏ।

ਕੋਮਲ-ਕਿਹੜੇ ਗਿਦੜ ਵਾਂਗ ਤਾਰੂ?

ਤਾਰੂ-ਕਹਾਵਤ ਵਾਲੇ ਗਿੱਦੜ ਵਾਂਗ। ਕਿਸੇ ਨੂੰ ਗਿੱਦੜ ਦੇ ਗੂੰ ਦੀ ਲੋੜ ਪੈ ਗਈ, ਉਹ ਟੀਸੀ ਚੜ੍ਹ ਗਿਐ, ਆਖੇ ਮੈਂ ਤਾਂ ਕਰਨਾ ਹੀ ਨਹੀਂ, ਪਰ ਇਹ ਕਹਾਵਤਾਂ ਸਾਡੀਆਂ ਕਿਤਾਬਾਂ ਵਿਚ ਹੁੰਦੀਆਂ ਨੇ, ਤੇਰੀਆਂ ਕਿਤਾਬਾਂ ਵਿਚ ਨਹੀਂ।

ਕੋਮਲ-ਅੱਛਾ ਚਲ ਗਲਾਂ ਨਾ ਬਣਾ।

(ਦੋਨੋਂ ਜਾਂਦੇ ਹਨ।)

ਪ੍ਰਮੇਸ਼ਰਵੀ-ਹੁਣ ਸਾਰੀ ਗਲ ਖੋਲ੍ਹ ਕੇ ਦਸੋ।

ਕੇਹਰ ਸਿੰਘ-ਗਲ ਕੀ ਦਸਾਂ, ਉਥੇ ਪੁੱਜਿਆ, ਕੰਵਲਜੀਤ ਟੱਬਰ ਦੇ ਭਾਂਡੇ ਮਾਂਜ ਰਹੀ ਸੀ। ਉਹਨੇ ਦੂਰੋਂ ਹੀ ਸਤਿ ਸ੍ਰੀ ਅਕਾਲ ਬੁਲਾਈ। ਡਰਦੀ ਦੀ ਇਹ ਵੀ ਹਿੰਮਤ ਨਾ ਪਈ ਕਿ ਬਾਪੂ ਦੀਆਂ ਬਾਹਵਾਂ ਵਿਚ ਆ ਕੇ ਪਿਆਰ ਲਵੇ। ਉਹ ਤੇਰੀ ਕੁੜਮਣੀ ਤਾਂ ਪੈਰਾਂ ਤੇ ਪਾਣੀ ਨਾਂ ਪੈਣ ਦੇਵੇ, ਅਖੇ ਸਾਡੇ ਤਾਂ ਘਰ ਦੀ ਰਾਣੀ ਏ। ਮੈਂ ਦਿਲ ਵਿਚ ਕਿਹਾ, ਉਹ ਤਾਂ ਦਿਸਦੀ ਹੀ ਪਈ ਏ।

ਪ੍ਰਮੇਸ਼ਰਵੀ-ਪਰ ਉਹਨੂੰ ਤੁਸੀਂ ਕੀ ਆਖਿਆ?

ਕੇਹਰ ਸਿੰਘ-ਉਹ ਨੂੰ ਕੀ ਆਖਦਾ?

ਪ੍ਰਮੇਸ਼ਰਵੀ-ਉਸ ਖਸਮਪਿੱਟੀ ਦੇ ਸਿਰ ਸੁਆਹ ਪਾਉਣੀ ਸੀ।

ਕੇਹਰ ਸਿੰਘ-ਮੈਂ ਨਾਲ ਤੋਰਨ ਵਾਸਤੇ ਕਿਹਾ ਤਾਂ ਇਧਰ ਉਧਰ ਦੇ ਬਹਾਨੇ ਲਗਾਉਣ ਲਗ ਪਈ ਕਿ ਹਾਲੇ ਵਡੀ ਆਈ ਨਹੀਂ, ਘਰ ਦਾ ਕੰਮ ਬਹੁਤ ਏ। ਏਸੇ ਨੇ ਸਾਂਭਣਾ ਏ। ਮੈਨੂੰ ਤਾਂ ਪੀੜਾਂ ਹੀ ਸਾਹ ਨਹੀਂ ਲੈਣ ਦੇਂਦੀਆਂ।

ਮੇਸ਼ਰਵੀ- ਹੂੰ ਪੁੱਤਰਾਂ ਦੀਆਂ ਮਾਵਾਂ ਵਾਲੇ ਪੁਰਾਣੇ ਖੇਖਣ। ਨੂੰਹ ਘਰ ਆਈ ਨਹੀਂ ਤੇ ਲੱਕ ਅਤੇ ਗੋਡਿਆਂ ਦੀਆਂ ਪੀੜਾਂ ਪਹਿਲੇ ਸ਼ੁਰੂ ਹੋ ਜਾਂਦੀਆਂ ਨੇ ਤੇ ਪਟਰਾਣੀਆਂ ਬਣਕੇ ਮੰਜਿਆਂ ਤੇ ਬੈਠ ਜਾਂਦੀਆਂ ਨੇ। ਇਹੋ ਜਿਹੀਆਂ ਸੱਸਾਂ ਦਾ ਇਲਾਜ ਕੁੜੀਆਂ ਕੋਲ ਇਕੋ ਏ ਕਿ ਖਸਮ ਆਉਣ ਤੇ ਸਿਰ ਪੀੜ ਦਾ ਪੱਜ ਲਾ ਕੇ ਮੰਜੇ ਪਈ ਮੂੰਹ ਦੂਜੇ ਪਾਸੇ ਕਰ ਲੈਣ ਤੇ ਖਸਮ ਪਏ ਫੇਰ ਆਪਣੀ ਮਾਂ ਨੂੰ ਰੋਣ। ਪਰ ਸਾਡੀ ਕੰਵਲਜੀਤ ਨੂੰ ਇਹੋ ਜਿਹਾ ਕਿੱਥੇ ਕੁਝ ਆਂਦਾ ਏ?

ਕੇਹਰ ਸਿੰਘ-ਫੇਰ ਸੁੰਦਰ ਸਿੰਘ ਆਇਆ, ਉਹਨੇ ਤਾਂ ਗਲ ਹੀ ਗਵਾ ਦਿਤੀ ਕਿ ਧੀ ਏਨੀਂ ਲਾਡਲੀ ਸੀ ਤਾਂ ਘਰ ਹੀ ਰਖਣੀ ਸੀ।

ਪ੍ਰਮੇਸ਼ਰਵੀ-ਤੇ ਤੁਸੀਂ ਬਿਜ਼ਤੀ ਕਰਵਾ ਕੇ ਚੁੱਪ ਕਰਕੇ ਆ ਗਏ।

ਕੇਹਰ ਸਿੰਘ-ਹਾਂ ਵਾਪਸ ਆ ਗਿਆ, ਬਹੁਤ ਕੁਝ ਸੋਚਕੇ।

ਪ੍ਰਮੇਸ਼ਰਵੀ-ਪਰ ਸੋਚੋ ਤਾਂ ਸਈ ਕੰਵਲਜੀਤ ਤੇ ਕੀ ਬੀਤੀ ਹੋਏਗੀ?

ਕੇਹਰ ਸਿੰਘ-ਆਉਂਦੀ ਵਾਰ ਉਹਦੀ ਤਸੱਲੀ ਲਈ ਕੰਨ ਵਿਚ ਏਨਾ ਹੀ ਕਹਿ ਸਕਿਆ ਕਿ ਧੀਏ ਜਿੱਥੇ ਏਨੀਂ ਕੱਟੀ ਏ, ਕੁਝ ਦਿਨ ਹੋਰ ਕਟ ਲੈ, ਅਗਲੇ ਹਫਤੇ ਚਾਰਾ ਕਰਕੇ ਪੰਚਾਇਤ ਲਿਆਵਾਂਗਾ ਤੇ ਤੈਨੂੰ ਲੈ ਜਾਵਾਂਗਾ ਤੇ ਫੇਰ ਸਖਣਾ ਹੀ ਵਾਪਸ ਆ ਗਿਆ।

ਪ੍ਰਮੇਸ਼ਰਵੀ-ਪਰ ਤੁਹਾਡਾ ਜਿਗਰਾ ਕਿੰਝ ਪਿਆ ਸਭ ਕੁਝ ਬਰਦਾਸ਼ਤ ਕਰਨ ਦਾ।

ਕੇਹਰ ਸਿੰਘ-ਕੰਵਲਜੀਤ ਦੀ ਮਾਂ, ਇਹ ਜਿਗਰਾ ਕਰਨਾ ਹੀ ਪੈਂਦਾ ਏ, ਤੇ ਇਹ ਮੇਰੇ ਲਈ ਪਹਿਲੀ ਵਾਰ ਨਹੀਂ ਹੋਇਆ— ਹਰ ਛੇਈਂ ਮਹੀਨੇ ਆਪਣੇ ਹਥਾਂ ਨਾਲ ਪੈਦਾ ਕੀਤੀ ਅਤੇ ਪਾਲੀ ਹੋਈ ਫਸਲ ਜਦੋਂ ਮੰਡੀ ਢੇਰੀ ਕਰ ਆਉਂਦਾ ਹਾਂ, ਸ਼ਾਹ ਦਾ ਪੁਰਾਣਾ ਲਿਆ ਹੋਇਆ ਕਰਜਾ ਵੀ ਪੂਰਾ ਨਹੀਂ ਹੁੰਦਾ, ਬਸ ਸਖਣਾ ਹੀ ਵਾਪਸ ਆ ਜਾਂਦਾ ਹਾਂ, ਅਜ ਵੀ ਮਹਿਸੂਸ ਹੋਇਆ ਕਿ ਆਪਨੀ ਪਿਆਰਾਂ ਨਾਲ, ਲਾਡਾਂ ਨਾਲ ਪਾਲੀ ਹੋਈ ਧੀ ਇਹਨਾਂ ਕਸਾਈਆਂ ਕੋਲ ਛੱਡ ਚਲਿਆ ਹਾਂ-ਤੇ ਆਪ ਸਖਣੇ ਦਾ ਸਖਣਾ। ਧੀ ਦੇ ਬਾਪ ਦਾ, ਧਰਤੀ ਦੇ ਕਿਸਾਨ ਦਾ ਦੁਖਾਂਤ ਇਕੋ ਜਿਹਾ ਏ। ਮਿਹਨਤ ਨਾਲ ਪਾਲੀ ਹੋਈ ਆਪਣੀ ਦੌਲਤ, ਦੂਜਿਆ ਦੇ ਹਵਾਲੇ ਤੇ ਆਪ ਸਖਣੇ ਦੇ ਸਖਣੇ। ਪਰ ਮੇਰਾ ਦੁਖਾਂਤ ਕੰਵਲਜੀਤ ਦੀ ਮਾਂ ਇਹ ਵੇ ਕਿ ਮੈਂ ਇਕ ਬਾਪ ਵੀ ਹਾਂ— ਇਕ ਕਿਸਾਨ ਵੀ ਹਾਂ।

(ਹੌਲੇ ਹੌਲੇ ਫੇਡ ਆਊਟ)

## ਸੀਨ ਤੀਜਾ

ਤਾਰੂ-ਐਤਕੀ ਤਾਂ ਚਾਚੀ ਵਾਰੇ ਨਿਆਰੇ ਹੋ ਗਏ-ਰੱਬ ਸੁੱਖ ਰੱਖੀ ਤਾਂ ਸਾਰੇ ਦਲਿੱਦਰ ਲਹਿ ਜਾਣਗੇ ਆਪਣੀ ਸਾਰੀ ਜ਼ਿੰਦਗੀ ਇਹੋ ਜਿਹੀ ਫਸਲ ਨਹੀਂ ਦੇਖੀ।

ਪ੍ਰਮੇਸ਼ਰਵੀ-ਹਾਂ ਤਾਰੂ ਰੱਬ ਸੁੱਖ ਰਖੀ ਤਾਂ ਸਭ ਠੀਕ ਹੀ ਹੋ ਜਾਵੇਗਾ।

ਤਾਰੂ—ਸੁਨਿਐ ਹੁਣ ਤਾਂ ਪ੍ਰਾਉਣਾ ਵੀ ਰਾਸ ਆ ਗਿਐ। ਪਰ ਇਕ ਗਲ ਏ ਚਾਚੀ, ਕੰਵਲਜੀਤ ਨੂੰ ਹਾਲੇ ਘਲਣਾ ਨਹੀਂ, ਪੂਰੀਆਂ ਲੀਕਾ ਕਢਾਣੀਆਂ ਨੇਂ।

ਪ੍ਰਮੇਸ਼ਵਰੀ—ਤਾਰੂ ਪੰਚਾਇਤ ਲੈ ਕੇ ਗਏ ਸਾਂ, ਤਾਂ ਉਹਨਾਂ ਕੁੜੀ ਨੂੰ ਭੇਜਿਆ ਸੀ ਹੁਣ ਤਾਂ ਸਾਰੀ ਸਲਾਹ ਪੰਚਾਇਤ ਦੀ ਹੀ ਹੋਵੇਗੀ।

ਤਾਰੂ-ਲੈ ਚਾਚੀ ਪੰਚਾਇਤ ਅਗੇ ਤਾਂ ਉਹ ਇਕ ਦੱਮ ਮਾਂਊ ਬਣ ਗਏ। ਫੇਰ ਇਕ ਪਾਸੇ ਲਿਜਾਕੇ ਚਾਚੇ ਦੇ ਤਰਲੇ ਕਰਨ ਕਿ ਹੁਣ ਪੰਚਾਇਤ ਵਾਪਸ ਲੈ ਜਾਓ ਮੁੰਡਾ ਸਵੇਰੇ ਕੁੜੀ ਨੂੰ ਆਪੇ ਛੱਡਕੇ ਆਵੇਗਾ।

ਪ੍ਰਮੇਸ਼ਵਰੀ-ਤੇਰਾ ਚਾਚਾ ਜਦੋ ਲੈਣ ਗਿਆ ਸੀ ਤਾਂ ਸੁੰਦਰ ਸਿੰਘ ਨੇ ਮੂੰਹ ਪਾੜਕੇ ਕਹਿ ਦਿਤਾ ਸੀ, ਜੇਕਰ ਕੁੜੀ ਏਨੀ ਲਾਡਲੀ ਸੀ ਤਾਂ ਘਰ ਹੀ ਰਖਣੀ ਸੀ ਪਰ ਪੰਚਾਇਤ ਅਗੇ ਝੱਟ ਝੂਠ ਕਹਿ ਦਿਤਾ ਕਿ ਅਸੀਂ ਕਦੋਂ ਨਾਂਹ ਕੀਤੀ ਏ ਭੇਜਣ ਤੋਂ।

ਤਾਰੂ—ਉਹ ਤਾਂ ਬੰਦਾ ਊਂਈ ਬੜਾ ਮਾੜਾ ਲਗਦਾ ਏ। ਕੋਮਲ ਦਸਦਾ ਏ ਕਿ ਪ੍ਰਾਉਣਾ ਹੁਣ ਮਾਂ ਬਾਪ ਵਿਰੁਧ ਹੋ ਗਿਆ ਏ ਕਿ ਉਹ ਦਾ ਘਰ ਉਜਾੜਣ ਵਾਲੇ ਉਹਦੇ ਮਾਪੇ ਹੀ ਨੇਂ, ਤੇ ਉਹ ਵੱਖ ਹੋਣ ਨੂੰ ਫਿਰਦਾ ਏ।

ਪ੍ਰਮੇਸ਼ਵਰੀ-ਅਸੀਂ ਤਾਂ ਵੱਖ ਹੋਣ ਲਈ ਨਹੀਂ ਕਿਹਾ ਪਰ ਮੁੰਡਾ ਆਪ ਹੀ ਆ ਕੇ ਇਹ ਗਲ ਕਰਦਾ ਸੀ।

ਤਾਰੂ—ਚਾਚੇ ਨੇ ਬੜੀ ਸਿਆਣਪ ਨਾਲ ਸਾਰੀ ਗਲ ਨੇਪਰੇ ਚਾੜ੍ਹੀ।

ਪ੍ਰਮੇਸ਼ਵਰੀ—ਹਾਲੀ ਨੇਪਰੇ ਕਿਥੇ ਚੜ੍ਹਾਈ ਏ ਤਾਰੂ।

ਤਾਰੂ—ਨੇਪਰੇ ਹੀ ਚੜ੍ਹ ਗਈ ਸਮਝੋ।

ਪ੍ਰਮੇਸ਼ਵਰੀ-ਉਝੇ ਕੰਵਲਜੀਤ ਦਾ ਉਸ ਘਰ ਜਾਣ ਦਾ ਬਿਲਕੁਲ ਜੀਅ ਨਹੀਂ ਕਰਦਾ, ਪਰ ਆਖਰ ਇਕ ਦਿਨ ਤਾਂ ਜਾਣਾ ਹੀ ਪੈਣਾ ਏ।

(ਕੋਮਲ ਆਉਂਦਾ ਹੈ)

ਕੋਮਲ-ਮਾਂ ਤੂੰ ਫੇਰ ਉਹੀ ਗਲ ਛੇੜੀ ਹੋਈ ਏ?

ਪ੍ਰਮੇਸ਼ਵਰੀ—ਮੈਂ ਕਦੋ ਛੇੜੀ ਏ? ਤਾਰੂ ਪੁਛਦਾ ਸੀ।

ਤਾਰੂ—ਆਹੋ ਮੈਂ ਹੀ ਚਾਚੀ ਕੋਲੋਂ ਪੁਛਦਾ ਸੀ ਕਿ ਕੰਵਲਜੀਤ ਦੀ ਸੱਸ ਨੇ ਕਦੋਂ ਮਰਨਾਂ ਏ?

ਕੋਮਲ—ਉਹਦੇ ਮਰਨ ਨਾਲ ਤੈਨੂੰ ਕੀ ਮਿਲੇਗਾ?

ਤਾਰੂ—ਲੈ ਮਿਲੇਗਾ ਕਿਉਂ ਨਹੀਂ, ਕੰਵਲਜੀਤ ਸੁੱਖੀ ਆਪਣੇ ਘਰ ਵਸੇਗੀ। ਧਰਤੀ ਤੋਂ ਕੋਈ ਭੈੜਾ ਜੀਅ ਉਠ ਜਾਏ ਤਾਂ ਧਰਤੀ ਦਾ ਭਾਰ ਹੀ ਹੌਲਾ ਹੁਦੈ।

ਪ੍ਰਮੇਸ਼ਵਰੀ—ਚਲ ਤਾਰੂ ਇੰਞ ਨਹੀਂ ਆਖਣਾ ਚਾਹੀਦੈ, ਰੱਬ ਹਰ ਇਕ ਜੀਅ ਨੂੰ ਰਾਜੀ ਰਖੇ।

ਤਾਰੂ—ਲੈ ਚਾਚੀ ਤੈਨੂੰ ਵੀ ਕੁੜਮਣੀ ਦਾ ਹੇਜ ਆ ਗਿਐ।

ਪ੍ਰਮੇਸ਼ਵਰੀ—ਅਛਾ ਹੁਣ ਲੱਸੀ ਪੀ ਤੇ ਆਪਣੇ ਚਾਚੇ ਲਈ ਵੀ ਲੈ ਜਾ।

ਤਾਰੂ—ਚਾਚੀ, ਅਜ ਦਾ ਦਿਨ ਮੈਂ ਛੁੱਟੀ ਲਈ ਏ।

ਪ੍ਰਮੇਸ਼ਵਰੀ—ਕਿਉਂ?

ਤਾਰੂ—ਚਾਚੇ ਨੇ ਕਿਸ਼ੋਰੀ ਲਾਲ ਹੋਰਾਂ ਕੋਲ ਦੋ ਬੋਰੀਆਂ ਸੀਮਿੰਟ ਦੀ ਗਲ ਕੀਤੀ ਸੀ, ਉਹ ਲੈਣ ਜਾਣਾ ਏ। ਤੇ ਜਾਣਾ ਵੀ ਉਦੋਂ ਏ ਜਦੋਂ ਹਨੇਰਾ ਹੋ ਜਾਏ।

ਪ੍ਰਮੇਸ਼ਵਰੀ—ਕਿਉਂ?

ਕੋਮਲ—ਸੱਠਾਂ ਰੁਪਿਆਂ ਦੀ ਬੋਰੀ ਚੁਕਣੀ ਕੀਤੀ ਏ, ਉਹ ਚਾਨਣੇ ਵਿਚ ਥੋੜਾ ਚੁਕਣੀ ਏ?

ਪ੍ਰਮੇਸ਼ਵਰੀ-ਸੱਠ ਰੁਪਏ ਬੋਰੀ? ਹਨੇਰ ਸਾਂਈ ਦਾ।

ਤਾਰੂ—ਸਾਈਂ ਦਾ ਹਨੇਰ ਕੋਈ ਨਹੀਂ। ਇਹ ਕਿਸ਼ੋਰੀ ਲਾਲ ਦਾ ਹਨੇਰ ਏ। ਕੋਠੇ ਦਾ ਕੰਮ ਦੋ ਸਾਲਾਂ ਦਾ ਰੁਕਿਆ ਏ ਸੀਮਿੰਟ ਖੁਣੋਂ। ਨਾਲੇ ਅਸਾਂ ਕਿਹੜੀਆਂ ਸੈਂਕੜੇ ਬੋਰੀਆਂ ਲੈਣੀਆਂ ਨੇ। ਇਹੋ ਸਮਝਾਂਗੇ ਕਿ ਅੱਧੀ ਬੋਰੀ ਕਣਕ ਦੀ ਕਿਸ਼ੋਰੀ ਲਾਲ ਦੇ ਲੇਖੇ, ਉਹ ਖਾ ਕੇ ਮੋਟਾ ਹੋ ਜਾਵੇ।

ਪ੍ਰਮੇਸ਼ਵਰੀ—ਇੰਞ ਅੱਧੀ ਅੱਧੀ ਬੋਰੀ ਉਨ੍ਹਾਂ ਦੇ ਲੇਖੇ ਲਾਂਦੇ ਗਏ ਤਾਂ ਸਾਡੀ ਪੂਰੀ ਕਿਥੇ ਪੈਣੀ ਏ?

ਤਾਰੂ—ਅਗੇ ਕਦੇ ਪਈ ਏ ਚਾਚੀ ਕਿ ਹੁਣ ਪੈ ਜਾਏ? ਕੋਮਲ ਸੁਣਾ ਬਾਈ, ਹੁਣ ਮੁੰਡਿਆਂ ਦਾ ਮੋਰਚਾ ਕਿਥੇ ਲਗਨਾ ਏ?

ਕੋਮਲ—ਕਿਸ਼ੋਰੀ ਲਾਲ ਦੀ ਦੁਕਾਨ ਅਗੇ।

ਤਾਰੂ—ਕਿਸ਼ੋਰੀ ਲਾਲ ਦੀ ਦੁਕਾਨ ਅਗੇ। ਕਿਉਂ?

ਕੋਮਲ—ਸੀਮਿੰਟ ਵੇਚਦਾ ਏ ਬਲੈਕ ਵਿਚ।

ਤਾਰੂ—ਇਹ ਮੋਰਚਾ ਕਦੋਂ ਲਗਨਾ ਏ?

ਕੋਮਲ—ਕਲ।

ਤਾਰੂ—ਖੈਰ ਏ, ਮੈਂ ਆਪਣੀਆਂ ਬੋਰੀਆਂ ਰਾਂਤੀ ਚੁੱਕ ਲਿਆਉਂਦੀਆਂ ਨੇਂ।

ਕੋਮਲ-ਕੀ ਕਿਹਾ ਤੂੰ? ਰਾਤੀਂ?

ਤਾਰੂ—ਹਾਂ ਜਦੋਂ ਰਾਤ ਦਾ ਹਨੇਰਾ ਹੋਵੇਗਾ, ਤਾਰੂ ਸੀਰੀ ਕਿਸ਼ੋਰ ਲਾਲ ਦੇ ਜਾਏਗਾ। ਅੱਧੀ ਬੋਰੀ ਕਣਕ ਦੀ ਉਹਦੇ ਲੇਖੇ ਲਾ ਕੇ ਬੋਰੀਆਂ ਸੀਮਿੰਟ ਦੀਆਂ ਸੱਠ ਰੁਪੈ ਬੋਰੀ ਦੇ ਹਿਸਾਬ ਨਾਲ ਚੁੱਕ ਲਿਆਵੇਗਾ। ਉਹਦਾ ਕੋਠਾ ਛਤਣ ਦਾ ਕੰਮ ਦੋ ਸਾਲ ਤੋਂ ਜਿਥੇ ਖਲੋਤਾ ਏ ਉਹਨੂੰ ਅਗੇ ਪੂਰਾ ਕਰੇਗਾ।

ਕੋਮਲ—ਤੈਨੂੰ ਪਤਾ ਏ ਕਿ ਇਹ ਸੀਮਿੰਟ ਕਿਸ਼ੋਰੀ ਲਾਲ ਕੋਲ ਕਿਥੋਂ ਆਂਦਾ ਏ।

ਤਾਰੂ-ਕਾਲੇ ਚੋਰ ਕੋਲੋਂ ਆਂਦਾ ਹੋਵੇ, ਸਾਨੂੰ ਕੀ?

ਕੋਮਲ-ਠੇਕੇਦਾਰ ਕੋਲੋਂ, ਜਿਨ੍ਹਾਂ ਨੇ ਖਾਲਾਂ ਪੱਕੀਆਂ ਕਰਨ ਦਾ ਠੇਕਾ ਲਿਆ ਏ। ਠੇਕੇਦਾਰ, ਸਰਕਾਰੀ ਬੰਦੇ, ਕਿਸ਼ੋਰੀ ਲਾਲ ਸਭ ਰਲੇ ਹੋਏ ਨੇ। ਜੇ ਖਾਲਾਂ ਪੱਕੀਆਂ ਨਾ ਹੋਈਆਂ ਨੁਕਸਾਨ ਸਾਡਾ ਹੀ ਏ।

ਭਾਰੂ–ਨੁਕਸਾਨ ਤਾਂ ਹਰ ਥਾਂ ਸਾਡਾ ਹੀ ਏ। ਜੇ ਛੱਤ ਮੇਰੀ ਡਿਗ ਗਈ, ਥੱਲੇ ਵੀ ਮੈਂ ਹਾਂ ਆਉਂਣਾ ਏ, ਨਾਂ ਕਿਸ਼ੋਰੀ ਲਾਲ ਨੇ, ਨਾਂ ਕਿਸੇ ਭੜੂਏ ਠੇਕੇਦਾਰ ਨੇ, ਤੇ ਨਾਂ ਕਿਸੇ ਸਰਕਾਰ ਦੇ ਵਜ਼ੀਰ ਨੇ।

ਕੋਮਲ–ਤੂੰ ਨਹੀਂ ਸਮਝੇਂਗਾ।

ਤਾਰੂ–ਲੈ ਬਾਈ ਤੂੰ ਸਮਝਾ ਲੈ, ਮੈਂ ਨਹੀਂ ਚੁੱਕਦਾ ਉਥੋਂ ਦੋ ਬੋਰੀਆਂ। ਤੂੰ ਕਿਤਿਓਂ ਹੋਰ ਦੇਓ ਬੰਦੋਬਸਤ ਕਰ ਦੇ।

ਕੋਮਲ–ਮੈਂ ਕੀ ਲਗਾ ਹੋਇਆਂ,ਜੋ ਬੰਦੋਬਸਤ ਕਰ ਦੇਵਾਂ।

ਤਾਰੂ–ਬਸ ਗਲ ਤਾਂ ਇਥੇ ਆ ਕੇ ਮੁੱਕਦੀ ਏ।

ਕੋਮਲ–ਪਰ ਜੇਕਰ ਅਸੀਂ ਮਿਲਕੇ ਰੌਲਾ ਪਾਵਾਂਗੇ ਤਾਂ ਕੋਈ ਨਾਂ ਗਲ ਨਿਕਲ ਹੀ ਜਾਏਗੀ।

ਪ੍ਰਮੇਸ਼ਵਰੀ–ਆਹੋ ਤਾਰੂ ਮਿਲਕੇ ਕੋਈ ਗਲ ਕਰੀਏ ਤਾਂ ਰਾਹ ਲਭ ਹੀ ਜਾਂਦਾ ਏ। ਹੁਣ,ਕੰਵਲਜੀਤ ਦੀ ਵਾਰੀ ਜੇ ਇਕਲਾ ਤੇਰਾ ਚਾਚਾ ਹੁੰਦਾ ਤਾਂ ਗਲ ਕੋਈ ਸੌਰਨੀ ਸੀ ? ਪੰਚਾਇਤ ਗਈ ਮਿਲਕੇ ਤਾਂ ਅਗਲੇ ਵੀ ਸਹਿਮ ਗਏ।

ਤਾਰੂ–ਪਰ ਚਾਚੀ ਇਹ ਦੋ ਬੋਰੀਆਂ ਮੈਂ ਚੱਕ ਲਿਆਂਦਾ ਹਾਂ। ਫੇਰ ਇਹ ਪਾੜ੍ਹਾ ਜੋ ਕਹੇਗਾ, ਉਹੀ ਕਰਾਂਗਾ।

ਕੋਮਲ–ਗਲ ਤਾਂ ਫੇਰ ਉਥੇ ਹੀ ਰਹੀ।

ਤਾਰੂ–ਗਲ ਰਹਿਣੀ ਹੀ ਉਥੇ ਏ, ਬਾਕੀ ਬਾਈ ਅਸੀਂ ਤੇਰੇ ਕੰਮ ਨੂੰ ਮਾੜਾ ਨਹੀਂ ਕਹਿੰਦੇ। ਤੁਸੀਂ ਵੀ ਜੇਕਰ ਦਿਨ ਰਾਤ ਲਗੇ ਹੋਏ ਹੋ ਤਾਂ ਕੋਈ ਨਾ ਕੋਈ ਨਤੀਜਾ ਤਾਂ ਨਿਕਲੇਗਾ ਹੀ ਨਾ।

ਕੋਮਲ–ਨਤੀਜੇ ਤੇਰੇ ਵਰਗੇ ਨਿਕਲਣ ਦੇਂਦੇ ਨੇਂ ?

ਤਾਰੂ–ਬਾਈ ਤੂੰ ਜਿਥੇ ਕਹਿਣਾ ਏ, ਸਿਰ ਦੇ ਦੇਣਾ ਹੈ, ਪਰ ਮੈਨੂੰ ਇਕ ਗਲ ਦਸਦੇ ਕਿ ਕੀ ਮੇਰੇ ਸਿਰ ਦੇਣ ਨਾਲ ਮੇਰੇ ਗੇਜੇ ਦਾ ਕੋਈ ਬਣ ਜਾਏਗਾ ? ਕੀ ਉਹ ਵੀ ਕਦੀ ਪੜ੍ਹ ਲਿਖ ਸਕੇਗਾ ? ਮੇਰਾ ਬਾਪੂ ਆਸਾਂ ਲਾਉਂਦਾ ਚਲਾ ਗਿਆ। ਮੈਂ ਤਾਂ ਕਦੀ ਆਪਣੇ ਗੇਜੇ ਵਾਸਤੇ ਕੋਈ ਆਸ ਹੀ ਨਹੀਂ ਲਾਈ। ਪਰ ਚੀਸ ਤਾਂ ਦਿਲੋਂ ਉਠਦੀ ਏ ਜਦੋਂ ਵਡਿਆਂ ਦੇ ਬਾਲਾਂ ਨੂੰ ਸੋਹਣੇ ਲੀੜੇ, ਸੋਹਣੀਆਂ ਨਿਕਰਾਂ ਪਾਈ, ਬੱਸਤੇ ਪਿੱਠ ਤੇ ਚੁੱਕ ਕੇ ਹੱਸੂ ਹੱਸੂ ਕਰਦਾ ਸਕੂਲੇ ਜਾਂਦਾ ਵੇਖਦਾ ਹਾਂ। ਬਾਈ ਸ ਡੇ ਤੇ ਸਾਡੇ ਵਰਗਿਆਂ ਲਖਾਂ ਦੀਆਂ ਆਸਾਂ ਤੁਹਾਡੇ ਤੇ ਨੇ।

ਕੋਮਲ–ਤਾਰੂ, ਧਰਤੀ ਤੇ ਏਨਾਂ ਕੁਝ ਗ਼ਲਤ ਏ, ਅਸੀਂ ਸਾਰੇ ਹੀ ਮਹਿਸੂਸ ਕਰਦੇ ਹਾਂ, ਪਰ ਅਸੀਂ ਸਾਰੇ ਹੀ ਚਾਹੁੰਦੇ ਹਾਂ, ਕਿ ਸਾਡੇ ਲਈ ਕੁਝ ਕੋਈ ਹੋਰ ਕਰੇ ਤੇ ਅਸੀਂ ਆਪ ਜਿਸ ਗੇੜ ਵਿਚ ਹਾਂ, ਉਸੇ ਗੇੜ ਵਿਚ ਚਲਦੇ ਜਾਈਏ।

ਤਾਰੂ–ਕੋਹਲੂ ਦੇ ਬੈਲਾਂ ਕੋਲੋਂ ਹੋਰ ਉਮੀਦ ਵੀ ਕੀ ਹੋ ਸਕਦੀ ਏ ?

ਕੋਮਲ–ਹਰ ਮਾਂ ਇਹ ਚਾਹੁੰਦੀ ਏ ਕਿ ਉਹਦਾ ਜਾਇਆ ਉਹਦੀ ਬੁੱਕਲ ਦੀ ਨਿੱਘ ਵਿਚ ਰਹੇ, ਝੱਖੜਾਂ ਤੂਫਾਨਾਂ ਵਿਚ ਹੋਰਾਂ ਦੇ ਜਾਏ ਲੜਣ, ਹਰ ਬਾਪ ਇਹ ਚਾਹੁੰਦਾ ਏ ਕਿ ਉਹਦਾ ਜਾਇਆ ਬਚਾਅ ਵਾਲੀ ਥਾਂ ਤੇ ਖਲੋਤਾ ਰਹੇ ਤੇ ਕੁਰਬਾਨੀਆਂ ਲਈ ਹੋਰ ਅਗੇ ਜਾਂਦੇ ਜਾਣ।

ਤਾਰੂ–ਇਹ ਹਰ ਬਾਪ ਦੀ ਕਮਜ਼ੋਰੀ ਹੁੰਦੀ ਏ ਬਾਈ।

ਕੋਮਲ–ਹਰ ਬਾਪ ਦੀ ਨਹਾਂ, ਤਾਰੂ, ਇਹ ਧਰਤੀ ਗੁਰੂ ਗੋਬਿੰਦ ਸਿੰਘ ਦੀ ਧਰਤੀ ਏ, ਜਿਨੇ ਚਾਰ ਮਰਨ ਤੇ ਵੀ ਇਹ ਕਿਹਾ ਸੀ ਕਿ ਚਾਰ ਮੂਏ ਤੋਂ ਕਿਆ ਹੁਆ ਜੀਵਤ ਕਈ ਹਜ਼ਾਰ।

ਤਾਰੂ–ਲੈ ਬਾਈ ਫੇਰ ਤੂੰ ਉੱਚੀਆਂ ਗਲਾਂ ਸ਼ੁਰੂ ਕਰ ਦਿੱਤੀਆਂ। ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ। ਦਸਵੀਂ ਪਾਤਸ਼ਾਹੀ ਵਰਗਾ ਕੌਣ ਹੋ ਸਕਦੇ ?

ਕੋਮਲ–ਅਸੀਂ ਉਹਦੇ ਸਿੱਖ ਹਾਂ। ਗੁਰੂ ਦੇ ਪੂਰਨਿਆਂ ਤੇ ਚਲਣਾ ਉਹਦੇ ਚੇਲਿਆਂ ਦਾ ਫਰਜ਼ ਹੁੰਦਾ ਏ।

ਤਾਰੂ–ਅਸੀਂ ਅਜ ਤੋਂ ਬਾਅਦ ਤੈਨੂੰ ਆਪਣਾ ਗੁਰੂ ਮੰਨਿਆਂ, ਜੋ ਕਹੇਂਗਾ ਕਰਾਂਗਾ। ਅਸੀਂ ਨਹੀਂ ਚੁਕਦੇ ਸੀਮੰਟ, ਕੋਠਾ ਡਿਗਦਾ ਏ ਤਾਂ ਡਿਗ ਪਏ, ਬਹੁਤਾ ਇਹੋ ਹੋ ਜਾਏਗਾ ਕਿ ਥਲੇ ਦੱਬੇ ਜਾਵਾਂਗੇ ਤੇ...... ਅਗੇ ਕਿਹੜਾ ਅਸੀਂ ਦਬੇ ਹੋਏ ਨਹੀਂ–ਲਿਆ ਫੜਾ ਚਾਚੀ ਲਸੀ ਚਾਚੇ ਨੂੰ ਦੇ ਆਵਾਂ, ਸੀਮੰਟ ਵਾਲਾ ਸਿਆਪਾ ਤਾਂ ਮੁਕਿਆ।

ਪ੍ਰਮੇਸ਼ਵਰੀ–ਤੂੰ ਖੇਤ ਜਾ ਤੇ ਆਪਣੇ ਚਾਚੇ ਨੂੰ ਭੇਜ ਦੇਵੀਂ ਸਰਪੰਚ ਹੋਰੀ ਵੀ ਪੁਛਦੇ ਸੀ, ਲਗਦਾ ਏ ਕੰਵਲਜੀਤ ਦੇ ਸੋਹਰਿਆਂ ਵਲੋਂ ਕੋਈ ਸੁਨੇਹਾ ਆਇਆ ਏ।

ਕੋਮਲ–ਹੁਣ ਕਾਹਦੇ ਸੁਨੇਹੇ ਪਏ ਭੇਜਦੇ ਨੇ ?

ਤਾਰੂ–ਸੁਨੇਹਾ ਭੇਜਿਆ ਹੋਣਾ ਏ, ਕਿ ਸਾਡੀ ਤੋਬਾ, ਸਾਡੇ ਪਿਉ ਦੀ ਤੋਬਾ, ਸਾਡੇ ਪਿਉ ਦੇ ਪਿਉ ਦੀ ਤੋਬਾ।

ਪ੍ਰਮੇਸ਼ਵਰੀ–ਤੂੰ ਜਾ ਹੁਣ ਗਲਾਂ ਨਾ ਬਣਾ, ਜਾ ਕੇ ਆਪਣੇ ਚਾਚੇ ਨੂੰ ਘਲ ਦੇ।

ਕੋਮਲ–ਕੰਵਲਜੀਤ ਕਿਥੇ ਏ ਮਾਂ ?

ਪ੍ਰਮੇਸ਼ਵਰੀ–ਸਹੇਲੀ ਦੇ ਘਰ ਗਈ ਏ, ਉਹਦਾ ਵਿਆਹ ਅਗਲੇ ਫਗਣ ਏ, ਕਠੀਆਂ ਕਸੀਦਾ ਪਈਆਂ ਕਢਦੀਆਂ ਨੇ।

ਕੋਮਲ–ਕਿੰਨੀ ਵਾਰੀ ਉਹਨੂੰ ਸਮਝਾਇਆ ਏ ਕਿ ਕਸੀਦਿਆਂ ਵਿਚ ਨਾ ਸਮਾਂ ਗੁਆਇਆ ਕਰ,ਇੰਨੀਆਂ ਕਿਤਾਬਾਂ ਲਿਆਂਦੀਆਂ ਨੇ ਉਸਦੇ ਲਈ, ਇਹਨਾਂ ਕੁੜੀਆਂ ਨੂੰ ਭਾਵੇਂ ਜਿੰਨਾ ਮਰਜ਼ੀ ਸਮਝਾਉ ਮੁੜ ਮੁੜ ਕੇ ਫੇਰ ਕਸੀਦਿਆਂ ਤੇ ਹੀ ਜਾਂਦੀਆਂ ਨੇ।

ਪ੍ਰਮੇਸ਼ਵਰੀ–ਕੁੜੀਆਂ ਦੇ ਚਾਅ ਹੁੰਦੇ ਨੇ।

ਕੋਮਲ–ਕਾਹਦੇ ਚਾਅ ਹੁੰਦੇ ਨੇ । ਇਹ ਚਾਅਵਾਂ ਦੇ ਮੋਰ ਪਾਂਦੀਆਂ ਰਹਿੰਦੀਆਂ ਨੇ ਅਗਲੇ ਇਹਨਾਂ ਦੀ ਕੁੜਿਆ ਦੀ ਬਾਬ ਕਰਦੇ ਨੇ । ਕੰਵਲਜੀਤ ਨੂੰ ਬੜਿਆਂ ਤਕੜਿਆਂ ਹੋਣਾ ਚਾਹੀਦਾ ਏ ਸੋਹਰੇ ਜਾਏ ਤਾਂ ਆਪਣੇ ਪੈਰਾਂ ਤੇ ਖਲੋਏ, ਪਿਉ ਭਰਾ ਦੇ ਸਹਾਰੇ ਨਾ ਲਭੇ ।

ਪ੍ਰਮੇਸ਼ਵਰੀ–ਤੂੰ ਤੇ ਚਾਹੁੰਦਾ ਏ ਕਿ ਹਰ ਕੋਈ ਫੌਜੀ ਸਿਪਾਹੀ ਹੋਵੇ ਹੱਥ ਵਿਚ ਬੰਦੂਕ ਫੜੀ ਤੇ ਲੜਨ ਲਈ ਤਿਆਰ, ਕੰਵਲਜੀਤ ਹੋਵੇ, ਤਾਰੂ ਹੋਵੇ, ਬਾਪੂ ਹੋਵੇ।

ਕੋਮਲ–ਜੇ ਨਹੀਂ ਲੜਾਂਗੇ ਤਾਂ ਦੁਸ਼ਮਣ ਨੇ ਕੋਈ ਲਿਹਾਜ਼ ਕਰ ਦੇਣੈ ? ਸੱਕਣੇ ਪਾ ਦੇਣੈ, ਖਲੋਤੇ ਰਹੋ ਡੋਲੀਆਂ ਲੈ ਕੇ ਪੇਟਰੋਲ ਪੰਪਾ ਤੇ, ਬੋਰੀ ਖਾਦ ਦੀ ਲੈਣੀ ਹਵੇ ਤਾਂ ਧੇਲੇ ਧੇਲੇ ਦੇ ਬਾਊਆ ਦੇ ਗੋਡੀ ਹੱਥ ਲਾਉ, ਬੀ ਲੈਣ ਲਈ ਇੰਸਪੈਕਟਰਾਂ ਦੇ ਤਰਲੇ ਕਰੋ। ਧਰਤੀ ਦਾ ਅੰਨ ਦਾਤਾ ਕਿਸਾਨ ਏ, ਤੇ ਦਾਤਾ, ਦੂਜਿਆਂ ਦੇ ਦਰ ਤੇ ਠੂਠਾ ਫੜੀ ਖਲੋਤਾ ਏ, ਤੇਲ ਦਿਉ, ਖਾਦ ਦਿਉ, ਸੀਮੰਟ ਦਿਉ ।

(ਇੰਨੇ ਨੂੰ ਤਾਰੂ ਕੇਹਰ ਸਿਘ ਨੂੰ ਸਹਾਰਾ ਦੇਈ ਆਉਂਦਾ ਏ ਉਹਦਾ ਹੱਥ ਲਹੂ ਲੁਹਾਨ ਏ ।

ਤਾਰੂ–ਚਾਚੀ, ਚਾਚੀ, ਕੋਮਲ ਬਾਈ ?

ਪ੍ਰਮੇਸ਼ਵਰੀ–ਕੀ ਹੋਇਆ ?

ਕੇਹਰ ਸਿੰਘ–ਕੋਈ ਨਹੀਂ, ਹਥ ਟੋਕੇ ਵਿਚ ਆ ਗਿਆ ਏ, ਸਭ ਠੀਕ ਹੋ ਜਾਏਗਾ ।

ਕੋਮਲ–ਬਾਪੂ ਤੁਸੀਂ ਧਿਆਨ ਕਰਨਾ ਸੀ ਨਾ ?

ਕੇਹਰ ਸਿੰਘ–ਧਿਆਨ ਪਤਾ ਨਹੀਂ ਕਿੱਧਰ ਚਲਾ ਗਿਆ। ਪੱਲ ਦੀ ਪੱਲ ਸੋਚ ਆਈ, ਖੌਰੇ ਬਿਜਲੀ ਆਵੇਗੀ ਕਿ ਨਹੀਂ ਤਾਰੂ ਨਹੀਂ ਹੋਣਾ ਪਾਣੀ ਕਿੰਝ ਲਵਾਗੇ, ਬਸ ਪਤਾ ਈ ਨਹੀਂ ਲਗਾ !

ਕੋਮਲ–ਮਾਂ ਤੂੰ ਪਾਣੀ ਗਰਮ ਕਰ ਮੈਂ ਡਾਕਟਰ ਨੂੰ ਬੁਲਾ ਕੇ ਲਿਆਂਦਾ ਹਾਂ।

ਤਾਰੂ–(ਪਛਤਾਂਦਾ ਹੋਇਆ) ਵੇਖ ਚਾਚਾ ਕਿੰਨਾ ਲਹੂ ਵਗ ਗਿਆ ਏ, ਨਾਂ ਇਹ ਸੀਮੰਟ ਦਾ ਸਿਆਪਾ ਹੁੰਦਾ ਤੇ ਨਾ ਮੈਂ ਆਂਦਾ,ਨਾ ਚਾਚਾ ਤੂੰ ਪਠੇ ਕੁਤਰਦਾ ਤੇ ਨਾ... ਇਹ ਸਾਰਾ ਮੇਰਾ ਕਸੂਰ ਏ ਮੇਰਾ ਈ ਕਸੂਰ ਏ ।

(ਮੰਜੇ ਦੇ ਪਾਵੇ ਨਾਲ ਸਿਰ ਮਾਰਦਾ ਹੈ)

ਕੇਹਰ ਸਿੰਘ–ਨਾ ਤਾਰੂ ਦੁਖੀ ਨਾਂ ਹੋ, ਜੇ ਤੂੰਹੀ ਹੌਂਸਲਾ ਛੱਡ ਦਿੱਤਾ ਤਾਂ ਇਹ ਫਸਲ ਕੌਣ ਸਾਂਭੇਗਾ।......

(ਫੇਡ ਆਊਟ)

(ਸੀਨ ਚੌਥਾ)

ਸ਼ਾਹ–ਇਹ ਕੇਹਰ ਸਿੰਘ ਕੀ ਭਾਣਾ ਵਰਤਿਆ ?

ਕੇਹਰ ਸਿੰਘ–(ਉਦਾਸ ਲਹਿਜੇ ਵਿਚ) ਜੋ ਭਾਣੇ ਸਾਡੇ ਨਾਲ ਹਮੇਸ਼ਾ ਵਰਤੀਂਦੇ ਨੇਂ ਸ਼ਾਹ।

ਸ਼ਾਹ–ਮੈਂ ਸੁਣਿਆ ਤਾਂ ਬਸ ਨੱਠਾ ਹੀ ਆਇਐ ।

ਕੇਹਰ ਸਿੰਘ–(ਦੁਖਾਂਤਕ ਵਿਅੰਗ ਨਾਲ) ਤਾਂਹੀਓ ਵਹੀ ਨਾਲ ਲਿਆਉਣੀ ਭੁੱਲ ਗਿਆ ਏਂ, ਜੇ ਵਹੀ ਲੈ ਵੀ ਆਉਂਦਾ ਤਾ ਵੀ ਕੀ ਫਾਇਦਾ ਸੀ ? ਹੁਣ ਤਾਂ ਉਹ ਹੱਥ ਹੀ ਨਹੀਂ ਰਿਹਾ ਜਿਸਦਾ ਅੰਗੂਠਾ ਤੇਰੀ ਵਹੀ ਤੇ ਲਗਦਾ ਹੁੰਦਾ ਸੀ।

ਸ਼ਾਹ–ਕਿਉਂ ਸ਼ਰਮਿੰਦਾ ਕਰਨਾਂ ਏ ਕੇਹਰ ਸਿਆਂ ? ਤੇਰੇ ਨਾਲੋਂ ਅੰਗੂਠੇ ਪਿਆਰੇ ਨਹੀਂ।

ਕੇਹਰ ਸਿੰਘ–ਪਰ ਸ਼ਾਹ ਫਿਕਰ ਨਾਂ ਕਰੀਂ, ਮੇਰਾ ਪੁਤਰ ਕੋਮਲ ਮੇਰੇ ਹਰ ਲਗੇ ਅੰਗੂਠੇ ਦੀ ਜ਼ਿਮੇਵਾਰੀ ਪੂਰੀ ਕਰੇਗਾ, ਜਿਸ ਤਰ੍ਹਾਂ ਮੈਂ ਆਪਣੇ ਬਾਪੂ ਦੀ ਕੀਤੀ ਸੀ।

ਸ਼ਾਹ–ਆਪਣਾ ਕੇਹਰ ਸਿਆਂ ਤਿੰਨ ਪੀੜੀਆਂ ਦਾ ਵਿਹਾਰ ਚਲ ਰਿਹਾ ਏ।

ਕੇਹਰ ਸਿੰਘ–ਹਾਂ ਸ਼ਾਹ,ਹੁਣ ਤਾਂ ਚੌਥੀ ਪੀੜੀ ਦੀ ਵਾਰੀ ਏ ਮੈਂ ਖੇਤੀ ਦਾ ਕੰਮ ਸਾਂਭਿਆ ਸੀ ਤਾਂ ਤੇਰਾ ਖਾਤਾ ਛੇ ਹਜ਼ਾਰ ਦਾ ਗੇੜ ਦਸਦਾ ਏ, ਹੁਣ ਮੇਰਾ ਪੁਤਰ ਖੇਤੀ ਸ਼ੁਰੂ ਕਰੇਗਾ, ਖਾਤਾ ਨੌ ਹਜ਼ਾਰ ਰੁਪੈ ਦੇ ਗੇੜ ਦਾ ਹੈ। ਹੁਣ ਉਹ ਵੀ ਹਰ ਇਕ ਹਾੜੀ ਸੌਣੀ ਦੀ ਉਡੀਕ ਕਰੇਗਾ । ਨਵੀਆਂ ਆਸਾਂ ਲਾਏਗਾ ਤੇ ਉਹ ਆਸਾਂ ......? (ਫੇਰ ਬੜੇ ਜਜ਼ਬੇ ਭਰੇ ਵਿਸ਼ਵਾਸ ਦੇ ਲਹਿਜੇ ਵਿਚ) ਪਰ ਨਹੀਂ ਸ਼ਾਹ ਉਹ ਮੇਰੇ ਵਾਂਗ ਨਹੀਂ......ਉਹ ਜ਼ਰੂਰ ਕੋਈ ਨਾਂ ਕੋਈ ਉਪਰਾਲਾ ਕਰੇਗਾ ...... ਉਹ ਇਹ ਗੇੜ ਖਤਮ ਕਰਗਾ......ਉਹਦੀ ਪੀੜੀ ਤੇ ਮੇਰੀ ਪੀੜੀ ਵਿਚ ਫਰਕ ਹੀ ਇਹੋ ਏ......।

(ਹੌਲੇ ਹੌਲੇ ਫੇਡ ਆਊਟ ਤੇ ਪਰਦਾ)

0


# ਜਦੋਂ ਖੇਤ ਜਾਗੇ

ਕ੍ਰਿਸ਼ਨ ਚੰਦਰ ਦਾ ਨਾਵਲ–ਮੁਲ 3-00

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ**

# *ਇਹ ਹਮਾਰਾ ਜੀਵਣਾ*/ਗੁਰਸ਼ਰਨ ਸਿੰਘ

## 1. ਵਿਰਸੇ ਦੀ ਪਛਾਣ

ਖੱਬੀ ਲਹਿਰ ਦੇ ਬੁੱਧੀ ਜੀਵਾਂ ਵਿਚ ਹੋਰਨਾਂ ਬਹਿਸਾਂ ਤੋਂ ਇਲਾਵਾ ਇਕ ਬਹਿਸ ਦਾ ਵਿਸ਼ਾ ਜਿਹੜਾ ਮਹੱਤਵ ਪੂਰਨ ਹੈ, ਉਹ ਇਹ ਹੈ ਕਿ ਅਸੀਂ ਆਪਣੇ ਇਤਿਹਾਸ ਵਿਚੋਂ ਜਾਂ ਆਪਣੇ ਵਿਰਸੇ ਵਿਚੋਂ ਕੁਝ ਲੈਣਾ ਹੈ ਜਾਂ ਨਹੀਂ ? ਉਸ ਉਤੇ ਕੋਈ ਫ਼ਖ਼ਰ ਕਰਨਾ ਹੈ, ਜਾਂ ਨਹੀਂ ? ਆਪਣੇ ਵਿਰਸੇ ਬਾਰੇ ਗਲ ਕਰਨੀ ਇਕ ਸ਼ਾਵਨਇਜ਼ਮ ਹੈ, ਰੁਮਾਂਸਵਾਦ ਹੈ, ਯੂਟੱਪੀਅਨ ਆਦਰਸ਼ਵਾਦ ਹੈ। ਇਹਦੇ ਇਸ਼ਾਰੇ 'ਸਮਤਾ' ਵਿਚ ਛਪੇ ਬਹੁਤ ਸਾਰੇ ਲੇਖਾਂ ਵਿਚ ਆ ਗਏ ਹਨ।

(1) ਸੁਰੇਂਦਰ ਹੇਮਜਯੋਤੀ ਦੀ ਗਲ ਕਰਦਿਆਂ।
ਸਬਿੰਦਰ ਜੀਤ ਸਾਗਰ (ਅੰਕ 4)

(2) ਭਗਤ ਸਿੰਘ ਦੀ ਗਲ ਕਰਦਿਆਂ।
ਸੰਤ ਸਿੰਘ ਸੇਖੋਂ (ਅੰਕ 3)

(3) ਗ਼ਦਰ ਪਾਰਟੀ ਦੀ ਗਲ ਕਰਦਿਆਂ।
ਹਰੀਸ਼ ਪੁਰੀ (ਅੰਕ 4)

(4) ਸੰਤ ਸਿੰਘ ਸੇਖੋਂ ਦੀ ਗਲ ਕਰਦਿਆਂ।
ਪ੍ਰੇਮ ਪ੍ਰਕਾਸ਼ (ਅੰਕ 7)

(5) ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਗਲ ਕਰਦਿਆਂ। ਲਾਭ ਸਿੰਘ ਖੀਵਾ (ਅੰਕ 4) ਗੁਰਬਖ਼ਸ਼ ਜੱਸ (ਅੰਕ 5) ਅਤੇ ਸੁਰਜੀਤ ਗਿਲ (ਅੰਕ 7)

ਇਸਦੇ ਉਲਟ ਮੈਂ ਆਪਣੀ ਗਲ ਸਪੱਸ਼ਟ ਇਹ ਕਹਿ ਕੇ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਕੋਈ ਇਨਕਲਾਬੀ ਲਹਿਰ ਸਿੱਖ ਵਿਰਸੇ ਨੂੰ ਅਪਣਾਏ ਬਗੈਰ ਕਦੀ ਵੀ ਆਪਣੇ ਪੈਰ ਇਸ ਧਰਤੀ ਤੇ ਨਹੀਂ ਲਗਾ ਸਕਦੀ। ਪੰਜਾਬ ਦੀ ਖੱਬੀ ਲਹਿਰ ਵਿਚ ਇਤਨੀ ਗਿਣਤੀ ਵਿਚ ਸਿਆਣੇ ਮਾਹਿਰ ਹੁੰਦੇ ਹੋਏ ਵੀ-ਜਿਹਨਾਂ ਨੂੰ ਦੁਨੀਆਂ ਭਰ ਦੀ ਸਿਆਸਤ ਦਾ ਗਿਆਨ ਹੈ, ਯੋਰਪ, ਅਮਰੀਕਾ, ਏਸ਼ੀਆਂ ਦੀ ਇਨਕਲਾਬੀ ਲਹਿਰ ਦੀ ਜਾਣਕਾਰੀ ਹੈ- ਪਿਛਲੇ ਪੰਜਾਹ ਸਾਲਾਂ ਤੋਂ ਇਹ ਲਹਿਰ ਉਹਨਾਂ ਲੋਕਾਂ ਕੋਲੋਂ ਮਾਤ ਪੈ ਰਹੀ ਹੈ, ਜਿਨਾਂ ਦੀ ਅਕਲ ਦਾ ਦਾਇਰਾ ਦਰਬਾਰ ਸਾਹਿਬ ਦੀ ਪਕਰਮਾ ਤੋਂ ਬਾਹਰ ਨਹੀਂ ! ਕਾਰਨ ਇਹੋ ਹੈ ਕਿ ਪ੍ਰਕਰਮਾ ਵਾਲੇ ਸਿਆਸਤਦਾਨਾਂ ਦੀਆਂ ਜੜਾਂ ਇਸ ਧਰਤੀ ਤੇ ਹਨ ਪਰ ਦੁਨੀਆਂ ਦੀ ਸਿਆਸਤ ਦੇ ਮਾਹਿਰਾਂ ਦੀਆਂ ਇਹ ਜੜਾਂ ਨਹੀਂ ਹਨ। ਖੱਬੇ 'ਬੁੱਧੀਜੀਵ' ਵਿਰਸੇ ਵਾਲੀ ਗਲ ਤੇ ਗ਼ਲਤੀ ਕਿਉਂ ਖਾਂਦੇ ਹਨ? ਬਹੁਤ ਵਾਰ ਇਹਦਾ ਕਾਰਨ ਉਹਨਾਂ ਦੀ ਅੰਦਰ ਮੁਖੀ ਸੋਚ ਹੈ।

(1) ਇਹਨਾਂ ਵਿਚੋਂ ਕੁਝ ਤਾਂ ਉਹ ਹਨ, ਜਿਹੜੇ ਜੰਮੇ ਪਲੇ ਉਹਨਾਂ ਘਰਾਂ ਵਿਚ ਹਨ ਜਿਥੇ ਸਿਖ 'ਨਫਰਤ' ਸਭਿਆਚਾਰ ਦਾ ਅੰਗ ਹੈ ਤੇ ਜਿਥੇ ਸਿਖ ਸੋਚਣੀ ਨੂੰ ਹਮੇਸ਼ਾਂ 'ਧੂਤਾ' ਸੋਚਣੀ ਦਾ ਨਾਂ ਦਿਤਾ ਗਿਆ ਹੈ। ਇਹ ਓਹਨਾਂ ਦਾ ਕਸੂਰ ਨਹੀਂ। ਪੰਜਾਬ ਵਿਚ ਪਿਛਲੇ 70-80 ਸਾਲਾਂ ਤੋਂ ਸਿੱਖੀ ਦੇ ਨਾਂ ਤੇ ਚਲ ਰਹੀ ਸਿਆਸਤ ਦਾ ਇਹ ਕੁਦਰਤੀ ਪ੍ਰਤੀਕਰਮ ਹੈ। ਇਹ ਲੋਕ ਪੰਜਾਬ ਦੇ ਸੋਲਵੀ ਤੋਂ ਅਠਾਰਵੀਂ ਸਦੀ ਦੇ ਇਤਿਹਾਸ ਤੋਂ ਨਾਂ ਬਹੁਤ ਜਾਣੂ ਹਨ ਤੇ ਨਾਂ ਹੀ ਉਸ ਨੂੰ ਅਪਣਾਉਂਦੇ ਹਨ। ਬੁਨਿਆਂਦੀ ਤੌਰ ਤੇ ਸਿਖ ਸੰਘਰਸ਼ਾਂ ਦਾ ਇਤਿਹਾਸ ਹੈ, ਜਿਥੇ ਸਿੱਖਾਂ ਨੇ ਆਪਣੇ ਕੇਸ ਆਦਿਕ ਕਾਇਮ ਰਖਣ ਲਈ ਵੀ ਵਡੀਆਂ ਵਡੀਆਂ ਕੁਰਬਾਨੀਆਂ ਕੀਤੀਆਂ।

(2) ਕੁਝ ਉਹ ਹਨ, ਜਿਨਾਂ ਵਾਸਤੇ ਇਹ ਫੈਸ਼ਨ ਹੈ ਕਿ ਤੁਸੀਂ ਆਧੁਨਿਕ ਤਾਂ ਹੀ ਅਖਵਾ ਸਕਦੇ ਹੋ ਕਿ ਤੁਸੀਂ ਜੋ ਕੁਝ ਵੀ ਪ੍ਰੰਪਰਾ ਹੈ, ਭਾਵੇਂ ਉਹ ਚੰਗੀ ਹੈ ਜਾਂ ਮੰਦੀ ਉਸ ਤੋਂ ਵਿਧਰੋਹ ਕਰੋ। ਜੇ ਹਿੰਦੂ ਹੋ ਤਾਂ ਦੇਵੀ ਦੇਵਤਿਆਂ ਨੂੰ, ਸ੍ਰੀ ਰਾਮ ਚੰਦਰ ਨੂੰ, ਸ੍ਰੀ ਕ੍ਰਿਸ਼ਨ ਨੂੰ ਚੋਕ ਵਿਚ ਖਲੋਕੇ ਗਾਲ੍ਹਾਂ ਕਢੋ ਜਾਂ ਉਹਨਾਂ ਦੀ ਖਿੱਲੀ ਉਡਾਓ। ਜੇ ਸਿਖ ਹੋ ਤਾਂ ਕੇਸਾਂ ਤੋਂ ਜ਼ਰੂਰ ਮੁਕਤੀ ਹਾਸਿਲ ਕਰੋ। ਆਧੁਨਿਕਤਾਂ ਤੋਂ ਇਲਾਵਾਂ ਇਹ ਬਹੁਤ ਵਾਰੀ ਆਪਣੇ ਆਪ ਨੂੰ ਤਰਕਵਾਦੀ ਵੀ ਅਖਵਾਉਂਦੇ ਹਨ।

(3) ਕੁਝ ਉਹ ਹਨ, ਜਿਹੜੇ ਸਿੱਖੀ ਦੇ ਸਿਧਾਂਤ ਵਿਚੋਂ ਬਦੋਬਦੀ ਇਨਕਲਾਬ ਸਾਬਤ ਕਰਨਾਂ ਚਾਹੁੰਦੇ ਹਨ ਇਹ ਪ੍ਰੋ: ਕਿਸ਼ਨ ਸਿੰਘ ਆਦਿਕ ਦੀ ਸੋਚ ਹੈ, ਜੋ ਬਹੁਤ ਕੁਝ ਠੀਕ ਹੁੰਦੀ ਹੋਈ ਵੀ ਇਕ ਪਾਸੜੀ ਹੋਣ ਦੀ ਰੁੱਚੀ ਰਖਦੀ ਹੈ।

ਸਹੀ ਪਹੁੰਚ ਇਹ ਹੋ ਸਕਦੀ ਹੈ ਕਿ ਹਰ ਇਕ ਯੁੱਗ ਦੇ ਪ੍ਰਸੰਗ ਵਿਚ ਪ੍ਰੰਪਰਾ ਦਾ ਵਿਸ਼ਲੇਸ਼ਨ ਕੀਤਾ ਜਾਏ। ਸਿੱਖ ਗੁਰੀਲਿਆ ਤੇ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਵਿਚ ਫਰਕ ਪਛਾਣਿਆ ਜਾਏ। ਦੋਨੋਂ ਸਿਖ ਰਾਜ ਕਾਇਮ ਕਰਨਾ ਚਾਹੁੰਦੇ ਸਨ। ਪਰ ਜਿਥੇ ਸਿਖ ਗੁਰੀਲੇ ਦਮਨ ਦੇ ਵਿਰੁਧ ਉਠ ਕੇ ਇਹ ਕਰਨਾਂ ਚਾਹੁੰਦੇ ਸਨ, ਉਥੇ ਮਹਾਰਾਜੇ ਦੀ ਸੋਚ ਸਿਰਫ ਇਕ ਭੂਪਵਾਦੀ ਰਾਜਿਆਂ ਵਾਲੀ ਸੋਚ ਸੀ। ਇਸ ਕਰਕੇ ਅਸੀਂ ਮਹਾਰਾਜੇ ਦੀਆਂ ਬਰਸੀਆਂ ਵਿਚ ਸ਼ਾਮਿਲ ਹੋਣ ਵਾਲੇ ਨਹੀਂ ਹੋ ਸਕਦੇ।

ਜਦੋਂ ਇਹ ਗਲਾਂ ਲਿਖੀਆਂ ਜਾ ਰਹੀਆਂ ਹਨ ਤਾਂ

ਇਥੇ ਇਹ ਰੀਕਾਰਡ ਕਰਨਾਂ ਜ਼ਰੂਰੀ ਹੈ ਕਿ ਪੰਜਾਬ ਵਿਚ ਨਕਸਲਬਾੜੀ ਲਹਿਰ ਨੇ ਜਾਂ ਉਸ ਲਹਿਰ ਤੋਂ ਪ੍ਰਭਾਵਤ ਹੋ ਕੇ ਲਿਖੇ ਸਾਹਿਤ ਨੇ ਸਿਖ ਨਾਇਕਾਂ ਨੂੰ ਸੰਘਰਸ਼ ਦਾ ਪ੍ਰਤੀਕ ਬਣਾਇਆ ਹੈ। ਉਹ ਸਹੀ ਪਹੁੰਚ ਸੀ। ਉਹਨਾਂ ਦਾ ਇਹ ਨਾਅਰਾ ਦੇਣਾ ਕਿ 'ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡਾ ਰਾਹ, ਬਾਬਾ ਦੀਪ ਸਿੰਘ ਦੀ ਸਥਾਪਨਾ ਲੈਣਾ, ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਦਾ ਹੀਲਾ ਕਰਨਾਂ ਹੀ ਪੈਂਦਾ ਹੈ-ਦਿਲੀ ਦੇ ਦਮਨ ਨੂੰ ਚਣੌਤੀ ਦੇਂਦਿਆਂ ਗੁਰੂ ਤੇਗ਼ ਬਹਾਦਰ ਤੋਂ ਪ੍ਰੇਰਨਾ ਲੈਣਾ—ਕੋਈ ਗ਼ਲਤ ਨਹੀਂ ਸੀ ਤੇ ਨਾਂ ਹੀ ਇਹ ਕੋਈ ਬੇਲੋੜੀ 'ਸ਼ਾਵਨਇਜ਼ਮ' ਸੀ। ਨਾਟਕ ਖੇਤਰ ਵਿਚ ਮੇਰਾ ਅਮਲੀ ਤਜਰਬਾ ਦਸਦਾ ਹੈ ਕਿ ਜਿਨ ਸਰਿ ਪਲੈ ਹੋਇ,ਨਿਓਟਿਆਂ ਦੀ ਓਟ, ਕਿਵੇਂ ਕੂੜੇ ਤੁਟੇ ਪਾਲੂ, ਇਹ ਲਹੂ ਕਿਸਦਾ ਹੈ, ਪੰਜਾਬ ਵਿਚ ਖੱਬੀ ਲਹਿਰ ਲਈ ਉਤਨੇ ਹੀ ਜ਼ਰੂਰੀ ਨਾਟਕ ਹਨ, ਜਿਨੇ ਲੋਹੇ ਦੀ ਭੱਠੀ, ਰੱਤਾ, ਸਾਲੂ, ਮੁੱਠੀ ਭਰ ਚਾਉਲ, ਕੋਈ ਹਰਿਆ ਬੂਟ ਰਹਿਓ ਰੀ, ਮਿੱਟੀ ਦਾ ਮੁਲ। ਜਿਨ੍ਹੀ ਜਲਦੀ ਅਸੀਂ ਇਸ ਦੇ ਬਾਰੇ ਸੱਪਸ਼ਟ ਹੋ ਜਾਵਾਂਗੇ, ਉਤਨਾਂ ਹੀ ਖੱਬੀ ਲਹਿਰ ਲਈ ਚੰਗਾ ਸ਼ਗਨ ਹੋਵੇਗਾ।

ਸ਼ਕਾਇਤ ਕੀਤੀ ਜਾਂਦੀ ਹੈ ਕਿ ਹੁਣ 'ਜ਼ੋਰੀ ਮੰਗੇ ਦਾਨ ਵੇ ਲਾਲੋ' ਵਰਗੇ ਨਾਟਕ ਕਿਉਂ ਨਹੀਂ ਲਿਖੇ ਜਾਂਦੇ ਜਾਂ ਖੇਡੇ ਜਾਂਦੇ? ਕਾਰਨ ਸਾਫ ਹੈ ਕਿ ਖਬੀ ਲਹਿਰ ਪੈਪਸੂ ਮੁਜਾਹਰਾ ਘੋਲ, ਜਾਂ ਖੁਸ਼ ਹਸੈਤੀ ਵਰਗਾ ਘੋਲ ਕੋਈ ਵੀ ਨਹੀਂ ਲੜ ਰਹੀ। ਜਦੋਂ ਉਹ ਖਾੜਕੂ ਘੋਲ ਲੜੇਗੀ ਤਾਂ ਨਾਟਕ ਵੀ ਜ਼ਰੂਰ ਲਿਖੇ ਜਾਣਗੇ ਤੇ ਖੇਡੇ ਜਾਣਗੇ। ਕਾਨਪੁਰ ਸੁਦੇਸ਼ੀ ਮਿਲਜ਼ ਦੀ ਖਾੜਕੂ ਹੜਤਾਲ ਹੋਈ। ਅਜ ਉਸ ਘੋਲ ਉਤੇ ਦਰਜਨਾਂ ਨਾਟਕ ਲਿਖੇ ਗਏ ਜਿਹੜੇ ਯੂ. ਪੀ ਦੇ ਲੋਕ ਨਾਟਕ ਗਰੁਪ ਖੇਡਦੇ ਹਨ। ਪੰਜਾਬ ਵਿਚ ਜੇ ਇਹੋ ਜਿਹਾ ਕੋਈ ਘੋਲ ਹੋਵੇਗਾ ਤਾਂ ਨਾਟਕ ਲਿਖੇ ਵੀ ਜਾਣਗੇ ਤੇ ਖੇਡੇ ਵੀ ਜਾਣਗੇ। ਪਰ ਇਹ ਕਰਨ ਲਈ ਜ਼ਰੂਰੀ ਨਹੀਂ ਕਿ ਅਸੀਂ ਆਪਣੇ ਬਜ਼ੁਰਗਾਂ ਦੀ ਚੋਣ ਤੋਂ ਮੁੱਨਕਰ ਹੋਈਏ ਜਿਹੜੇ ਜ਼ਿਦਗੀ ਦੇ ਸੱਚ ਲਈ ਜੂਝੇ।

## 2. ਲਾਇਸੈਂਸ ਯਾਫਤਾ ਹਥਿਆਰ—ਬੰਦੂਕਾਂ, ਪਿਸਤੌਲਾਂ, ਰਫਲਾਂ

ਜੰਤਾ ਰਾਜ ਵੇਲੇ ਜਦੋਂ ਬੇਲਚੀ, ਪਿਪਰਾ ਆਦਿਕ ਥਾਂਵਾਂ ਤੇ ਠਾਕਰਾਂ ਵਲੋਂ ਜਾਂ ਉੱਚੀ ਜ਼ਾਤ ਵਾਲਿਆ ਵਲੋਂ ਹਰੀਜਨਾਂ ਤੇ ਹਮਲੇ ਹੋਏ ਅਤੇ ਉਹਨਾਂ ਨੂੰ ਜੀਂਦਿਆਂ ਸਾੜਿਆ ਗਿਆ ਤਾਂ ਅਮਲ ਵਿਚ ਇਹ ਦੇਖਿਆ ਗਿਆ ਕਿ ਇਹਨਾਂ ਲੱਠਮਾਰਾਂ ਕੋਲ ਲਾਇਸੈਂਸ ਯਾਫਤਾ ਬੰਦੂਕਾਂ, ਪਿਸਤੌਲਾਂ ਤੇ ਰਫਲਾਂ ਸਨ, ਜਦੋਂ ਕਿ ਹਰੀਜਨ ਸਾਰੇ ਬੇਹਥਿਆਰੇ ਸਨ। ਘੋਰ ਜ਼ੁਲਮ ਦੇ ਵਕਤੀ ਪ੍ਰਤੀਕਰਮ ਵਜੋਂ ਬਿਹਾਰ ਵਿਚ ਇਕ ਸਕੀਮ ਘੜੀ ਗਈ ਕਿ ਹਰੀਜਨਾਂ ਨੂੰ ਵੀ ਆਪਣੇ ਬਚਾਅ ਲਈ ਸਰਕਾਰ ਵਲੋਂ ਹਥਿਆਰ ਦਿਤੇ ਜਾਣ। (ਉਸ ਵੇਲੇ ਬਿਹਾਰ ਦਾ ਮੁੱਖ ਮੰਤਰੀ ਇਕ ਹਰੀਜਨ ਸੀ)। 24 ਲੱਖ ਦੇ ਬੱਜਟ ਨਾਲ ਇਕ ਸਕੀਮ ਸ਼ੁਰੂ ਕੀਤੀ ਗਈ, ਜਿਸ ਅਨੁਸਾਰ ਹਰ ਇਕ ਜ਼ਿਲੇ 'ਚ 10,000 ਹਰੀਜਨਾਂ ਨੂੰ ਬੰਦੂਕ ਆਦਿਕ ਚਲਾਉਣ ਦੀ ਸਿਖਲਾਈ ਦਿਤੀ ਜਾਣੀ ਸੀ। ਉਹਨਾਂ 10,000 ਵਿਚੋਂ ਉਹਨਾਂ 100 ਨੂੰ ਸਰਕਾਰ ਵਲੋਂ ਬੰਦੂਕਾਂ ਦਿਤੀਆਂ ਜਾਣਗੀਆਂ, ਜਿਹੜੇ ਟਰੇਨਿੰਗ ਦਰਮਿਆਨ ਚੰਗੀ ਲਿਆਕਤ ਵਿਖਾਉਣਗੇ ਅਤੇ ਜਿਨਾਂ ਦਾ ਸਮਾਜਕ ਰੀਕਾਰਡ ਚੰਗਾ ਹੋਵੇਗਾ (ਭਾਵ ਉਹ ਸਰਕਾਰ ਦੇ ਵਫਾਦਾਰ ਹੋਣਗੇ)--ਪਰ ਇਹ ਸਕੀਮ ਕਾਗਜ਼ਾਂ ਵਿਚ ਹੀ ਰਹੀ, ਜਿਸ ਤਰ੍ਹਾਂ ਹਰ ਸਰਕਾਰੀ ਸਕੀਮ ਅਕਸਰ ਕਾਗਜ਼ਾਂ ਵਿਚ ਰਹਿੰਦੀ ਹੈ। ਸਰਕਾਰ ਬਦਲਨ ਨਾਲ ਜਦੋਂ ਕਾਂਗਰਸ ਦੀ ਸਰਕਾਰ ਆਈ, ਉਹਨਾਂ ਨੇ ਡਿਪਟੀ ਕਮਿਸ਼ਨਰਾਂ ਕੋਲੋਂ ਸਲਾਹ ਮੰਗੀ ਭਈ ਇਸ ਸਕੀਮ ਬਾਰੇ ਤੁਹਾਡੇ ਕੀ ਵਿਚਾਰ ਨੇਂ?—ਜਿਹੜੇ ਕੁਝ ਅਫਸਰ ਹਰੀਜਨ ਕੇਡਰ ਤੋਂ ਸਨ, ਉਹਨਾਂ ਨੇ ਕਿਹਾ, ਬੜੀ ਚੰਗੀ ਏ--ਜਿਹੜੇ ਬਹੁਤ ਹਰੀਜਨ ਨਹੀਂ ਸਨ ਅਤੇ ਉੱਚੀਆਂ ਜ਼ਾਤਾਂ ਦੇ ਸਨ, ਉਹਨਾਂ ਨੇ ਕਿਹਾ--ਇਹ ਤੱਬਕਾ ਗੈਰ-ਜ਼ਿਮੇਵਾਰ ਹੈ, ਜੇ ਇਹਨਾਂ ਨੂੰ ਬੰਦੂਕਾਂ ਦਿਤੀਆਂ ਗਈਆਂ, ਜਾਂ ਇਹ ਆਪ ਡਾਕੂ ਬਣ ਜਾਣਗੇ ਜਾਂ ਡਾਕੂ ਇਹ ਹਥਿਆਰ ਇਹਨਾਂ ਕੋਲੋਂ ਖੋਹ ਲੈਣਗੇ ਜਾਂ ਇਹ ਉਹਨਾਂ ਨੂੰ ਅਗੋਂ ਕਿਰਾਏ ਤੇ ਦੇ ਦੇਣਗੇ ਆਦਿਕ--ਜਿਸ ਤਰ੍ਹਾਂ ਠਾਕਰਾਂ ਕੋਲ ਜਿਹੜੇ ਹਥਿਆਰ ਨੇ, ਉਹ ਸਿਰਫ ਗਾਇਤਰੀ ਪੜ੍ਹਨ ਵਾਲਿਆਂ ਕੋਲ ਹੀ ਰਹਿੰਦੇ ਹਨ।

ਇਥੇ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਾਈਵੇਟ ਸ਼ਹਿਰੀਆਂ ਨੂੰ ਹਥਿਆਰਾਂ ਦੇ ਲਾਇਸੈਂਸ ਦਿਤੇ ਹੀ ਕਿਉਂ ਜਾਂਦੇ ਹਨ? ਉਹਨਾਂ ਦੀ ਲੋੜ ਕੀ ਹੈ? ਕੀ ਇਹ ਬੰਦੂਕਾਂ, ਰਫਲਾਂ ਪਿਸਤੌਲਾਂ ਅਮੀਰਾਂ ਦਾ ਇਕ ਫੈਸ਼ਨ ਨਹੀਂ? ਕੀ ਇਹ ਅਮੀਰਾਂ ਕੋਲ ਗ਼ਰੀਬਾਂ ਉਤੇ ਰੁਅਬ ਪਾਉਣ ਦਾ ਪ੍ਰਤੀਕ ਨਹੀਂ? ਆਪਣੇ ਪੰਜਾਬ ਦੇ ਪਿੰਡਾ ਵਿਚ ਜਿਹਨਾਂ ਕੋਲ ਇਹ ਹਥਿਆਰ ਲਾਇਸੈਂਸ ਯਾਫਤਾ ਹਨ, ਇਹ ਕੌਣ ਹਨ? ਇਹ ਗੁੰਡੇ, ਟਾਊਟ, ਬਲੈਕੀਏ ਸਮਗਲਰਾਂ ਤੋਂ ਸਿਵਾ ਹੋਰ ਕੋਈ ਨਹੀਂ। ਸਾਊ ਹਮੇਸ਼ਾ ਹਥਿਆਰ ਘਰ ਹੀ ਰਖਦੇ ਹਨ। ਅਮ੍ਰਿਤਸਰ ਜਦੋਂ ਦੋ ਸਾਲ ਹੋਏ ਹਜ਼ਾਰਾ ਸਿੰਘ ਗਿਲ ਦਾ ਸ਼ਰੇਆਮ ਦਿਨ ਦਿਨ ਦਿਹਾੜੇ ਵਗਦੀ ਸੜਕ ਤੇ ਕਤਲ ਹੋਇਆ ਤਾਂ ਦੋਨਾਂ

ਘਿਰਾਂ ਕੋਲ ਲਾਇਸੈਂਸ ਯਾਫਤਾ ਹਥਿਆਰ ਸਨ। ਸੈਸ਼ਨ ਵਿਚ ਕਿਸੇ ਕਤਲ ਕੇਸ ਦਾ ਫ਼ੈਸਲਾ ਹੋਣਾ ਹੋਵੇ ਤਾਂ ਲਾਇਸੈਂਸ ਯਾਫ਼ਤ ਹਥਿਆਰ ਚੁੱਕੀ ਧਾੜਾਂ ਦੀਆਂ ਧਾੜਾਂ ਫਿਰ ਰਹੀਆਂ ਹੁੰਦੀਆਂ ਹਨ, ਜਿਹੜੀਆਂ ਖਾਮਖਾਹ ਸਾਧਾਰਨ ਸ਼ਹਿਰੀਆਂ ਲਈ ਦਹਿਸ਼ਤ ਦਾ ਵਾਤਾਵਰਨ ਬਣਾ ਦੇਂਦੀਆ ਹਨ।

ਇਹਨਾਂ ਗੈਰ ਅਮਲੀ ਕਾਰਵਾਈਆਂ ਨਾਲੋਂ ਕਿ ਹਰੀਜਨਾਂ ਜਾਂ ਕਮਜ਼ੋਰ ਵਰਗ ਦੇ ਲੋਕਾਂ ਨੂੰ ਹਥਿਆਰ ਵੰਡੇ ਜਾਣ, ਇਹਦੇ ਨਾਲੋਂ ਤਾਂ ਸਿਧੀ ਤੇ ਆਸਾਨ ਗਲ ਹੈ ਇਹ ਕਾਨੂੰਨ ਬਣਾਇਆ ਜਾਏ ਕਿ ਕਿਸੇ ਪ੍ਰਾਈਵੇਟ ਸ਼ਹਿਰੀ ਨੂੰ ਕੋਈ ਹਥਿਆਰ ਰਖਣ ਦੀ ਇਜਾਜ਼ਤ ਨਹੀਂ! ਤੇ ਸਾਰੇ ਹਥਿਆਰ ਇਕ ਦਮ ਵਾਜਬ ਇਵਜ਼ਾਨਾਂ ਦੇ ਕੇ ਜ਼ਬਤ ਕਰ ਲਏ ਜਾਣ। ਇਸਤਰਾਂ ਕਿਸੇ ਵੀ ਸ਼ਹਿਰੀ ਕੋਲ ਜਿਹੜਾ ਵੀ ਹਥਿਆਰ ਹੋਵਗਾ, ਉਹ ਗੈਰ ਕਨੂੰਨੀ ਹੋਵੇਗਾ। ਅਲੀਗੜ੍ਹ, ਮੁਰਾਦਾਬਾਦ ਦੇ ਫਸਾਦਾਂ ਵੇਲੇ ਪਤਾ ਨਹੀਂ ਸੀ ਲਗਦਾ ਕਿ ਗੋਲੀਆਂ ਲਾਇਸੈਂਸ ਵਾਲੀ ਬੰਦੂਕ ਨਾਲ ਚਲ ਰਹੀਆਂ ਹਨ ਜਾਂ ਗ਼ੈਰ ਕਾਨੂੰਨੀ ਬੰਦੂਕਾਂ ਚਲ ਰਹੀਆਂ ਹਨ। ਜਿਨਾਂ ਕੋਲ ਇਸ ਵੇਲੇ ਲਾਇਸੈਂਸ ਯਾਫਤ ਹਥਿਆਰ ਹਨ ਇਹਨਾਂ ਨੂੰ ਆਪਣੇ ਜਾਨੋਂ ਮਾਲ ਦਾ ਕੋਈ ਖਤਰਾ ਨਹੀਂ. ਸਗੋਂ ਇਹ ਲੋਕ ਦੂਜਿਆਂ ਦੇ ਜਾਨੋ ਮਾਲ ਲਈ ਖਤਰਾ ਸਾਬਤ ਹੋ ਰਹੇ ਹਨ। ਇਲਾਕਿਆਂ ਵਿਚ ਇਹ ਆਪਣੇ ਹਥਿਆਰਾਂ ਦੀ ਪ੍ਰਦਰਸ਼ਨੀ ਨਾਲ ਦਹਿਸ਼ਤ ਪਾਂਦੇ ਹਨ। ਪਿੰਡਾਂ ਵਿਚ ਕੋਈ ਪੰਚਾਇਤ ਚੋਣ ਹੋਵੇ ਜਾ ਕੋਈ ਹੋਰ ਇਕੱਠ ਹੋਵੇ, ਇਹ ਹਥਿਆਰਬੰਦ ਲੋਕ ਜਿਹਨਾਂ ਦੀਆਂ ਕਮਰਾਂ ਤੋਂ ਪਸਤੌਲਾਂ ਲਟਕਦੀਆਂ ਹਨ, ਹੱਥਾਂ ਵਿਚ ਬੰਦੂਕਾਂ ਹੁੰਦੀਆਂ ਹਨ, ਮੁੱਛਾਂ ਨੂੰ ਤਾਅ ਦੇਂਦੇ ਹੋਏ ਐਵੇਂ ਲੋਕਾਂ ਨੂੰ ਡਰਾਉਂਦੇ ਰਹਿੰਦੇ ਹਨ। ਸਾਡੇ ਬੁਨਿਆਦੀ ਹੱਕਾਂ ਵਿਚੋਂ ਇਕ ਹੱਕ ਇਹ ਹੈ ਕਿ ਹਰ ਇਕ ਸ਼ਹਿਰੀ ਬਗੈਰ ਡਰ ਅਤੇ ਖੌਫ ਦੇ ਜੀਵੇ। ਹਥਿਆਰਬੰਦ ਲੋਕ ਖੁਲੇ ਤੌਰ ਤੇ ਇਸ ਹੱਕ ਤੇ ਛਾਪਾ ਮਾਰ ਰਹੇ ਹਨ। ਕਮਜ਼ੋਰ ਵਰਗ ਦੇ ਬਚਾਅ ਦਾ ਇਹੋ ਤਰੀਕਾ ਹੈ ਕਿ ਹਥਿਆਰ ਇਹਨਾਂ ਵਡੇ ਲੱਠਮਾਰ ਕੋਲੋਂ ਖੋਹੇ ਜਾਣ। ਹੋਰ ਕੋਈ ਕਦਮ ਸਿਵਾਏ ਪਖੰਡ ਦੇ ਹੋਰ ਕੁਝ ਵੀ ਨਹੀਂ ਹੋਵੇਗਾ।

## 3. ਨਕਸਲਬਾੜੀ ਲਹਿਰ

'ਪੰਜਾਬੀ ਕੌਮ' ਮੈਗਜ਼ੀਨ ਵਿਚ ਪਿਛਲੇ ਇਕ ਸਾਲ ਤੋਂ ਇਕ ਭਰਪੂਰ ਬਹਿਸ ਛਿੜੀ ਹੋਈ ਹੈ ਕਿ ਨਕਸਲਬਾੜੀ ਲਹਿਰ ਆਪਣੀਆਂ ਮਿੱਥੀਆਂ ਹੋਈਆਂ ਪ੍ਰਾਪਤੀਆਂ ਕਿਉਂ ਨਹੀਂ ਕਰ ਸਕੀ? ਇਹ ਬਹਿਸ ਐਡੀਟਰ ਪਾਲ ਸਿੰਘ ਨੇ ਸ਼ੁਰੂ ਕੀਤੀ ਅਤੇ ਇਹ ਬੀਸਸ ਦਿਤਾ ਕਿ ਪ੍ਰਾਪਤੀ ਇਸ ਕਰਕੇ ਨਹੀਂ ਹੋ ਸਕੀ ਕਿਉਂਕਿ ਮੁੱਖ-ਵਿਰੋਧਤਾਈ ਗ਼ਲਤ ਚੁਣੀ ਗਈ। ਇਹ ਮੁੱਖ ਵਿਰੋਧਤਾਈ 'ਜਗੀਰਦਾਰੀ' ਚੁਣੀ ਗਈ ਜਦ ਕਿ 'ਜਗੀਰਦਾਰੀ' ਇਸ ਦੇਸ਼ ਵਿਚ ਮੁੱਕ ਚੁੱਕੀ ਹੈ ਅਤੇ 'ਮੁਜ਼ਾਰਾ' ਨਾਂ ਦੀ ਕੋਈ ਜਮਾਤ ਹਿੰਦੁਸਤਾਨ ਦੇ ਪੇਂਡੂ ਭਾਈਚਾਰੇ ਵਿਚ ਹੁਣ ਨਹੀਂ ਹੈ। ਕੁਝ ਲੇਖਕਾਂ ਨੇ ਇਸ ਫ਼ਾਰਮੂਲੇਸ਼ਨ ਨੂੰ ਗਲਤ ਆਖਿਆ। ਉਹਨਾਂ ਨੇ 'ਵਿਅਕਤੀਗੱਤ' ਸਫਾਏ ਦੀ ਲਾਈਨ ਨੂੰ ਲਹਿਰ ਦੇ ਫ਼ੇਲ ਹੋਣ ਦਾ ਕਾਰਨ ਦਸਿਆ। ਕੁਝ ਸਾਥੀਆਂ ਨੇ ਕਿਹਾ ਕਿ ਨਕਸਲਬਾੜੀ ਲਹਿਰ ਨੇ ਜੰਤਕ ਅਧਾਰ ਬਣਾਏ ਲਹਿਰ ਸ਼ੁਰੂ ਕੀਤੀ ਤੇ ਇਸ ਲਈ ਜੰਤਾ ਵਿਚ ਪੈਰ ਨਾ ਹੋਣ ਕਰਕੇ ਉਹ ਇਕੱਲੇ ਦੁਕੱਲੇ ਸਰਕਾਰੀ ਦਮਨ ਦਾ ਸ਼ਿਕਾਰ ਹੋ ਗਏ। ਕੁਝ ਨੇ ਇਸ ਲਹਿਰ ਦੀ ਕਰੜੀ ਅਲੋਚਨਾ ਕੀਤੀ ਹੈ ਕਿ ਇਸ ਲਹਿਰ ਦਾ ਆਧਾਰ ਹੀ ਖੱਬੇ ਮਾਰਕੇਬਾਜ਼ੀ ਸੀ। ਇਸ ਕਰਕੇ ਇਹ ਆਪਣੀ ਅੱਗ ਵਿਚ ਹੀ ਸੜਕੇ ਸਵਾਹ ਹੋ ਗਈ। ਦੁਸ਼ਮਨਾਂ ਨੇ ਇਸ ਗਲ ਤੇ ਖੁਸ਼ੀ ਜ਼ਾਹਿਰ ਕੀਤੀ ਹੈ ਕਿ ਲਹਿਰ ਖੇਰੂੰ ਖੇਰੂੰ ਹੋ ਗਈ ਹੈ।

ਇਸ ਬਹਿਸ ਵਿਚ ਏਨੀਂ ਗਿਣਤੀ ਵਿਚ ਲੋਕਾਂ ਦਾ ਹਿੱਸਾ ਲੈਣਾ ਹੀ ਸਾਬਤ ਕਰਦਾ ਹੈ ਕਿ ਇਸ ਲਹਿਰ ਦਾ ਸਾਡੇ ਪੰਜਾਬ ਦੇ ਸਿਆਸੀ ਖੇਤਰ ਵਿਚ ਮਹੱਤਵ-ਪੂਰਨ ਹਿੱਸਾ ਹੈ ਅਤੇ ਕੋਈ ਦੁਸ਼ਮਣ ਵੀ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦਾ ਹੈ ਭਵਿਖ ਵਿਚ ਕੋਈ ਵੀ ਇਨਕਲਾਬੀ ਲਹਿਰ ਇਸ ਲਹਿਰ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਹੋਵੇਗੀ ਅਤੇ ਉਸ ਵਿਚ ਵੱਡਾ ਹਿੱਸਾ ਉਹਨਾਂ ਦਾ ਹੀ ਹੋਵੇਗਾ ਜੋ ਇਸ ਲਹਿਰ ਦੀ ਅੱਗ ਵਿਚ ਲੰਘੇ ਹਨ—ਜਿਹਨਾਂ ਦੀਆਂ ਛਾਤੀਆਂ ਹੁਣ ਵੀ ਉਹਦੇ ਸੇਕ ਨਾਲ ਮਘਦੀਆਂ ਹਨ ਅਤੇ ਚਿਹਰੇ ਉਸ ਦੀ ਲੋਅ ਵਿਚ ਦੱਗਦੇ ਹਨ।

ਬਹਿਸ ਨੇ ਇਹ ਗਲ ਸਾਫ਼ ਕਰ ਦਿਤੀ ਹੈ ਕਿ ਹਿੰਦੋਸਤਾਨ ਦੀ ਜੁਗਰਾਫੀ ਅਤੇ ਆਰਥਕ ਭਿੰਨਤਾ ਇਹੋ ਜਿਹੀ ਹੈ ਕਿ ਵੱਖ ਵੱਖ ਇਲਾਕਿਆਂ ਵਿਚ ਇਨਕਲਾਬ ਦੇ ਵੱਖਰੇ ਵੱਖਰੇ ਦਾਅ ਪੇਚ ਹੋਣਗੇ। ਨਕਸਲਬਾੜੀ ਇਲਾਕੇ ਵਿਚ ਹੋਰ, ਤਿੰਲਗਾਨਾਂ ਦੇ ਇਲਾਕੇ ਵਿਚ ਹੋਰ ਜਿਥੇ ਗੁਰੀਲਾ ਯੁੱਧ ਨੀਤੀ ਅਪਣਾਈ ਜਾ ਸਕਦੀ ਹੈ ਅਤੇ ਪੰਜਾਬ ਵਰਗੇ ਇਲਾਕਿਆਂ ਵਿਚ ਯੁਧਨੀਤੀ ਹੋਰ ਹੋਵੇਗੀ। ਗਲਤੀਆਂ ਵਿਚੋਂ ਇਕ ਵਡੀ ਉਦੋਂ ਹੋਈ ਜਦੋਂ ਇਕੋ ਯੁਧਨੀਤੀ ਸਾਰੇ ਹਿੰਦੋਸਤਾਨ ਵਿਚ ਆਪਣਾਈ ਗਈ। ਪੰਜਾਬ 'ਚ ਤਾਂ ਪਹਿਲੇ ਇਹ ਵੀ ਮਿਥਣਾ ਪਵੇਗਾ ਕਿ ਇਨਕਲਾਬ ਦੀ ਲੋੜ ਕਿਹੜੇ ਲੋਕਾਂ ਨੂੰ ਹੈ?

ਜਿਨ੍ਹਾਂ ਨੂੰ ਲੋੜ ਹੈ ਕੀ ਉਹਨਾਂ ਵਿਚ ਇਨਕਲਾਬ ਦਾ ਪਰਚਾਰ ਪੁੱਜਦਾ ਵੀ ਹੈ ਕਿ ਨਹੀਂ ? ਜ਼ਰਾ ਜਿੰਨਾਂ ਵੀ ਡੂੰਘਾ ਸੋਚਿਆ ਜਾਏ ਤਾਂ ਸੱਪਸ਼ਟ ਹੋ ਜਾਏਗਾ ਕਿ ਅਸੀਂ ਆਪਣੇ ਲੋਕਾਂ ਨੂੰ ਤਿੰਨ ਹਿਸਿਆਂ ਵਿਚ ਵੰਡ ਸਕਦੇ ਹਾਂ : ਪਹਿਲੇ ਉਹ ਲੋਕ ਜਿਨ੍ਹਾਂ ਦਾ ਇਸ ਸਿਸਟਮ ਨਾਲ ਕੋਈ ਵਿਦਰੋਹ ਨਹੀਂ। ਉਹ ਜ਼ਿੰਦਗੀ ਦੀਆਂ ਸਾਰੀਆਂ ਨਿਆਮਤਾਂ ਇਥੇ ਸਾਂਭੀ ਬੈਠੇ ਹਨ ਤੇ ਉਹ ਚਾਹੁੰਦੇ ਹਨ ਕਿ ਇਵੇਂ ਤਰ੍ਹਾਂ ਪੰਜਾਂ ਸਾਲਾਂ ਬਾਅਦ ਚੋਣਾ ਹੁੰਦੀਆਂ ਰਹਿਣ। ਉਹ ਕਿਸੇ ਕਿਸਮ ਦੀ ਤਬਦੀਲੀ ਨਹੀਂ ਚਾਹੁੰਦੇ। ਜੇ ਉਹ ਚਾਹੁੰਦੇ ਹਨ ਤਾਂ ਇਹੀ ਚਾਹੁੰਦੇ ਹਨ ਕਿ ਵਧ ਤੋਂ ਵਧ ਸਟੇਟ ਕੋਲ ਵਸੀਲੇ ਹੋਣ। ਇਹ ਲੋਕ ਬੁਨਿਆਦੀ ਤੌਰ ਤੇ ਇਨਕਲਾਬ ਦੁਸ਼ਮਣ ਹਨ।

ਦੂਜੇ ਉਹ ਲੋਕ ਹਨ ਜਿਨ੍ਹਾਂ ਦੀ ਇਸ ਸਿਸਟਮ ਵਿਰੋਧ ਏਨੀਂ ਕੁ ਸ਼ਕਾਇਤ ਹੈ ਕਿ ਇਸ ਵਿਚ ਭ੍ਰਿਸ਼ਟਾ-ਚਾਰ ਏ ਤੇ ਇਹ ਭ੍ਰਿਸ਼ਟਾਚਾਰ ਮੁਕਣਾ ਚਾਹੀਦਾ ਹੈ। ਇਹ ਕੁਝ ਹੱਦ ਤਕ ਜਾਇਦਾਦਾਂ, ਵਪਾਰ, ਜ਼ਮੀਨ ਦੇ ਮਾਲਕ ਹਨ। ਇਹਨਾਂ ਦੀ ਇਨਕਲਾਬ ਮਤਲਬ ਕਿ ਕਿਸੇ ਬੁਨਿਆਦੀ ਤਬਦੀਲੀ ਵਿਚ ਕੋਈ ਦਿਲਚੱਸਪੀ ਨਹੀਂ। ਜੇ ਇਹਨਾਂ ਨੂੰ ਇਹ ਸਮਝ ਆ ਜਾਏ ਕਿ ਇਨ-ਕਲਾਬ ਵਿਚ ਪੈਦਾਵਾਰੀ ਰਿਸ਼ਤੇ ਬਦਲ ਜਾਣਗੇ ਤਾਂ ਇਹ ਇਨਕਲਾਬ ਵਿਰੋਧੀ ਹੀ ਹੋ ਨਿਬੜਨਗੇ। ਪੰਜਾਬ ਦੀ ਉੱਤਲੀ ਤੇ ਦਰਮਿਆਨੀ ਕਿਸਾਨੀ ਅਤੇ ਸ਼ਹਿਰੀ ਬਹੁਤ ਸਾਰੀ ਆਬਾਦੀ ਇਹਨਾਂ ਲੋਕਾਂ ਵਿਚ ਹੀ ਆਉਂਦੀ ਹੈ।

ਤੀਜੇ ਉਹ ਲੋਕ ਹਨ, ਜਿਨਾਂ ਕੋਲ ਪੈਦਾਵਾਰੀ ਸਾਧਨ ਨਹੀਂ ਹਨ। ਇਹ ਪੇਂਡੂ ਅਤੇ ਸ਼ਹਿਰੀ ਮਜ਼ਦੂਰ ਹਨ। ਇਹਨਾਂ ਨੂੰ ਇਨਕਲਾਬੀ ਦੀ ਅਸਲ ਲੋੜ ਹੈ ਤੇ ਇਹ ਪੱਕੇ ਤੌਰ ਤੇ ਇਨਕਲਾਬੀ ਬਣ ਸਕਦੇ ਹਨ ਜੇ ਇਹਨਾਂ ਨੂੰ ਇਸ ਲੋੜ ਦੀ ਪੂਰੀ ਤਰ੍ਹਾਂ ਸੂਝ ਆ ਜਾਵੇ, ਹਾਲੀ ਇਹ ਬਹੁਤੇ ਕੁਝ ਰਿਆਇਤਾਂ ਲੈ ਕੇ ਦੁਸ਼ਮਨਾਂ ਨੂੰ ਹੀ ਮਸੀਹਾ ਸਮਝੀ ਬੈਠੇ ਹਨ।

ਇਨਕਲਾਬੀ ਲਹਿਰ ਦੀ ਪੰਜਾਬ ਵਿਚ ਕਮਜ਼ੋਰੀ ਹੀ ਇਹ ਹੈ ਕਿ ਉਹਨਾਂ ਦਾ ਸਾਰਾ ਅਸਰ ਰਸੂਖ ਜਾਂ ਉਹਨਾਂ ਦਾ ਕੰਮ ਦੂਜੇ ਨੰਬਰ ਤੇ ਦਸੇ ਹੋਏ ਲੋਕਾਂ ਵਿਚ ਹੈ। ਤੀਜੇ ਨੰਬਰ ਤੇ ਦਸੇ ਲੋਕ ਜਿਹੜੇ ਹਰੀਜਨ ਖੇਤ ਮਜ਼ਦੂਰ, ਛੋਟੇ ਕਿਸਾਨ ਜਾਂ ਸਨਅਤੀ ਮਜ਼ਦੂਰ ਹਨ,ਉਹਨਾਂ ਵਿਚ ਕੰਮ ਬੜਾ ਥੋੜਾ ਹੈ। ਬਹੁਤੇ ਸੰਘਰਸ਼ ਜਿਸ ਤਰ੍ਹਾਂ ਨਰਮਾਂ, ਝੋਨੇਂ ਕਣਕ ਦਾ ਭਾਅ ਵਧਾਉਣਾ, ਬਸਾਂ ਦੇ ਕਿਰਾਏ ਆਦਿਕ ਇਹ ਸਾਰੇ ਘੋਲ ਇਸ ਨਿਜ਼ਾਮ ਦੀ ਜੱਕੜ ਨੂੰ ਖ਼ਤਮ ਕਰਨ ਲਈ ਜ਼ਰੂਰੀ ਹਨ,ਪਰ ਇਹ ਦਾ ਫ਼ਾਇਦਾ ਉਸ ਤੱਬਕੇ ਨੂੰ ਹੀ ਹੈ ਜਿਹੜਾ 'ਡਾਂਵਾਂ ਡੋਲ' ਦੋਸਤ ਹੈ। ਕਿਹਾ ਜਾਂਦਾ ਹੈ ਕਿ ਯੁਧਨੀਤੀ ਵਿਚ ਵਡੇ ਦੁਸ਼ਮਣ ਨੂੰ ਮਾਰਨ ਲਈ ਛੋਟੇ ਦੁਸ਼ਮਨ ਨਾਲ ਸਮਝੌਤਾ ਕੀਤਾਂ ਜਾਂਦਾ ਹੈ ਪਰ ਇਸ਼ ਯੁਧਨੀਤੀ ਵਿਚ ਤਾਂਹੀ ਤਰਕ ਹੈ ਜੇ ਪਹਿਲੇ ਆਪਣੀ ਧਿਰ ਵਿਚ ਪੈਰ ਪੱਕੇ ਹੋਣ। ਇਨਕਲਾਬੀ ਦੋਸਤਾਂ ਨੂੰ ਇਸ ਬਹਿਸ ਵਿਚ ਭਰਪੂਰ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਸਿਧਾਂਤਕ ਸਪੱਸ਼ਟਤਾ ਵੱਧ ਤੋਂ ਵੱਧ ਹੋ ਸਕੇ।

---

( ਸਫ਼ਾ 24 ਦਾ ਬਾਕੀ )

ਔਰਤਾਂ ਦੇ ਘਰੇਲੂ ਤੇ ਖਾਣ ਸੰਬੰਧੀ ਜ਼ਿੰਮੇਵਾਰੀਆਂ ਵਿਚ ਵਧ ਹਿੱਸਾ ਪਾਉਣ ਵਲ ਵਧੇ। ਜਿਹੜਾ ਯਥਾਰਥ ਅਸਲਰ ਅਣਗੌਲਾ ਰਹਿ ਜਾਂਦਾ ਹੈ, ਇਹ ਹੈ ਕਿ ਤਰੱਕੀ/ਮੁਦਰੀਕਰਨ (monetisation)/ਪੂੰਜੀਕਰਣ/ਉਦਯੋਗੀ ਕਰਣ ਦੀ ਪ੍ਰਕਿਆ ਨੇ ਘਰੇਲੂ ਅਰਥ ਵਿਵਸਥਾ ਨੂੰ ਬਹੁਤ ਹੀ ਤਣਾਅ ਪੂਰਨ ਬਣਾ ਦਿਤਾ।

ਗਰੀਬੀ ਕਰਕੇ ਘਰ ਵਿਚ ਇਸ ਤਨਾਅ ਤੋਂ ਆਮ ਤੌਰ 'ਤੇ ਜ਼ਬਰਦਸਤੀ ਘਟੋ ਘੱਟ ਵਾਧੂ ਵਸੂਲ ਕੀਤਾ ਜਾਂਦਾ ਹੈ ਜੋ ਔਰਤਾਂ ਤੇ ਬਚਿਆਂ ਉਤੇ ਵਾਧੂ ਕੰਮ ਦਾ ਬੋਝ ਪਾ ਕੇ ਹੁੰਦਾ ਹੈ ਅਤੇ ਨਾਲ ਹੀ ਮੁਢਲੀਆਂ ਲੋੜਾਂ ਜਿਵੇਂ ਖਾਣਾ-ਪੀਣਾਂ, ਸਿਖਿਆ ਤੇ ਸਿਹਤ ਵਲ ਵੀ ਧਿਆਨ ਨਹੀਂ ਦਿਤਾ ਜਾਂਦਾ। ਜਿਸ ਦਹਾਕੇ ਦਾ ਮਕਸਦ ਔਰਤਾਂ ਦੀ ਬਰਾਬਰੀ, ਉਹਨਾਂ ਦਾ ਵਿਕਾਸ ਅਤੇ ਉਹਨਾਂ ਦੀ ਸ਼ਾਂਤੀ ਦੀ ਭਾਲ ਵਿਚ ਬਰਾਬਰੀ, ਖੁਦਮੁਖਤਾਰੀ ਤੇ ਮਾਣ ਦੇ ਤੌਰ 'ਤੇ ਸ਼ਮੂਲੀਅਤ ਨੂੰ ਇਸ ਤਰ੍ਹਾਂ ਦੇ ਰੋਜ਼ਗਾਰ ਦੁਆਰਾ ਹਾਸਲ ਨਹੀਂ ਕੀਤਾ ਜਾ ਸਕਦਾ।

ਸੋ ਬੁਨਿਆਦੀ ਮਸਲਾ ਇਹ ਹੈ ਕਿ ਕਿਵੇਂ ਇਹਨਾਂ ਜ਼ਹਰੀਲੇ ਆਪਸੀ ਸੰਬੰਧਾਂ ਨੂੰ ਖ਼ਤਮ ਕੀਤਾ ਜਾਵੇ ਅਤੇ ਔਰਤਾਂ ਦੇ ਵਿਕਾਸ ਦੀ ਪ੍ਰਕ੍ਰਿਆ ਨੂੰ ਸ਼ੁਰੂ ਕੀਤਾ ਜਾਵੇ। ਰੋਜ਼ਗਾਰ ਇਕ ਨਾਜ਼ਕ ਵਜਾਹ ਤਾਂ ਹੈ, ਪਰ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੇਵਲ ਰੋਜ਼ਗਾਰ ਹੀ ਜਾਂ ਸਿਖਿਆ ਹੀ ਇਸ ਦਹਾਕੇ ਦੇ ਮਕਸਦ ਨੂੰ ਹਾਸਲ ਨਹੀਂ ਕਰ ਸਕਦੇ।

ਵੀਨਾ ਮਜੂਮਦਾਰ
ਡਾਇਰੈਕਟਰ, ਸੈਂਟਰ ਫਾਰ ਵੀਮਨਜ਼
ਡਿਵਲਪਮੈਂਟ ਸਟਡੀਜ਼

( ਮੇਨਸਟ੍ਰੀਮ 'ਚੋ ਧੰਨਵਾਦ ਸਹਿਤ
ਅਨੁ. ਸ. ਸ.)

o

# ਪਾਠਕੀ

## ਲੋੜ ਹੈ ਯਥਾਰਥਵਾਦੀ ਹੋਣ ਦੀ

'ਸਮਤਾ' ਦੇ ਪਿਛਲੇਰੇ ਅੰਕ 'ਚ ਜਦ ਮੈਂ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਬਾਰੇ ਸੰਤ ਸਿੰਘ ਸੇਖੋਂ ਹੋਰਾਂ ਦੇ ਵਿਚਾਰ ਪੜ੍ਹੇ ਤਾਂ ਮੈਨੂੰ ਉਹਨਾਂ ਦੀ ਗਲ ਬੜੀ ਯਥਾਰਥਵਾਦੀ ਲਗੀ। ਇਹ ਗੱਲ ਮੈਂ ਵੀ ਬੜੇ ਚਿਰ ਤੋਂ ਕਹਿੰਦਾ ਰਿਹਾ ਹਾਂ ਪਰ ਮੈਂ ਰਾਜਨੀਤਕ ਤੌਰ ਤੇ ਏਨਾ ਸਿਆਣਾ ਨਹੀਂ ਕਿ ਦਲੀਲਬਾਜ਼ੀ ਕਰ ਸਕਾਂ।

ਸੇਖੋਂ ਹੋਰਾਂ ਦੇ ਹੱਕ 'ਚ ਮੈਂ ਤੁਰਤ ਲਿਖਣਾ ਚਾਹੁੰਦਾ ਸੀ, ਪਰ ਉਦੋਂ ਮੇਰੇ ਮਨ 'ਚ ਖਿਝ ਸੀ, ਸੰਪਾਦਕ ਵਲੋਂ ਜਮਾਏ ਇਸ ਸਿਰ-ਲੇਖ ਤੇ—ਸੇਖੋਂ ਦੇ ਅਣਮੋਲ..."

ਅਕਤੂਬਰ ਦਾ ਪਰਚਾ ਪੜ੍ਹ ਕੇ ਲਗਿਆ ਹੈ ਕਿ ਤੁਸੀਂ ਸੇਖੋਂ ਹੋਰਾਂ ਦਾ ਜਿਹੜਾ ਮਜ਼ਾਕ ਉਡਾਇਆ ਸੀ, ਉਹਦਾ ਪ੍ਰਾਇਸਚਿਤ ਕਰ ਰਹੇ ਹੋ। ਐਡੀਟਰੀ ਅਤੇ ਹਰੀਸ਼ਪੁਰੀ ਦੇ ਲੇਖਾਂ ਨੇ ਗੱਲਾਂ ਬਹੁਤ ਸਪੱਸ਼ਟ ਕਰ ਦਿਤੀਆਂ ਨੇ। ਬੜੀ ਖੁਸ਼ੀ ਹੋਈ ਹੈ ਕਿ ਇਸ ਗੰਭੀਰ ਵਿਸ਼ੇ ਤੇ ਬੜੀ ਸੰਜੀਦਾ ਬਹਿਸ ਛਿੜੀ ਹੈ।

ਸੇਖੋਂ ਹੋਰਾਂ ਦੇ ਲੇਖ ਦੇ ਨਾਲ ਹੀ ਸੁਰੇਂਦਰ (ਹੇਮ-ਜਯੋਤੀ) ਦੀ ਮੌਤ ਤੇ 'ਲੋਕ-ਹੱਕ' ਤੇ ਹੋਰ ਪਰਚਿਆਂ 'ਚ ਲਿਖਿਆ ਗਿਆ। ਜਿਨ੍ਹਾਂ 'ਚ ਉਹਨੂੰ ਮਹਾਨ ਕ੍ਰਾਂਤੀਕਾਰੀ ਸ਼ਹੀਦ ਬਨਾਉਣ ਦਾ ਯਤਨ ਕੀਤਾ ਗਿਆ—ਇਹ ਵੀ—ਸਾਡੇ ਰੋਮਾਂਸਵਾਦੀ ਰਵੱਈਏ ਦਾ ਕਸੂਰ ਹੈ ਕਿ ਜਦ ਕੋਈ ਮਰ ਜਾਂਦਾ ਹੈ ਅਸੀਂ ਹਕੀਕਤਾਂ ਨੂੰ ਅਖੋਂ ਉਹਲੇ ਕਰਕੇ ਉਹਨੂੰ ਸਾਰੀਆਂ ਖੂਬੀਆਂ ਦਾ ਮਾਲਕ ਬਣਾ ਦਿੰਦੇ ਹਾਂ। ਉਹਨੂੰ ਸ਼ਹੀਦ ਬਣਾ ਕੇ ਬਾਂਸ ਤੇ ਟੰਗ ਕੇ ਮਥੇ ਟੇਕਣ ਲਗ ਪੈਂਦੇ ਹਾਂ।--ਜਦ ਵਿਚਾਰਾਂ ਦੇ ਅਧਾਰ ਤੇ ਵਿਰੋਧਤਾ ਹੋ ਜਾਵੇ ਤਾਂ ਝਟ ਅਵਸਰ-ਵਾਦੀ ਤਕ ਦੀ ਗਾਲ੍ਹ ਕੱਢ ਦੇਂਦੇ ਹਾਂ।

ਇਹ ਗੱਲਾਂ ਰਾਜਨੀਤਕ ਖੇਤਰ 'ਚ ਵਧ ਹੁੰਦੀਆਂ ਨੇ। ਕਿਉਂਕਿ ਰਾਜਨੀਤਕਾਂ ਨੇ ਪੈਂਤੜੇਬਾਜ਼ੀ ਤੋਂ ਕੰਮ ਲੈਣਾ ਹੁੰਦਾ ਹੈ। ਉਹਨਾਂ ਨੇ ਕੋਈ ਵੀ ਸਚੀ ਗੱਲ ਕਹਿਣ ਤੋਂ ਪਹਿਲਾਂ ਇਹ ਸੋਚਣਾ ਹੁੰਦਾ ਹੈ ਕਿ ਉਹ ਗੱਲ ਕਿਸ ਹਦ ਤਕ ਦਸੀ ਜਾਵੇ, ਕਿੰਨਾ ਲੋਕਾਂ ਤਕ ਪੁਚਾਈ ਜਾਵੇ ਤੇ ਕਹੜੇ ਵੇਲੇ ਪੁਚਾਈ ਜਾਵੇ।

ਇਸ ਪੈਂਤੜੇਬਾਜ਼ੀ ਨਾਲ ਉਹ ਰਾਜਨੀਤਕ ਹਿੱਤ ਵੀ ਪੂਰੇ ਕਰ ਸਕਦਾ ਹੈ। ਇਹ ਇਸ ਦਾ ਹਾਂ-ਪੱਖੀ ਪਹਿਲੂ ਹੈ। ਪਰ ਪੈਂਤੜੇਬਾਜ਼ੀ ਉਹਨੂੰ ਇਸ ਹੱਦ ਤਕ ਲੈ ਜਾਂਦੀ ਹੈ ਕਿ ਉਹ ਯਥਾਰਥ ਨੂੰ ਭੁਲ ਜਾਂਦਾ ਹੈ ਤੇ ਆਪਣੇ ਰੋਮਾਂਸ ਤੇ ਰਾਜਨੀਤਕ ਚਲਾਕੀ ਨੂੰ ਹੀ ਯਥਾਰਥ ਸਮਝਣ ਲਗ ਪੈਂਦਾ ਹੈ।

ਪਰ ਸਾਹਿਤਕਾਰ ਤੇ ਇਤਿਹਾਸਕਾਰ ਦਾ ਰੋਲ ਵਖਰਾ ਹੈ। ਸਾਹਿਤਕਾਰ ਤੇ ਇਤਿਹਾਸਕਾਰ ਦੀ ਲਿਖਤਾਂ ਤੋਂ ਉਸ ਸਮੇਂ ਦੀ ਸਹੀ ਸਮਾਜੀ ਹਾਲਤ ਦਾ ਪਤਾ ਲਗੇ, ਇਹ ਜ਼ਰੂਰੀ ਹੈ। ਸਾਹਿਤਕਾਰ ਆਪਣੀ ਕਲਪਨਾ ਨਾਲ ਬੀਤੀ ਘਟਣਾ, ਬੀਤ ਰਹੀ ਤੇ ਬੀਤਣ ਵਾਲੇ ਬਾਰੇ ਸੁਚੇਤ ਹੋ ਕੇ ਘਟਨਾਵਾਂ ਤੇ ਪਾਤਰ ਪੇਸ਼ ਕਰਦਾ ਹੈ। ਇਤਿਹਾਸਕਾਰ ਘਟਨਾਵਾਂ ਦੇ ਤੱਥ ਲਭ ਕੇ ਉਹਨਾਂ ਦੀ ਵਿਆਖਿਆ ਆਪਣੀ ਇਤਿਹਾਸਕ ਸੂਝ ਅਨੁਸਾਰ ਕਰਦਾ ਹੈ।

ਕਿਉਂਕਿ ਮੇਰਾ ਮੈਦਾਨ ਸਹਿਤ ਹੈ, ਇਸ ਲਈ ਮੈਂ ਸਾਹਿਤ 'ਚ ਯਥਾਰਥ ਦੀ ਹੀ ਗਲ ਕਰਨਾਂ ਹਾਂ। ਅਸੀਂ ਪ੍ਰਗਤੀਸ਼ੀਲ ਲੇਖਕ ਸਮਾਜਕ-ਯਥਾਰਥ ਨੂੰ ਆਪਣੇ ਸਾਹਿਤ ਦੀ ਬੁਨਿਆਦ ਮੰਨਦੇ ਹਾਂ। ਅਸੀਂ ਸਮਾਜ 'ਚ ਨਾ-ਬਰਾਬਰੀ ਦੇ ਕੁਹਜ ਨੂੰ ਨੰਗਿਆ ਕਰਨਾ ਦਾ ਜਤਨ ਕਰਦੇ ਰਹੇ ਹਾਂ। ਪਰ ਨੰਗਿਆ ਕਰਨ ਦਾ ਸਾਡਾ ਅਮਲ ਇਕ-ਪੱਖੀ ਰਿਹਾ ਹੈ। ਅਸੀਂ ਮਧ ਵਰਗ ਤੇ ਬੁਰਜ਼ਵਾ ਵਰਗ ਦੀ ਬਦ-ਅਖਲਾਕੀ ਬੇ-ਰਹਿਮੀ-ਤੇ ਗੈਰ-ਇਨਸਾਨੀ ਰਵਈਆ ਉਜਾਗਰ ਕਰਦੇ ਰਹੇ ਹਾਂ। ਪਰ ਆਪਣੇ ਆਪ ਨੂੰ ਲੁਕਾਦੇ ਰਹੇ ਹਾਂ। ਜਦ ਕਿ ਸਾਡਾ ਆਪਣਾ ਆਪ ਵੀ ਸਰਮਾਏਦਾਰੀ ਨਜ਼ਾਮ ਦੀਆਂ ਅਖਲਾਕੀ-ਕਦਰਾਂ ਕੀਮਤਾਂ ਤੇ ਸਦਾਚਾਰੀ ਪ੍ਰਬੰਧ ਹੇਠ ਗਲਿਆ ਪਿਆ ਹੈ।

ਇਹ ਕਿਉਂ ਹੈ ?—ਇਹ ਦੇ ਬਹੁਤ ਸਾਰੇ ਜਵਾਬ ਹੋ ਸਕਦੇ ਨੇ, ਪਰ ਯਥਾਰਥ ਕੀ ਹੈ ? ਇਹ ਸਾਹਿਤਕਾਰ ਨੇ ਲਭਨਾ ਹੈ। ਇਸ ਕੰਮ ਵਾਸਤੇ ਸਾਹਿਤਕਾਰ ਨੂੰ ਨਿਰਪੱਖ ਹੋ ਕੇ ਵੀ ਸੋਚਣਾ ਪਵੇਗਾ।

ਮੈਨੂੰ ਇਸ ਗਲ ਦਾ ਦੁਖ ਹੈ ਕਿ ਜਦ ਕਿਸੇ ਅੰਦੋਲਨ ਜਾਂ ਕ੍ਰਾਂਤੀਕਾਰੀ ਲਹਿਰ ਬਾਰੇ ਲਿਖਿਆ ਜਾਂਦਾ ਹੈ ਤਾਂ ਰੋਮਾਂਸਵਾਦੀ ਰਵਈਆਂ ਅਪਣਾ ਲਿਆ ਜਾਂਦਾ ਹੈ—ਜਿਸ ਦਾ ਇਕ ਕਾਰਣ ਸਾਡਾ ਮਜਮੂਈ ਰੋਮਾਂਸਵਾਦੀ ਰਵੱਈਆ ਹੈ--ਜਿਸ ਦਾ ਜ਼ਿਕਰ ਹਰੀਸ਼ਪੁਰੀ ਨੇ ਆਪਣੇ ਲੇਖ 'ਚ ਕਰਦਿਆਂ ਕਿਹਾ ਕਿ—ਸੰਗਰਾਮ ਨਾਲ ਸਬੰਧਤ ਖਾਸ ਪੰਜਾਬੀਆਂ ਦੀ ਦੇਣ ਬਾਰੇ ਇਕ ਮਨੋਵਿਤੀ ਜ਼ਿਆਦਾ ਹਾਵੀ ਹੈ। ਉਹ ਹੈ ਜਦੋ-ਜਹਿਦ ਅਤੇ ਰਾਜਨੀਤਕ ਲਹਿਰਾਂ ਨੂੰ ਵਿਅਕਤੀਆਂ ਦੀ ਗੈਰ-ਮਾਮੂਲੀ ਬਹਾਦਰੀ, ਆਪਾਵਾਰਣ ਦੀ ਤੱਤਪਰਤਾ ਅਤੇ ਸ਼ਹੀਦੀਆਂ ਦੇ ਰੂਪ ਵਿਚ ਵੇਖਣ ਦੀ। ਸਾਡੇ ਵਿਚ

ਇਸ ਨੂੰ ਪੰਜਾਬੀਆਂ ਦੀ ਬਹਾਦਰੀ ਦੀ ਰਵਾਇਤ ਦੇ ਰੂਪ ਵਿਚ ਦਰਸਉਣ ਦੀ ਬੀਰਤਾ ਅਤੇ ਸ਼ਹੀਦੀਆਂ ਦੇ ਖੇਤਰ ਵਿਚ ਸਭ ਤੋਂ ਅਗੇ ਹੋਣ ਦੀ ਰੀਝ ਬਹੁਤ ਪਰਧਾਨ ਹੈ--ਜਿਵੇਂ ਸ਼ਹੀਦੀਆਂ ਦੇਣਾ, ਖੂਨ ਡੋਲ੍ਹਣਾ ਹੀ ਸਾਡਾ ਸਭ ਤੋਂ ਵਡਾ ਧਰਮ ਹੋਵੇ।...ਵਹਿਸ਼ਿਆਨਾ ਹਾਦਸੇ ਵਿਚੋਂ ਵੀ ਬੀਰਤਾ ਅਤੇ ਮਾਨ ਲੱਭਣ ਦੀ ਲਾਲਸਾ ਇਕ ਖਾਸ ਅਸਾਧਾਰਣ ਘਟੀਆ ਮਨੋਬ੍ਰਿਤੀ ਦੀ ਅਲਾਮਤ ਹੈ ਜੋ ਲਹਿਰਾਂ ਨੂੰ ਉਹਨਾਂ ਦੇ ਦੇਸ਼ ਕਾਲ ਦੇ ਸੰਦਰਵ ਵਿਚ ਵਾਚਣ ਦੇ ਔਖੇ ਕੰਮ ਤੋਂ ਬਚ ਨਿਕਲਣ ਦਾ ਰਾਹ ਲਭਦੀ ਹੈ।"--

ਪੰਜਾਬ 'ਚ ਨਕਸਲੀ ਲਹਿਰ ਦੇ ਆਰੰਭ 'ਚ ਤਾਂ ਰੋਮਾਂਸਵਾਦੀ-ਰਵੱਈਆ ਹੈ ਹੀ ਸੀ, ਬਾਦ 'ਚ ਵੀ ਜਿਣਤਾ ਸਾਹਿਤ ਲਿਖਿਆ ਗਿਆ ਉਸ ਤੇ ਰੋਮਾਂਸਵਾਦ ਹਾਵੀ ਹੈ।—ਅਸੀਂ ਖੂਨ ਡੁਲ੍ਹਨ ਤੇ ਡੋਲ੍ਹਣ ਨੂੰ ਹੀ ਮਹਾਨ ਕੰਮ ਸਮਝਕੇ ਸਜਦੇ ਕਰਦੇ ਰਹੇ ਹਾਂ--ਕਰ ਰਹੇ ਹਾਂ।

ਨਕਸਲੀ ਲਹਿਰ ਹੀ ਨਹੀਂ, ਗਦਰ ਲਹਿਰ, ਕਿਸਾਨ-ਆਦੋਲਨ, ਲਾਲ ਪਾਰਟੀ ਦੀਆਂ ਸਰਗਰਮੀਆਂ, ਭਗਤ ਸਿੰਘ ਤੇ ਹੋਰ ਸਹੀਦਾਂ ਬਾਰੇ ਸਾਡਾ ਰਵਈਆ ਸ਼ਰਧਾ ਵਾਲਾ ਜਾਂ 'ਛਡੋ ਪਰੇ' ਵਾਲਾ ਹੀ ਰਿਹਾ ਹੈ। ਅਸੀਂ ਪੂਰੀ ਈਮਾਨਦਾਰੀ ਨਾਲ ਧਰਤੀ ਦਾ ਯਥਾਰਥ ਨਹੀਂ ਲਭ ਸਕੇ।

ਇਹ ਕੰਮ ਨਿਰਾ ਸਾਹਿਤਕਾਰਾਂ ਦਾ ਹੀ ਨਹੀਂ, ਇਤਿਹਾਸਕਾਰਾਂ ਦਾ ਵੀ ਹੈ। ਉਹਨਾਂ ਨੂੰ ਬੀਤਦੇ ਸਮੇਂ ਬਾਰੇ ਵੀ ਰਾਏ ਦੇਣ ਦੀ ਆਪਣੀ ਜ਼ਿਮੇਂਵਾਰੀ ਤੋਂ ਬਚਣਾ ਨਹੀਂ ਚਾਹੀਦਾ। ਉਹਨਾਂ ਦਾ ਤਾਂ ਸਗੋਂ ਦੋਹਰਾ ਕੰਮ ਹੈ।--ਅਸੀਂ ਤਾਂ ਉਨ੍ਹਾਂ ਤੋਂ ਇਹ ਵੀ ਪੁੱਛਾਂਗੇ ਕਿ ਗੁਰੂ ਗੋਬਿੰਦ ਸਿੰਘ ਇਨਕਲਾਬੀ ਲਹਿਰ ਦਾ ਵਿਰਸਾ ਕਿਵੇਂ ਬਣਦਾ ਹੈ ਆਓ ਨਿਡਰ ਹੋ ਕੇ ਈਮਾਨਦਾਰੀ ਨਾਲ ਸੋਚੀਏ।

ਪ੍ਰੇਮ ਪ੍ਰਕਾਸ਼

## ਲੋਕ ਮੰਚ ਦੀਆਂ ਸਮਸਿਆਵਾਂ

ਸਾਮਰਾਜੀ ਜਕੜ ਕਾਰਨ ਆਰਥਕ ਤੇ ਸਭਿਆ-ਚਾਰਕ ਤੌਰ ਤੇ ਪਛੜੇ ਹੋਏ ਦੇਸਾਂ ਵਿਚ ਜਿਥੇ ਜਗੀਰਦਾਰੀ ਪਰਥਾ ਪੂਰੀ ਤਰ੍ਹਾਂ ਕਾਇਮ ਰਹੀ ਹੋਵੇ, ਆਮ ਲੋਕਾਂ ਨੂੰ ਰਾਜਸੀ ਤੇ ਸਭਿਆਚਾਰਕ ਪਖੋਂ ਜਾਗਰਤ ਤੇ ਚੇਤਨ ਕਰਨ ਲਈ ਨਾਟ-ਕਲਾ ਜਾਂ ਦਰਸ਼ਨੀ-ਕਲਾ ਬਹੁਤ ਅਹਿਮੀਅਤ ਰਖਦੀ ਹੈ। ਚੀਨ ਤੇ ਵੀਅਤਨਾਮ ਵਿਚ ਇਸ ਕਲਾ ਨੂੰ ਇਕ ਵਿਚਾਰ-ਧਾਰਕ ਸਾਧਨ ਵਲੋਂ ਵਰਤਿਆ ਗਿਆ ਤੇ ਜਾ ਰਿਹਾ ਹੈ। ਇਸ ਨੂੰ ਪਹਿਲਾਂ ਸਾਮਰਾਜ ਵਿਰੋਧੀ ਸੰਘਰਸ਼ ਤੇ ਪਿਛੋਂ ਨਵੀਂ ਸਮਾਜਵਾਦੀ ਆਰਥਕ ਤੇ ਸਭਿਆਚਾਰਕ ਉਸਾਰੀ ਲਈ ਵਰਤਿਆ ਗਿਆ ਹੈ। ਆਮ ਲੋਕ ਕਿਉਂਕਿ ਸਾਮਰਾਜੀ-ਜਗੀਰੂ ਜਕੜ ਕਾਰਨ, ਸਭਿਆ-ਚਾਰਕ ਪਖੋਂ ਪਛੜੇ ਹੋਏ ਤੇ ਗਿਆਨ ਤੋਂ ਵਿਹੂਣੇ ਹੁੰਦੇ ਹਨ। ਜਿਸ ਕਾਰਨ ਉਹਨਾਂ ਲਈ ਲਿਖਤੀ ਸਾਹਿਤ ਪੜ੍ਹਨਾ ਤੇ ਸਮਝਣਾ ਅਸੰਭਵ ਹੁੰਦਾ ਹੈ। ਇਸ ਲਈ ਨਾਟ-ਕਲਾ ਦੇ ਦਰਸ਼ਨੀ-ਕਲਾ ਹੋਣ ਕਾਰਨ ਉਹਨਾਂ ਦੀ ਸੂਝ ਤੇ ਸਮਝ ਵਿਚ ਛੇਤੀ ਆ ਜਾਂਦੀ ਹੈ।

ਇਸੇ ਸਿਧਾਂਤ ਨੂੰ ਮੁਖ ਰਖ ਕੇ ਪੰਜਾਬ ਦੇ ਸਾਮਰਾਜੀ ਤੇ ਜਗੀਰੂ ਜਕੜਵਾਲੇ ਪਰਦੇਸ਼ ਹੋਣ ਕਾਰਨ, ਅਗੇ ਵਧੂ ਲਹਿਰ ਨੇ ਮੁਢ ਤੋਂ ਹੀ ਇਸ ਦੀ ਵਰਤੋਂ ਕਰਨੀ ਅਰੰਭ ਦਿਤੀ ਸੀ। ਅਗੇ ਵਧੂ ਰਾਜਸੀ ਤੇ ਕਿਸਾਨ ਕਾਨਫਰੰਸਾਂ ਆਪਣੇ ਵਿਸੇਸ਼ ਸਭਿਆਚਾਰਕ ਪਰੋਗਰਾਮਾਂ ਤੇ ਡਰਾਮਿਆਂ ਕਾਰਨ ਆਮ ਲੋਕਾਂ ਦੀ ਖਿੱਚ ਦਾ ਕਾਰਨ ਹੁੰਦੀਆਂ ਸਨ ਤੇ ਅਜ ਵੀ ਹਨ। ਪਰੰਤੂ ਅੰਦਾਜ਼ਨ ਚਾਲੀ ਸਾਲ ਤੋਂ ਇਸ ਸਾਧਨ ਦੇ ਵਰਤੇ ਜਾਣ ਤੇ ਅਜ ਵੀ ਇਸ ਦਾ ਪ੍ਰਭਾਵ ਤੇ ਸਾਰਥਕਤਾ ਇਕ ਸਮਸਿਆ ਹੈ। ਜਿਸ ਨੂੰ ਸਮੁੱਚੀ ਅਗੇ ਵਧੂ ਸਭਿਆਚਾਰਕ ਤੇ ਰਾਜਸੀ ਲਹਿਰ ਲਈ ਵਿਚਾਰਨਾ, ਘੋਖਣਾ ਤੇ ਕਿਸੇ ਸਿਟੇ ਤੇ ਪੁਜਣਾ ਬਹੁਤ ਜ਼ਰੂਰੀ ਹੈ।

'ਸਮਤਾ' ਦੇ ਪਹਿਲੇ ਪਰਚੇ ਵਿਚ ਲੋਕ-ਨਾਥ ਨੇ ਇਸ ਮਸਲੇ ਨੂੰ ਛੋਹਿਆ ਸੀ ਪਰੰਤੂ ਉਹਨੂੰ ਸਿਰੇ ਤਕ ਨਹੀਂ ਪੁਚਾਇਆ ਸੀ।

ਇਸ ਸਮਸਿਆ ਦੇ ਕਈ ਪੱਖ ਹਨ। ਪਹਿਲੀ ਚੰਗੇ ਨਾਟ ਤੇ ਡਰਾਮੇ ਜਿਹੜੇ ਵਿਚਾਰਧਾਰਕ ਪਖੋਂ ਕਲਾਮਈ ਤੇ ਸਪਸ਼ਟ ਹੋਣ ਅਤੇ ਜਿਥੇ ਆਮ ਲੋਕਾਂ ਦੀ ਸੂਝ ਤੇ ਹਾਵੀ ਹੋਣ ਉਥੇ ਉਹਨਾਂ ਦੀ ਸੂਝ ਨੂੰ ਉਚਾ ਤੇ ਤਖੇਰਾ ਕਰਨ ਵਾਲੇ ਹੋਣ। ਦੂਜੇ ਕਲਾਕਾਰ ਆਮ ਲੋਕਾਂ ਵਿਚੋਂ ਹੋਣ ਪਰੰਤੂ ਉਹ ਨਕਲੀਏ ਨਾਂ ਹੋ ਕੇ ਅਦਾਕਾਰੀ ਦੀ ਕਲਾ ਤੋਂ ਜਾਣੂ ਹੋਣ। ਨਾਟਕ ਨਵੇਂ ਤੇ ਪਰਸਥਿਤੀਆਂ ਦੇ ਅਨੁਸਾਰ ਤੇ ਸਿਧਾਂਤਕ ਸੇਧ ਪਖੋਂ ਦਰੁਸਤ ਹੋਣ। ਇਹ ਨਾਟਕੀ ਰਾਜਸੀ ਤੇ ਸਭਿਆਚਾਰਕ ਗਿਆਨ ਭਰਪੂਰ ਹੋਣ। ਇਹ ਜਿਥੇ ਸੋਹਜ-ਸਵਾਦ ਦੀ ਪੂਰਤੀ ਕਰਦੇ ਹੋਣ, ਉਥੇ ਸਿਖਾਊ ਵੀ ਹੋਣ। ਇਸ ਤੋਂ ਬਿਨਾਂ ਪਾਤਰਾਂ ਮੇਕਅਪ ਤੇ ਸਟੇਜ ਦੀਆਂ ਸਮਸਿਆਵਾਂ ਵਖਰੀਆਂ ਹਨ। ਮੈਂ ਇਹਨਾਂ ਤਕਨੀਕੀ ਪਖਾਂ ਵਲ ਨਹੀਂ ਜਾਵਾਂਗਾ।

ਪਰੰਤੂ ਪੰਜਾਬ ਦੀ ਅਗੇ ਵਧੂ ਸਟੇਜ ਦੇ ਪਿਛਲੇ ਤੀਹ ਸਾਲ ਬਹੁਤ ਹੀ ਨਿਰਾਸ਼ਾ ਜਨਕ ਹਨ। ਇਹ ਕਲਾਮਈ ਵਿਚਾਰਧਾਰਕ ਸੰਘਰਸ਼ ਦਾ ਸਾਧਨ ਬਣਨੋਂ ਉਕਾ ਹੀ ਅਸਮਰਥ ਰਹੀ ਹੈ। ਪਹਿਲੀ ਗੱਲ ਇਹ ਹੈ ਕਿ ਅਗੇ ਵਧੂ ਸਟੇਜ ਲਈ ਕਦੇ ਵੀ ਕਿਸੇ ਵਡੇ

ਕਲਾਕਾਰ ਨੇ ਨਾਟਕ ਨਹੀਂ ਲਿਖਿਆ ਜੇ ਕਦੇ ਲਿਖਿਆ ਹੈ, ਤਾਂ ਉਸ ਨੂੰ ਸਟੇਜ ਨਹੀਂ ਕੀਤਾ ਗਿਆ। ਜਨਤਕ ਸਟੇਜਾਂ ਲਈ ਆਮ ਤੌਰ ਤੇ ਨਾਟਕ ਅੱਧ-ਪੜ੍ਹੇ ਰਾਜਸੀ ਵਰਕਰ ਹੀ ਲਿਖਦੇ ਰਹੇ ਹਨ। ਉਹਨਾਂ ਦਾ ਰਾਜਸੀ ਅਨੁਭਵ ਤੀਖਣ ਹੋਣ ਤੇ ਵੀ ਕਲਾ ਦਾ ਅਭਨੁਵ ਨਾਂ ਹੋਣ ਕਾਰਨ ਨਾਟਕ ਆਪਦਾ ਪਰਭਾਵ ਪਾਉਂਦੇ ਅਸਮਰਥ ਰਹਿੰਦਾ ਰਿਹਾ ਹੈ।

ਨਾਟਕ ਦਾ ਵਿਸ਼ਾ ਅਕਸਰ ਰਾਜਸੀ ਸੇਧ ਤੋਂ ਉਲਟ ਲਿਆ ਜਾਂਦਾ ਰਿਹਾ ਹੈ। ਮਸਾਲ ਵਜੋਂ ਪੈਪਸੂ ਵਿਚ ਇਕ ਡਰਾਮਾਂ ਮੰਡਲੀ ਪੰਜਾਹਵਿਆਂ ਤੇ ਸਠਵਿਆਂ ਵਿਚ ਇਕ ਨਾਟਕ ਖੇਡਦੀ ਰਹੀ ਹੈ। ਜਿਸ ਵਿਚ ਇਕ ਡਾਕਟਰ ਗ਼ਰੀਬ ਦੇ ਬੱਚੇ ਦਾ ਇਲਾਜ ਨਹੀਂ ਕਰਦਾ ਪਰ ਇਕ ਅਮੀਰ ਦੇ ਕੁਤੇ ਲਈ ਭਜਿਆ ਜਾਂਦਾ ਹੈ। ਜਿਸ ਤਰ੍ਹਾਂ ਇਹ ਨਾਟਕ ਪੇਸ਼ ਕੀਤਾ ਜਾਂਦਾ ਸੀ, ਉਸ ਨਾਲ ਪਰਸਥਿਤੀਆਂ ਵਿਰੁਧ ਨਫਰਤ ਨਹੀਂ ਉਭਰਦੀ ਸੀ, ਸਗੋਂ ਡਾਕਟਰ ਵਿਰੁਧ ਉਭਰਦੀ ਸੀ। ਉਸ ਸਮੇਂ ਕਮਿਊਨਿਸਟ ਪਾਰਟੀ ਨੇ ਆਪਣਾ ਟੀਚਾ ਸਮਾਜਵਾਦੀ ਇੰਨਕਲਾਬ ਦੀ ਥਾਂ ਲੋਕ-ਜਮਹੂਰੀ ਇੰਨਕਲਾਬ ਮਿੱਥ ਲਿਆ ਸੀ। ਜਿਸ ਵਿਚ ਪੈਟੀ-ਬੁਰਜਵਾਂ ਬੁਧੀਜੀਵੀਆਂ ਨੂੰ ਅਹਿਮ ਸਥਾਨ ਪ੍ਰਾਪਤ ਸੀ। ਇਸ ਤਰ੍ਹਾਂ ਇਸ ਨਾਟਕ ਨੇ ਕਈ ਗੰਭੀਰ ਬੁਧੀਜੀਵੀਆਂ ਤੇ ਡਾਕਟਰਾਂ ਨੂੰ ਨਫਰਤ ਦਾ ਪਾਤਰ ਬਣਾਇਆ।

ਸਠਵਿਆਂ ਵਿਚ ਖੁਸ਼ ਹੈਸੀਅਤੀ ਮੋਰਚੇ ਪਿਛੋਂ ਲਿਖਿਆ ਤੇ ਖੇਡਿਆ ਗਿਆ ਨਰਿੰਦਰ ਦੁਸਾਂਝ ਦਾ ਨਾਟਕ "ਜੋਗੀ ਮੰਗੇ ਦਾਨ ਵੇ ਲਾਲ" ਲਹਿਰ ਵਿਚ ਕੀਤੀਆਂ ਕੁਰਬਾਨੀਆਂ ਦਾ ਯਥਾਰਥਵਾਦੀ ਚਿਤਰਨ ਸੀ। ਪਰੰਤੂ ਇਸ ਵਿਚ ਰਾਜਸੀ ਵਰਕਰ ਦੇ ਕਰਦਾਰ ਨਾਲੋਂ ਅਮਲੀ ਦਾ ਪਾਰਟ ਵਧ ਉਭਰਵਾਂ ਸੀ। ਜਿਸ ਕਾਰਨ ਅਮਲੀ ਦੀਆਂ ਕਮਜ਼ੋਰੀਆਂ ਦੀ ਥਾਂ ਉਸ ਦੀ ਕੁਰਬਾਨੀ ਦਾ ਵਧ ਪਰਭਾਵ ਪੈਂਦਾ ਸੀ। ਇਹ ਨਾਟਕ ਕਲਾ ਦੇ ਪਖੋਂ ਬਹੁਤ ਉਚਾ ਤੇ ਵਿਸ਼ੇ ਮੁਜਿਬ ਢੁਕਵਾਂ ਸੀ। ਪਰੰਤੂ ਅਜਿਹੇ ਨਾਟਕਾਂ ਦੀ ਪਿਰਤ ਅਗੇ ਨਹੀਂ ਤੁਰ ਸਕੀ। ਇਸ ਵਿਚ ਪੁਲਸ ਅਫਸਰ ਵਲੋਂ ਮਾਰੀ ਗਈ ਗੋਲੀ ਨਾਲ ਮਾਂ ਧੀ ਤੇ ਅਮਲੀ ਦੇ ਨਿਢਾਲ ਨਾਲ ਦਰੋਤਿਆਂ ਤੇ ਸਨਾਟਾ ਛਾ ਜਾਂਦਾ ਸੀ। ਸਰੋਤੇ ਮਾਨਸਿਕ ਤੌਰ ਤੇ ਉਸ ਮੋਰਚੇ ਵਿਚ ਕਈ ਥਾਂ ਵਾਪਰੇ ਯਥਾਰਥ ਨਾਲ ਜੁੜ ਜਾਂਦੇ ਸਨ। ਪਰੰਤੂ ਅਜ ਨਾਟਕਾਂ ਵਿਚ ਪੇਸ਼ ਕੀਤੇ ਜਾਂਦੇ ਤਸ਼ੱਦਦ ਨਾਲ ਇਹ ਸਨਾਟਾ ਪੈਦਾ ਨਹੀਂ ਹੁੰਦਾ। ਬਹੁਤੀ ਥਾਈਂ ਤਸ਼ੱਦਦ ਸਮੇਂ ਦਰਸ਼ਕ ਹੱਸ ਰਹੇ ਹੁੰਦੇ ਹਨ ਇਸ ਤੋਂ ਪਰਤੱਖ ਹੈ, ਕਿ ਕਲਾਕਾਰਾਂ ਦੀ ਕਲਾ ਯਥਾਰਥ ਦਾ ਝਲਕਾਰਾ ਦੇਣੋਂ ਅਸਮਰਥ ਰਹੀ ਹੈ, ਤੇ ਲੋਕ ਉਸ ਨੂੰ ਨਕਲਾਂ ਹੀ ਸਮਝ ਰਹੇ ਹੁੰਦੇ ਹਨ। ਇਸ ਲਈ ਇਹ ਨਾਟਕ ਜਾਂ ਉਸ ਦੇ ਸੀਨ ਲੜੀਂਦਾ ਪ੍ਰਭਾਵ ਦੇਣੋਂ ਅਸਮਰਥ ਰਹਿੰਦੇ ਹਨ। ਇਹ ਨਾਟਕ ਵਿਸ਼ੇ ਤੇ ਕਲਾ ਦੋਵਾਂ ਪੱਖਾਂ ਤੋਂ ਕਮਜ਼ੋਰ ਹੁੰਦੇ ਹਨ। ਇਸ ਲਈ ਪ੍ਰਭਾਵ-ਹੀਣ ਰਹਿੰਦੇ ਹਨ।

ਪਿਛਲੇ ਦਹਾਕੇ ਤੋਂ ਗੁਰਸ਼ਰਨ ਸਿੰਘ ਹੁਰਾਂ ਨੇ ਇਤਿਹਾਸ ਨੂੰ ਅਜੋਕੀ ਸਥਿਤੀ ਦੇ ਹੱਕ ਵਿਚ ਭੁਗਤਾਉਣ ਲਈ ਇਤਹਾਸਿਕ ਘਟਨਾਵਾਂ ਬਾਰੇ ਨਾਟਕ ਪੇਸ਼ ਕੀਤੇ ਹਨ। ਇਹ ਨਾਟਕ ਵਿਸ਼ ਤੇ ਅਦਾਕਾਰੀ ਦੇ ਪਖੋਂ ਬਹੁਤ ਉਤਮ ਹੁੰਦੇ ਹਨ। ਇਹਨਾਂ ਵਿਚ ਲੋਕਾਂ ਦਾ ਅਥਾਹ ਇਕੱਠ ਹੁੰਦਾ ਹੈ। ਪਰੰਤੂ ਇਹ ਨਾਟਕ ਆਮ ਲੋਕਾਂ ਦੀ ਸੂਝ ਦੀ ਪੱਧਰ ਤੋਂ ਉਚੇ ਹੁੰਦੇ ਹਨ। ਪੜ੍ਹੇ ਤੇ ਚੇਤਨ ਵਰਗ ਦੇ ਦਰਸ਼ਕ ਤਾਂ ਇਹਨਾਂ ਨਾਟਕਾਂ ਨੂੰ ਸਮਝਦੇ ਤੇ ਮਾਨਦੇ ਵੀ ਹਨ, ਪਰੰਤੂ ਜਿੰਨਾਂ ਲੋਕਾਂ ਲਈ ਅਸਲ ਵਿਚ ਨਾਟਕਾਂ ਦੀ ਲੋੜ ਹੈ, ਉਹਨਾਂ ਤੇ ਇਹ ਨਾਟਕ ਲੋੜੀਂਦਾ ਪ੍ਰਭਾਵ ਨਹੀਂ ਪਾਉਂਦੇ। ਕਈ ਵੇਰ ਗੁਰਗੁਰਸ਼ਨ ਸਿੰਘ ਹੁਰਾਂ ਦੀ ਸੋਚ ਉਲਟ ਸਿਟੇ ਕੱਢਦੇ ਹਨ। ਜਿਵੇਂ ਪਿਛਲੇ ਸਮੇਂ ਵਿਚ ਸਿਖ ਇਤਿਹਾਸ ਬਾਰੇ ਪੇਸ਼ ਕੀਤੇ ਗਏ ਕਈ ਨਾਟਕ ਸ਼ਤਬਦੀ ਕਮੇਟੀਆ ਤੇ ਨਕਸਲੀ ਸਟੇਜਾਂ ਨੂੰ ਇਕੋ ਜਿਹੇ ਰਾਸ ਆਉਂਦੇ ਰਹੇ ਹਨ। ਭਾਵ ਇਹ ਨਾਟਕ ਦੂਹਰੇ ਅਰਥਾਂ ਨਾਲ ਸਨ ਜਿਹੜੇ ਕੇਵਲ ਸਿਖੀ ਦੇ ਪਰਚਾਰ ਲਈ ਵੀ ਵਰਤੇ ਜਾ ਸਕਦੇ ਸਨ।

ਇਸ ਤਰ੍ਹਾਂ ਨਾਟਕਾਂ ਦੀਆਂ ਦੋਵੇਂ ਵੰਨਗੀਆਂ ਢੁਕਵਾਂ ਪਰਭਾਵ ਦੇਣੋਂ ਅਸਮਰਥ ਰਹੀਆਂ ਹਨ। ਲੋਕਾਂ ਨੂੰ ਇਹ ਸਿਖਾ ਨਹੀਂ ਸਕੀਆਂ। ਲੋਕਾਂ ਤੇ ਲੋੜੀਂਦਾ ਪ੍ਰਭਾਵ ਨਹੀਂ ਪਾ ਸਕੀਆਂ। ਲੋਕ ਅਜ ਵੀ ਇਹਨਾਂ ਦੋਨੋਂ ਕਿਸਮਦੇ ਨਾਟਕਾਂ ਨੂੰ ਕੇਵਲ ਮਨ-ਪਰਚਾਵੇ ਦਾ ਸਾਧਨ ਹੀ ਸਮਝਦੇ ਹਨ। ਕੋਈ ਸਿਖਿਆ ਦੇਣ ਵਾਲਾ ਸਾਧਨ ਨਹੀਂ। ਮੈਂ ਇਹ ਗੱਲ ਪਿੰਡਾਂ ਵਿਚ ਵਸਦੇ ਆਮ ਲੋਕਾਂ ਤੇ ਜਨ-ਸਮੂੰਹ ਨੂੰ ਮੁਖ ਰਖ ਕੇ ਕਹਿ ਰਿਹਾ ਹਾਂ। ਚੇਤਨ ਲੋਕਾਂ ਨੂੰ ਨਹੀਂ। ਇਹਨਾਂ ਨਾਟਕਾਂ ਦੇ ਪ੍ਰਭਾਵ ਰਹਿਤ ਹੋਣ ਦਾ ਸਬੂਤ ਇਹ ਹੈ ਕਿ ਜਿਥੇ ਕਈ ਕਈ ਘੰਟੇ ਲੋਕ ਇਨ੍ਹਾਂ ਨੂੰ ਦੇਖਦੇ ਹਨ। ਪਰੰਤੂ ਉਹਨਾਂ ਦੀ ਰਾਜਸੀ ਸੋਚ ਤੇ ਚੇਤਨਾਂ ਵਿਚ ਕੋਈ ਫਰਕ ਨਹੀਂ ਪੈਂਦਾ। ਜਥੇਬੰਦ ਹੋਣ ਤੇ ਸੰਘਰਸ਼ ਵਲ ਉਹਨਾਂ ਦੀ ਉਦਾਸੀਨਤਾ ਪਹਿਲਾਂ ਵਾਂਗ ਹੀ ਕਾਇਮ ਰਹਿੰਦੀ ਹੈ। ਮਸਾਲ ਵਜੋਂ ਚੋਣਾਂ ਸਮੇਂ ਇਕੱਠ ਕਮਿਊਨਿਸਟਾਂ ਦੇ ਜਲਸਿਆਂ ਵਿਚ ਹੁੰਦਾ ਹੈ, ਪਰ ਵੋਟਾਂ ਹੋਰਨਾਂ ਪਾਰਟੀਆਂ ਨੂੰ ਪੈਂਦੇ ਹਨ।

ਮੈਂ ਨਿਜੀ ਤੌਰ ਤੇ ਪਿਛਲੇ ਸਾਲਾਂ ਵਿਚ ਇਕ ਸਰਵੇ ਕੀਤਾ ਹੈ। ਖੱਬੀਆਂ ਪਾਰਟੀਆਂ ਦੇ ਮੈਂਬਰਾਂ ਤੇ

ਆਮ ਵਰਕਰਾਂ ਤੋਂ ਪੁਛਿਆਹੈ,ਕਿ ਤੁਸੀਂ ਇਨ੍ਹਾਂ ਪਾਰਟੀਆਂ ਵਲ ਕਿਵੇਂ ਖਿਚੇ ਆਏ । ਸਾਰਿਆਂ ਨੇ ਇਹੋ ਦਸਿਆ ਹੈ, ਕਿ ਫਲ ਨੇ ਵਿਅਕਤੀ ਜਾਂ ਵਰਕਰ ਤੋਂ ਪਰਭਾਵਤ ਹੋ ਕੇ ਪਾਰਟੀਆਂ ਵਿਚ ਆਏ ਹਨ । ਉਹਨਾਂ ਵਿਚੋਂ ਇਕ ਫ਼ੀ ਸਦੀ ਵੀ ਅਜਿਹੀ ਨਹੀਂ ਮਿਲੀ, ਜਿਸ ਨੇ ਕਿਹਾ ਹੋਵੇ ਕਿ ਉਹ ਨਿਰੋਲ ਡਰਾਮਿਆਂ, ਤੋਂ ਪ੍ਰਭਾਵਤ ਹੋਏ ਹਨ ।

ਖੱਬੀਆਂ ਪਾਰਟੀਆਂ ਵਲੋਂ ਪਿਛਲੇ ਸਮੇਂ ਵਿਚ ਵਰਤੀ ਗਈ (ਕੱਚ-ਘਰੜ ਢੰਗ ਨਾਲ) ਇਹ ਕਲਾ ਅਜ ਉਹਨਾਂ ਦੇ ਆਪਣੇ ਵਿਕਾਸ ਦੇ ਰਾਹ ਦਾ ਰੋੜਾ ਬਣ ਗਈ ਹੈ । ਇਹ ਪਿਛਲੇ ਤੀਹ ਸਾਲਾਂ ਵਿਚ ਨਾਂ ਤਾਂ ਲੋਕਾਂ ਦਾ ਸਭਿਆਚਾਰਕ ਪਧਰ ਉਚਿਆ ਸਕੀ ਹੈ, ਨਾ ਆਪਣੇ ਤੌਰ ਤੇ ਰੂਪ ਤੇ ਤੱਤ ਪਖੋਂ ਵਿਕਾਸ ਕਰ ਸਕੀ ਹੈ । ਪਰੰਤੂ ਅਜ ਡਰਾਮੇ ਦੇ ਐਲਾਨ ਤੋਂ ਬਿਨਾਂ ਕੋਈ ਕਾਨਫਰੰਸ ਜਾਂ ਜਲਸਾ ਸਫਲ ਨਹੀਂ ਹੋ ਸਕਦਾ । ਡਰਾਮੇ ਦੇ ਐਲਾਨ ਦੇ ਨਾਲ ਹੀ ਕੋਈ ਕਿੱਡਾ ਵੱਡਾ ਰਾਜਸੀ ਲੀਡਰ ਜਾਂ ਬੁਲਾਰਾ ਰਾਜਸੀ ਗੱਲ ਕਰੇ, ਉਹਨੂੰ ਸੁਣਨ ਦੀ ਥਾਂ ਲੋਕ ਘਟੀਆ ਕਿਸਮ ਦੇ ਡਰਾਮੇ ਨੂੰ ਵੇਖਣ ਲਈ ਵਧ ਕਾਹਲੇ ਹੁੰਦੇ ਹਨ ।

ਇਸ ਲਈ ਅਜ ਇਹ ਕੇਵਲ ਖਬੀਆਂ ਪਾਰਟੀਆਂ ਦਾ ਹੀ ਨਹੀਂ ਬਲਕਿ ਸਮੁਚੀ ਅਗੇ-ਵਧੂ ਲਹਿਰ ਦੇ ਸਾਹਮਣੇ ਇਹ ਮਸਲਾ ਖੜਾ ਹੈ ਕਿ ਉਹ ਇਕ ਮੂੰਹ ਹੋ ਕੇ ਉਕਤ ਸਵਲਾਂ ਤੇ ਵਿਚਾਰ ਕਰੇ । ਸੁਰਜੀਤ ਗਿੱਲ

## ਕੁਝ ਸਮਤਾ ਬਾਰੇ

ਬਿਨਾ ਕਿਸੇ ਬਹਿਸ ਦੇ ਇਹ ਦਰੁਸਤ ਹੈ ਕਿ 'ਸਮਤਾ' ਤੁਹਾਡੇ ਜਤਨਾਂ ਸਦਕਾ ਹੌਲੀ ਹੌਲੀ ਸਥਾਪਤ ਕ੍ਰਾਂਤੀਸ਼ੀਲ ਸਾਹਿਤਕ ਪ੍ਰਤਕਾ ਬਣ ਰਹੀ ਹੈ—ਮਾਰਕਸੀ ਵਿਚਾਰਧਾਰਾ ਨੂੰ ਸਮਕਾਲੀ ਸਮਾਜਕ ਯਥਾਰਥ ਨਾਲ ਜੋੜ ਕੇ ਪੇਸ਼ ਕਰਨ ਦਾ ਜੋ ਇਸ ਦੁਆਰਾ ਮਹਾਨ ਕਾਰਜ ਅਰੰਭਿਆ ਗਿਆ ਹੈ, ਇਹ ਸਚਮੁਚ ਹੀ ਇਕ ਸ਼ਲਾਘਾ-ਯੋਗ ਉਪਰਾਲਾ ਹੈ । ਪਰ ਇਕ ਪ੍ਰਤੀਕਰਮ ਜੋ ਇਥੇ ਮੇਰੇ ਸਾਥੀਆਂ ਵਲੋਂ ਮੈਨੂੰ ਸੁਣਨਾ ਪਿਆ ਹੈ ਉਹ 'ਸਮਤਾ' ਦੇ ਲੇਖਾਂ ਅਤੇ ਸੰਪਾਦਕੀ ਦੀ ਬੌਧਿਕਾ ਸ਼ਬਦਾਵਲੀ-[illegible] ਹੋਏ ਜੇ ਹਿੰਦੀ ਲੇਖਕ ਸਵੈਸਾਚੀ ਜਾਂ ਰਾਹੁਲ ਸਾਂਕ੍ਰਿਤਾਇਨ ਵਾਂਗ ਮਾਰਕਸਵਾਦ ਦੇ ਹੇਠ ਵਿਚਾਰਾਂ ਵੀ ਸੌਖੀ ਸ਼ਬਦਾਵਲੀ ਅਤੇ ਸ਼ੈਲੀ ਵਿਚ ਪੇਸ਼ ਹੋ ਜਾਵ—ਬਾਕੀ ਜ਼ਿਆਦਾ ਕੀ ਲਿਖਣਾ ਹੈ ਤੁਸੀਂ ਆਪ ਬਹੁਤ ਸਿਆਣੇ ਹੋ, ਤੁਹਾਡੇ ਸਾਥੀ ਬੜੇ ਸੁਲਝੇ ਹੋਏ ਹਨ

ਗੁਰਬਖ਼ਸ਼ ਜੱਸ

## ਮੈਂ ਕੁਝ ਸਿੱਧ ਨਹੀਂ ਕਰਨਾ

'ਸਮਤਾ' ਦੇ ਨਵੰਬਰ ਅੰਕ ਵਿਚ ਸੁਰਿੰਦਰ ਹੇਮ ਜਯੋਤੀ ਬਾਰੇ ਅਮਰਜੀਤ ਚੰਦਨ ਦੇ ਵਿਚਾਰ ਪੜ੍ਹੇ । ਕਿਸੇ ਹੱਦ ਤਕ ਇਹ ਸੁਰਿੰਦਰ ਬਾਰੇ ਘੱਟ ਤੇ ਚੰਦਨ ਦੇ ਆਪਣੇ ਬਾਰੇ ਜ਼ਿਆਦਾ ਸਨ । ਚੰਦਨ ਆਪਣੀ ਆਦਤ ਮੁਤਾਬਕ ਬੜੀ ਸਫ਼ਾਈ ਨਾਲ ਆਪਣੇ ਆਪ ਨੂੰ ਸੁਰਿੰਦਰ ਨਾਲੋਂ ਰਤਾ ਕੁ ਵਧਾ ਕੇ ਪੇਸ਼ ਕਰ ਗਿਆ ਹੈ ਅਤੇ ਵਿਚੇ ਮੈਨੂੰ ਵੀ ਰਗੜਾ ਲਾ ਗਿਆ ਹੈ । 'ਪ੍ਰੀਤ ਲੜੀ' ਦੇ ਟਾਈਟਲ ਤੇ ਉਸ ਦੀ ਭਤੀਜੀ ਦੀ ਛਪੀ ਤਸਵੀਰ ਸਬੰਧੀ ਹੋਈਆ ਗੱਲਾਂ ਮੈਨੂੰ ਤਾਂ ਯਾਦ ਨਹੀਂ ਅਤੇ ਇਨ੍ਹਾਂ ਬਾਰੇ ਕੁਝ ਕਹਿ ਸਕਣ ਲਈ ਸੁਰਿੰਦਰ ਮੌਜੂਦ ਨਹੀਂ । ਪਰ ਮੈਂ ਅਜਿਹੀ ਗੱਲ ਨੂੰ ਕਿਸੇਦੇ ਇਨਕਲਾਬੀ ਹੋਣ ਜਾਂ ਨਾ ਹੋਣ ਦਾ ਮਾਪਦੰਡ ਨਾ ਸਮਝਦਾ ਸੀ ਤੇ ਨਾ ਹੁਣ ਸਮਝਦਾ ਹਾਂ । ਉਂਝ ਚੰਦਨ ਨਾਗਮਣੀ 'ਚ ਛਪ ਕੇ ਵੀ ਸ਼ੁਧ ਕ੍ਰਾਂਤੀਕਾਰੀ ਰਹਿੰਦਾ ਹੈ ਜਦੋਂ 'ਅਜ ਦੀ ਮੁਟਿਆਰ'ਵਿਚ ਮੇਰੀ ਗਜ਼ਲ ਛਪ ਜਾਣ ਤੇ ਮੈਨੂੰ 'ਇਨਕਲਾਬ ਤੋਂ ਬੇਮੁਖ' ਸਮਝਿਆ ਜਾ ਸਕਦਾ ਹੈ । ਦੂਹਰੇ ਪੈਮਾਨਿਆਂ ਦੀ ਸਹੀ ਵਰਤੋਂ ਚੰਦਨ ਨੂੰ ਬਾਖ਼ੂਬੀ ਆਉਂਦੀ ਹੈ ।

ਇਹ ਕਹਿਣ ਤੋਂ ਮੇਰਾ ਮੰਤਵ ਚੰਦਨ ਦੀ ਇਨਕਲਾਬ ਜਾਂ ਮਾਰਕਸਵਾਦ ਨਾਲ ਪ੍ਰਤੀਬਧਤਾ ਤੇ ਕਿੰਤੂ ਕਰਨਾ ਨਹੀਂ ਹੈ । ਉਹ ਜਨਮ ਜਾਤ ਕ੍ਰਾਂਤੀਕਾਰੀ ਹੈ । ਉਸ ਦਾ ਹਰ ਕਦਮ, ਹਰ ਕਦਮ ਭਾਰਤੀ ਇਨਕਲਾਬ ਨੂੰ ਸਮਰਪਤ ਹੁੰਦਾ ਹੈ । ਉਹ ਆਤੰਕਵਾਦ ਨੂੰ ਲੋੜ ਮੁਤਾਬਕ ਵਾੜਿਆ ਰਿਹਾ ਹੋਵੇ ਜਾਂ ਨਿੰਦ ਰਿਹਾ, ਹਰ ਸਮੇਂ ਉਹ ਸਹੀ ਹੁੰਦਾ ਹੈ । ਉਹ ਨਕੋਦਰ, ਅੰਮ੍ਰਿਤਸਰ, ਚੰਡੀਗੜ੍ਹ, ਕਲਕੱਤੇ ਜਾਂ ਫ਼ਰੈਂਕਫ਼ਰਟ ਕਿਤੇ ਵੀ ਹੋਵੇ, ਭਾਰਤੀ ਇਨਕਲਾਬ ਦੀ ਚਿੰਤਾ ਉਸ ਦਾ ਸਾਥ ਨਹੀਂ ਛੱਡਦੀ । ਉਸ ਦੀ ਪਤਨੀ ਮੁਤਾਬਕ ਹੁਣ ਉਹ ਇੰਗਲੈਂਡ ਜਾਵੇਗਾ । ਉਥੇ ਤਾਂ ਕੀ, ਇਨਕਲਾਬ ਦੀ ਸੱਦ ਪੈਣ ਤੇ ਉਹ ਚੰਦ ਤੇ ਵੀ ਜਾ ਜਾ ਸਕਦਾ ਹੈ ।

ਖ਼ੈਰ ਮੇਰਾ ਉਸ ਨਾਲ ਕੋਈ ਮੁਕਾਬਲਾ ਨਹੀਂ । ਮੈਂ ਨਕਸਲੀ ਲਹਿਰ ਵਿਚ ਇਸ ਲਈ ਨਹੀਂ ਸੀ ਗਿਆ ਕਿ ਮੈਂ ਖੁਦ ਨੂੰ ਕ੍ਰਾਂਤੀਕਾਰੀ ਸਿਧ ਕਰਨਾ ਚਾਹੁੰਦਾ ਸੀ । ਨਾ ਹੀ ਮੈਂ ਇਸ ਅਧਾਰ ਤੇ ਕਿਸੇ ਕਿਸੇ ਕਿਸਮ ਦਾ ਅਹਿਸਾਨ ਜਤਾਇਆ ਮੈਂ ਇਹ ਦੱਸਣ ਲਈ ਚੰਦਨ ਦਾ ਧੰਨਵਾਦੀ ਹਾਂ ਕਿ ਸੁਰਿੰਦਰ ਨੇ ਆਪਣੇ ਅੰਤਿਮ ਪਲਾਂ ਵਿਚ ਵਿਚ ਮੈਨੂੰ ਵਾਰ ਵਾਰ ਯਾਦ ਕੀਤਾ । ਇਹ ਮੇਰ ਸਿਰ ਸੁਰਿੰਦਰ ਦਾ ਰਿਣ ਹੈ ਜਿਸ ਨੂੰ ਕਿਸੇ ਹੀਲੇ ਚੁਕਾਉਣ ਦਾ ਯਤਨ ਕਰਾਂਗਾ ।

ਹਰਭਜਨ ਹਲਵਾਰਵੀ, ਚੰਡੀਗੜ੍ਹ

o

ਕਹਾਣੀ ਬਿਨ ਸਿਰ ਲੇਖ :

# ਰੋਡਵੇਜ਼ ਵਿਚ ਘਾਟਾ—ਵੱਧੇ ਬੱਸ ਕਿਰਾਏ

( ਪ੍ਰੋ: ਐਮ. ਸੀ. ਭਾਰਦਵਾਜ )

ਐਮ, ਸੀ. ਭਾਰਦਵਾਜ ਥਾਪਰ ਕਾਲਜ ਆਫ ਇੰਜਨੀਅਰਿੰਗ ਵਿਚ ਪ੍ਰੋਫੈਸਰ ਹਨ। ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਅੰਕੜਿਆਂ ਦੀ ਬੁਨਿਆਦ ਤੇ ਵਿਗਿਆਨਿਕ ਵਿਸ਼ਲੇਸ਼ਣ ਉਹਨਾਂ ਦੀ ਵਿਸ਼ੇਸ਼ਤਾਂ ਹੈ। ਅਸੀਂ ਇਹਨਾਂ ਨਾ ਇਹ ਕਾਲਮ ਬਾਕਾਇਦਾ ਹਰ ਮਹੀਨੇ ਸਮਤਾ ਵਿਚ ਸ਼ਾਮਿਲ ਕਰ ਰਹੇ ਹਾਂ। ਇਸ ਮਹੀਨੇ ਇਹਨਾਂ ਨੇ ਰੋਡਵੇਜ਼ ਦੇ ਘਾਟੇ ਦੀ ਗੱਲ ਦਾ ਖ਼ੰਡਨ ਕੀਤਾ ਹੈ। ਅਤੇ ਸਿਧ ਕੀਤਾ ਹੈ ਕਿ ਕਿਰਾਏ ਵਿਚ ਵਾਧਾ ਬਿਲਕੁਲ ਨਾਜਾਇਜ਼ ਹੈ।

—ਸੰਪਾਦਕ

ਘਾਟੇ—ਘਾਟੇ ਦਾ ਰੌਲਾ ਪਾ ਕੇ ਸਰਕਾਰ ਅਤੇ ਸਰਮਾਏਦਾਰ ਆਪਣਾ ਉੱਲੂ ਸਿੱਧਾ ਕਰਨਾਂ ਚਾਹੁੰਦੇ ਹਨ। ਜਿਥੇ ਇਕ ਪਾਸੇ ਉਹ ਸਰਕਾਰੀ ਅਦਾਰਿਆਂ ਨੂੰ ਬਦਨਾਮ ਕਰਦੇ ਹਨ, ਤਾਂ ਜੋ ਹੋਰ ਬਸਾਂ ਦਾ ਕੌਮੀਕਰਣ ਨਾ ਕੀਤਾ ਜਾਏ। ਦੂਜਾ ਮੁਲਾਜ਼ਮਾਂ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਬਦਨਾਮ ਕਰਵਾ ਦਿੰਦੇ ਹਨ। ਘਾਟਾ-ਘਾਟਾ ਸੁਣ ਸੁਣ ਹਰ ਆਦਮੀ ਇਹੋ ਸਮਝਣ ਲੱਗ ਪੈਂਦਾ ਹੈ ਕਿ ਪੰਜ ਦੱਸ ਰਖਣ ਵਾਲੇ ਕੰਡਕਟਰ ਹੀ ਸ਼ਾਇਦ ਘਾਟੇ ਦਾ ਮੁੱਖ ਕਾਰਨ ਹਨ ਸੋ ਇਸ ਤਰ੍ਹਾਂ ਜੰਤਾ ਕੌਮੀਕਰਨ ਦੇ ਵਿਰੁਧ ਖੜੀ ਹੋ ਜਾਂਦੀ ਹੈ। ਇਹਦੇ ਨਾਲ ਹੀ ਕਿਰਾਏ ਵੱਧਦੇ ਹਨ ਅਤੇ ਟਰਾਂਸਪੋਰਟਰਾਂ ਦੀ ਆਮਦਨ ਰਾਤੋ ਰਾਤ ਦੱਸ ਲੱਖ ਤੋਂ ਚੌਦਾਂ ਲੱਖ ਹੋ ਜਾਂਦੀ ਹੈ। ਆਓ ਇਸ ਸਾਰੇ ਮਸਲੇ ਨੂੰ ਘੋਖੀਏ ਕਿ ਵਾਕਈ ਕੋਈ ਘਾਟਾ ਹੈ ਜਾਂ ਨਹੀਂ? ਜੇ ਹੈ ਵੀ ਤਾਂ ਉਹਦੀ ਮੁਖ ਜ਼ਿਮੇਵਾਰੀ ਕਿਸ ਉਤੇ ਹੈ?

ਤਮਾਮ ਪੰਜਾਬ ਵਿਚ ਪ੍ਰਾਈਵੇਟ ਅਤੇ ਸਰਕਾਰੀ ਬਸਾਂ ਰਾਹੀਂ ਅੰਦਾਜ਼ਨ 100-110 ਕਰੋੜ ਦੀਆਂ ਟਿਕਟਾਂ ਦੀ ਸਾਲਾਨਾ ਵਿਕਰੀ ਹੋ ਰਹੀ ਹੈ। 43 ਫ਼ੀ ਸਦੀ ਕਿਰਾਏ ਵਧਾ ਕੇ ਸਾਡੀ ਸਰਕਾਰ ਨੇ 48 ਕੁ ਕਰੋੜ ਦਾਂ ਹੋਰ ਟੈਕਸ ਬਤੌਰ ਦਿਵਾਲੀ ਤੋਹਫਾ ਪੰਜਾਬੀਆਂ ਨੂੰ ਪੇਸ਼ ਕੀਤਾ ਹੈ, ਵੈਸੇ ਤਾਂ ਜਿਹੜਾ ਨਿਜ਼ਾਮ ਆਨੀ-ਬਹਾਨੀ 13 ਹਜ਼ਾਰ ਵਾਲਾ ਮੈਸੀਫਰਗੂਸਨ ਟਰੈਕਟਰ 91 ਹਜ਼ਾਰ ਦਾ ਕਰਵਾ ਦੇਵੇ, ਅਗਰ ਉਹ ਰੁਪਏ ਵਾਲੀ ਟਿਕਟ ਡੂਢ ਦੀ ਕਰ ਦੇਵੇ ਤਾਂ ਬਹੁਤ ਹੈਰਾਨ ਨਹੀਂ ਹੋਣਾ ਚਾਹੀਦਾ, ਪਰਤੂੰ ਜਿਹੜੀਆਂ ਬੇਹੂਦਾ ਦਲੀਲਾਂ ਸਰਕਾਰ ਦੇ ਬੱਸਾਂ ਦੇ ਕਿਰਾਏ ਵਿਚ 43 ਫ਼ੀ ਸਦੀ ਵਾਧਾ ਕਰਨ ਖ਼ਾਤਰ ਦਿਤੀਆਂ ਹਨ, ਉਹਨਾਂ ਨੂੰ ਨੰਗਿਆਂ ਕਰਨਾ ਹਰ ਸਮਝਦਾਰ ਨਾਗਰਿਕ ਦਾ ਧਰਮ ਹੈ। ਪਹਿਲਾਂ ਮੁੱਖ ਦਲੀਲ ਤੇ ਹੀ ਗੌਰ ਕਰੀਏ।

—ਡੀਜ਼ਲ ਮਹਿੰਗਾ ਹੋ ਗਿਆ ਹੈ—ਕਿਨ੍ਹਾਂ ?—ਪਿਛੇ ਜਹੇ ਜਦੋਂ ਆਮ ਖੱਪਤ ਵਾਸਤੇ 65 ਪੈਸੇ ਪ੍ਰਤੀ ਲਿਟਰ ਡੀਜ਼ਲ ਮਹਿੰਗਾ ਹੋਇਆ ਪਰ ਬੱਸਾਂ ਵਗੈਰਾ ਵਾਸਤੇ 57 ਪੈਸੇ ਪ੍ਰਤੀ ਲਿਟਰ ਦਾ ਹੀ ਫ਼ਰਕ ਪਿਆ ਸੀ। ਭਾਵੇਂ ਇਕ ਚੰਗੀ ਬਸ ਵਧੀਆ ਸੜਕਾਂ ਤੇ ਇਕ ਲਿਟਰ ਤੇਲ ਨਾਲ ਸਾਢੇ ਚਾਰ ਕਿਲੋਮੀਟਰ ਫਾਸਲਾ ਤਹਿ ਕਰਦੀ ਹੈ, ਪਰ ਔਸਤਨ 4 ਕਿਲੋਮੀਟਰ ਹੀ ਮੰਨ ਲੈਂਦੇ ਹਾਂ। ਚੰਦੀਗੜ੍ਹ ਤੋਂ ਜੰਮੂ 400 ਕਿਲੋਮੀਟਰ ਹੈ ਤੇ ਪਹੁੰਚਣ ਵਿਚ 100 ਲਿਟਰ ਤੇਲ ਲਗਦਾ ਹੈ। ਵਧੀਆਂ ਕੀਮਤਾਂ ਮੁਤਾਬਕ ਡੀਜ਼ਲ ਦਾ ਖ਼ਰਚਾ 57 ਰੁਪਏ ਵੱਧ ਜਾਂਦਾ ਹੈ ਅਤੇ 57 ਸਵਾਰੀਆਂ ਹੀ ਬੱਸ ਵਿਚ ਬੈਠਦੀਆਂ ਹਨ। ਸੋ ਖਰਚਾ ਪ੍ਰਤੀ ਸਵਾਰੀ ਇਕ ਰੁਪਿਆ ਵਧਦਾ ਹੈ ਪਰ ਸਰਕਾਰ ਨੇ 20 ਵਾਲੀ ਟਿਕਟ 21 ਦੀ ਕਰਨ ਦੀ ਬਜਾਏ ਸਿੱਧੀ 29 ਰੁਪਏ ਕਰ ਦਿਤੀ ਹੈ ਅਤੇ ਡੀਜ਼ਲ ਦੇ ਬਹਾਨੇ ਅੱਠ ਗੁਣਾਂ ਫ਼ਾਲਤੂ ਕਿਰਾਏ ਵਧਾ ਦਿਤੇ ਹਨ।

ਇਕ ਹੋਰ ਸਮੁੱਚੀ ਉਦਹਾਰਣ ਲਈਏ। ਸਭ ਤੋਂ ਵਧ ਘਾਟੇ ਵਾਲਾ ਅਦਾਰੇ ਪੈਪਸੂ ਰੋਡਵੇਜ਼ ਨੂੰ ਲਵੋ। ਇਸ ਦੀਆਂ ਤਮਾਮ 879 ਬੱਸਾਂ ਨੇ ਸਾਲ 1979-80 ਦੁਰਾਨ 775 ਲੱਖ ਕਿਲੋਮੀਟਰ ਸਫਰ ਤਹਿ ਕੀਤਾ ਅਤੇ 3.61 ਕਿਲੋਮੀਟਰ ਪ੍ਰਤੀ ਲਿਟਰ ਦੇ ਹਿਸਾਬ 215 ਲੱਖ ਲਿਟਰ ਡੀਜ਼ਲ ਸਾਰੇ ਸਾਲ ਵਿਚ ਖੱਪਤ ਹੋਇਆ ਤੇ ਵਧੇ ਹੋਏ ਰੇਟ ਮੁਤਾਬਕ 122 ਲੱਖ ਦਾ ਫ਼ਾਲਤੂ ਖ਼ਰਚਾ ਬਣਦਾ ਹੈ ਜਦ ਕਿ ਕੁਲ ਵਿਕਰੀ 20+40 ਲੱਖ ਦੇ ਮਗਰ 43 ਫੀ ਸਦੀ ਦੇ ਹਿਸਾਬ 875 ਲੱਖ ਰੁਪਏ ਦਾ ਵਾਧਾ ਹੋਵੇਗਾ, ਸੋ ਇਹ ਵਾਧਾ ਸੱਤ ਗੁਣਾਂ ਤੋਂ ਵੀ ਵੱਧ ਬਣਦਾ ਹੈ. ਸੋ ਇਹ ਕਹਿਣਾ ਕਿ ਡੀਜ਼ਲ ਵਧੀ ਕੀਮਤ ਕਿਰਾਏ ਵਧਾਉਣ ਦੀ ਜ਼ਿਮੇਵਾਰ ਹੈ, ਬਿਲਕੁਲ ਗਲਤ ਹੈ।

ਰੋਡਵੇਜ਼ ਦੇ ਘਾਟੇ ਬਾਰੇ ਇਕ ਹੋਰ ਗਲਤ ਫ਼ਹਿਮੀ ਪੈਪਸੂ ਰੋਡਵੇਜ਼ ਦੇ ਬੱਜਟ ਤੇ ਇਕ ਝਾਤ ਪਾਇਆਂ

ਦੂਰ ਹੋ ਜਾਏਗੀ। ਪਰ ਇਹ ਝਾਤ ਪਾਉਣ ਤੋਂ ਪਹਿਲਾਂ ਅਸੀਂ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੇ ਅਦਾਰਿਆਂ ਨੂੰ ਸਰਸਰੀ ਵੇਖ ਲਈਏ। ਸਾਡੇ ਪੰਜਾਬ ਵਿਚ ਕੁਲ 4500 ਦੇ ਲਗਭਗ ਬੱਸਾਂ ਹਨ। 2400 ਪੰਜਾਬ ਰੋਡਵੇਜ਼ ਵਿਚ ਅਤੇ 1200 ਦੇ ਕਰੀਬ ਪ੍ਰਾਈਵੇਟ ਕੰਪਨੀਆਂ ਵਿਚ ਅਤੇ ਬਾਕੀ 900 ਦੇ ਕਰੀਬ ਪੈਪਸੂ ਰੋਡਵੇਜ਼ ਵਿਚ ਹਨ। ਪੰਜਾਬ ਰੋਡਵੇਜ਼ ਅੰਮ੍ਰਿਤਸਰ, ਜਲੰਧਰ, ਪਠਾਨਕੋਟ, ਲੁਧਿਆਨਾ, ਚੰਦੀਗੜ੍ਹ ਦੇ ਇਲਾਕੇ ਵਿਚ ਚਲਦੀ ਹੈ। ਇਥੇ ਜੀ. ਟੀ. ਰੋਡ ਵਰਗੀਆਂ ਖੁਲ੍ਹੀਆਂ ਸੜਕਾਂ ਹਨ ਪਰ ਪੈਪਸੂ ਰੋਡਵੇਜ਼ ਮੁਕਾਬਲਤਨ ਪੱਛੜੇ ਇਲਾਕੇ ਵਿਚ ਚਲਦੀ ਹੈ, ਜਿਵੇਂ ਧੂਰੀ, ਮਲੇਰ-ਕੋਟਲਾ ਫ਼ਾਜ਼ਿਲਕਾ, ਅਬੋਹਰ, ਪਟਿਆਲਾ, ਸੰਗਰੂਰ, ਬਠਿੰਡਾ, ਗਿੱਦੜਬਾਹਾ, ਮਲੋਟ। ਇਹਨਾਂ ਇਲਾਕਿਆਂ ਵਿਚ ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈ। ਸੰਨ 1977-78 ਦੌਰਾਨ ਜਦੋਂ ਪੰਜਾਬ ਰੋਡਰੇਜ਼ ਦੀਆਂ 2100 ਬੱਸਾਂ ਮਗਰ ਸਿਰਫ਼ 32 ਲੱਖ ਦਾ ਅਖੌਤੀ ਘਾਟਾ ਸੀ, ਪੈਪਸੂ ਰੋਡਵੇਜ਼ ਦੀਆਂ 813 ਬੱਸਾਂ ਤੋਂ ਹੀ 135 ਲੱਖ ਦਾ ਘਾਟਾ ਸੀ। ਜੇਕਰ ਇਹ ਸਾਬਤ ਹੋ ਜਾਵੇ ਕਿ ਪੈਪਸੂ ਰੋਡਰੇਜ਼ ਵੀ ਅਸਲ ਵਿਚ ਘਾਟੇ ਤੇ ਨਹੀਂ ਤਾਂ ਪੰਜਾਬ ਰੋਡਵੇਜ਼ ਦਾ ਕੇਸ ਤਾਂ ਆਪਣੇ ਆਪ ਮਜ਼ਬੂਤ ਹੋ ਜਾਂਦਾ ਹੈ। ਇਸੇ ਕਰਕੇ ਅਸੀਂ ਪੈਪਸੂ ਰੋਡਵੇਜ਼ ਦੇ ਬਜਟ ਨੂੰ ਲੈਂਦੇ ਹਾਂ।

ਪੈਪਸੂ ਰੋਡਵੇਜ਼ ਨੂੰ ਵਿਦਿਆਰਥੀਆਂ, ਸਟਾਫ਼-ਮੈਂਬਰਾਂ ਨੂੰ ਸਹੂਲਤਾਂ ਦੇਣ ਦੇ ਬਾਵਜੂਦ ਟਿਕਟਾਂ ਦੀ ਵਿਕਰੀ ਤੋਂ 1979-80 ਦੌਰਾਨ 2040 ਲੱਖ ਪ੍ਰਾਪਤ ਹੋਏ ਸਨ। ਪਰ ਸਾਡੀ ਸਰਕਾਰ ਅਤੇ ਉਹਦੀ ਅਫ਼ਸਰ-ਸ਼ਾਹੀ ਕੁਝ ਐਸੇ ਢੰਗ ਨਾਲ ਇਸੇ ਆਮਦਨ ਨੂੰ ਪੇਸ਼ ਕਰਨਗੇ ਕਿ ਅਦਾਰਾ ਹਮੇਸ਼ਾ ਘਾਟੇ ਵਿਚ ਹੀ ਜਾਪੇ। ਸਰਕਾਰ ਆਮ ਜੰਤਾ ਨੂੰ ਕਦੇ ਵੀ ਇਹ ਪਤਾ ਨਹੀਂ ਲਗਣ ਦਿੰਦੀ ਕਿ ਉਹ ਖੁਦ ਕਿੰਨੀ ਰਕਮ ਬਤੌਰ ਟੈਕਸ ਹੜੱਪ ਜਾਂਦੀ ਹੈ। ਸਰਕਾਰੀ ਟੈਕਸ ਇਸ ਪਰਕਾਰ ਹਨ। ਸਾਲ 1979-80 ਮੁਸਾਫ਼ਰ ਟੈਕਸ 414 ਲੱਖ, ਟੋਕਨ ਟੈਕਸ 129 ਲੱਖ, ਸੇਲ ਟੈਕਸ 60 ਲੱਖ, ਪਰਮਿੰਟ ਟੈਕਸ 4 ਲੱਖ ਸਰਕਾਰੀ ਵਿਆਜ 47 ਲੱਖ, ਰੋਡ ਟੈਕਸ 132 ਲੱਖ, ਇਹ ਕੁਲ ਹੋ ਗਿਆ 736 ਲੱਖ, ਜੇ ਇਸ ਵਿਚ ਬੈਂਕਾਂ ਦਾ ਵਿਆਜ ਪਾ ਦੇਈਏ ਤਾਂ ਇਹ ਹੋ ਜਾਂਦਾ ਹੈ 895 ਲੱਖ। ਸੋ 2040 ਵਿਚੋਂ 895 ਲੱਖ ਤਾਂ ਟੈਕਸਾਂ ਵਿਚ ਹੀ ਚਲਾ ਗਿਆ। ਹੁਣ ਤੁਸੀਂ ਆਪ ਹੀ ਸੋਚੋ, ਜਿਸ ਅਦਾਰੇ ਦੀ ਆਮਦਨ ਵਿਚੋਂ 45 ਫੀ ਸਦੀ ਵਿਕਰੀ ਬਤੌਰ ਟੈਕਸ ਹੀ ਚਲਾ ਜਾਵੇ, ਕੀ ਉਹ ਆਦਾਰਾ ਕਦੇ ਵੀ ਮੁਨਾਫ਼ੇ ਵਿਚ ਜਾ ਸਕਦਾ ਹੈ ?

ਹੋਰ ਅਗੇ ਲਵੋ, ਕੁਲ ਬਸਾਂ 900, ਸਾਲਾਨਾ ਸਰਕਾਰ ਨੂੰ ਟੈਕਸ 895 ਲੱਖ। ਉਸ ਦਾ ਮਤਲਬ ਹੋਇਆ, ਇਕ ਬਸ ਸਰਕਾਰ ਨੂੰ ਇਕ ਸਾਲ ਵਿਚ ਇਕ ਲੱਖ ਟੈਕਸ ਦੇ ਦੇਂਦੀ ਹੈ। ਬੱਸ ਦੀ ਬਾਡੀ ਸਮੇਤ ਕੁਲ ਕੀਮਤ ਬਣਦੀ ਹੈ ਦੋ ਲੱਖ, ਬਸ ਦੀ ਉਮਰ 8 ਸਾਲ ਗਿਣੀ ਜਾਂਦੀ ਹੈ।...ਦੋ ਲੱਖ ਦੀ ਚੀਜ਼ 8 ਸਾਲਾਂ ਵਿਚ ਸਰਕਾਰ ਨੂੰ 8 ਲੱਖ ਦਾ ਟੈਕਸ ਦੇ ਦੇਂਦੀ ਹੈ ਜਾਂ ਇਹ ਸਮਝ ਲਵੋ ਕਿ 8 ਲੱਖ ਦੀ ਆਮਦਨ ਦੇ ਦੇਂਦੀ ਹੈ, ਭਾਵ ਇਕ ਬਸ ਆਪਣੀ ਕੀਮਤ ਨਾਲੋਂ ਵੀ ਲਗ ਭਗ ਚਾਰ ਗੁਣਾਂ ਆਮਦਨ ਤਾਂ ਸਰਕਾਰ ਵਾਸਤੇ ਹੀ ਕਰ ਜਾਂਦੀ ਹੈ, ਹੋਰ ਬਸ ਤਾਂ ਕੀ ਭਾਲਦੇ ਨੇ ?

1979-80 ਦਾ ਪੈਪਸੂ ਰੋਡਵੇਜ਼ ਦਾ ਬੱਜਟ ਦਸਦਾ ਹੈ ਕਿ ਏਨੇ ਟੈਕਸ ਦੇਣ ਤੋਂ ਬਾਅਦ, ਫੇਰ ਹੋਰ ਖਰਚੇ ਪਾ ਕੇ ਘਾਟਾ 3 ਫੀ ਸਦੀ ਪੈਂਦਾ ਹੈ—ਉਤਲੀ ਦਲੀਲ ਲੈਂਦਿਆਂ ਪੰਜਾਬ ਰੋਡਵੇਜ਼ ਵਿਚ ਤਾਂ ਇਹ ਵੀ ਨਹੀਂ ਪੈਣਾ ਚਾਹੀਦਾ—ਸੋ 3 ਫੀ ਸਦੀ ਘਾਟਾ ਪੈਪਸੂ ਦਾ ਵੇਖ ਕੇ ਵੀ 43 ਫੀ ਸਦੀ ਵਾਧੇ ਲਈ ਕਿਧਰੇ ਵੀ ਆਧਾਰ ਨਹੀਂ ਬਣਦਾ। ਸਰਕਾਰ 3 ਫੀ ਸਦੀ ਟੈਕਸ ਘਟਾ ਦੇਵੇ ਕੋਈ ਘਾਟਾ ਨਹੀਂ। ਪ੍ਰਾਈਵੇਟ ਬੱਸਾਂ ਦੇ ਟੈਕਸਾਂ ਤੋਂ ਠੀਕ ਵਸੂਲੀ ਵੀ ਇਹ ਘਾਟਾ ਖਤਮ ਕਰ ਸਕਦੀ ਹੈ।

ਪਿਛਲੇ ਕੁਲ ਸਾਲਾਂ ਦੇ ਪੈਪਸੂ ਰੋਡਰੇਜ਼ ਦੇ ਅੰਕੜਿਆਂ ਨੇ ਇਹ ਵੀ ਦਸਿਆ ਹੈ ਕਿ 1979-80 ਵਿਚ ਸਟਾਫ ਦੀਆਂ ਵਧਦੀਆਂ ਤਨਖਾਹਾਂ ਦੇ ਬਾਵਜੂਦ ਬੱਸਾਂ ਚਲਾਉਣ ਦਾ ਖਰਚ ਪਿਛਲੇ ਸਾਲਾਂ ਦੇ ਮੁਕਾਬਲੇ ਸਾਢੇ ਤਿੰਨ ਪੈਸੇ ਪ੍ਰਤੀ ਕਿਲੋਮੀਟਰ ਘਟਿਆ ਹੈ, ਜਿਸ ਦਾ ਕਾਰਣ ਹੈ ਬੱਸਾਂ ਨੇ ਸਫ਼ਰ ਬਹੁਤਾ ਕੀਤਾ (ਅਗੇ ਨਾਲੋਂ ਘੱਟ ਬੱਸਾਂ ਖ਼ਰਾਬ ਹੋਈਆਂ), ਪ੍ਰਤੀ ਲਿਟਰ ਡੀਜ਼ਲ ਸਫ਼ਰ ਬਹੁਤਾ ਕੀਤਾ, ਗਰੀਸ ਅਤੇ ਮੁਬਾਇਲ ਆਏਲ ਵਿਚ 20 ਲੱਖ ਦੀ ਬੱਚਤ ਕੀਤੀ। ਇਹ ਸਭ ਕੁਝ ਸਿੱਧ ਕਰਦਾ ਹੈ ਕਿ ਸਟਾਫ਼ ਵਲੋਂ ਬਸਾਂ ਨੂੰ ਠੀਕ ਚਲਾਉਣ ਦੀ ਕੋਈ ਅਣਗਹਿਲੀ ਨਹੀ। ਜੇਕਰ ਖ਼ਰਚ ਵਧਦਾ ਵੀ ਹੈ ਤਾਂ ਉਹ ਟਾਇਰ-ਟਿਊਬਾਂ, ਸਪੇਅਰ ਪਾਰਟਜ਼ ਵਾਲੀਆਂ ਕੰਪਨੀਆਂ ਕਰਕੇ ਹੈ ਜੋ ਆਪਣੇ ਮੁਨਾਫ਼ੇ ਦਸ ਗੁਣਾ ਕਰੀ ਜਾਂਦੇ ਹਨ। ਸਟਾਫ਼ ਸਗੋਂ ਹਰ ਲਿਹਾਜ਼ ਨਾਲ ਬੱਚਤ ਦੀ ਜ਼ਿਮੇਵਾਰੀ ਨਿਭਾ ਰਿਹਾ ਹੈ। ਇਹ ਬੱਚਤ ਦਾ ਸਗੋਂ ਕਿਰਾਏ ਘਟਣ ਲਈ ਸੰਕੇਤ ਦੇਂਦੀ ਹੈ ਨਾਂ ਕਿ 43 ਫ਼ੀ ਸਦੀ ਵਾਧੇ ਲਈ।

ਆਓ ਕੁਝ ਹੋਰ ਨੁਕਤਿਆਂ ਤੇ ਵੀ ਗ਼ੌਰ ਕਰੀਏ :—

## ਰਿਆਇਤੀ ਪਾਸਾਂ ਦਾ ਅਸਰ—

ਭਾਵੇਂ ਸਰਕਾਰ, ਉਸ ਦੀ ਅਫ਼ਸਰਸ਼ਾਹੀ ਲੋਕਾਂ ਦੇ ਮਨਾਂ ਵਿਚ ਇਹੀ ਗੱਲ ਬਨਾਉਣ ਦੀ ਕੋਸ਼ਸ਼ ਕਰ ਰਹੇ ਹਨ ਕਿ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਪਾਸਾਂ ਕਾਰਨ ਹੀ ਰੋਡਵੇਜ਼ ਘਾਟੇ ਵਿਚ ਜਾ ਰਹੀ ਹੈ ਪਰ ਹਕੀਕਤ ਵਿਚ ਇਨ੍ਹਾਂ ਪਾਸਾਂ ਦਾ ਸਮੁੱਚੀ ਵਿਕਰੀ ਤੇ ਨਾ-ਮਾਤਰ ਅਸਰ ਹੀ ਪੈਂਦਾ ਹੈ। ਪਿਛਲੇ ਸਾਲ ਦੌਰਾਨ ਪੰਜਾਬ ਰੋਡਵੇਜ਼ ਨੇ ਡੇਢ ਕਰੋੜ ਰੁਪਏ ਅਤੇ ਪੈਪਸੂ ਰੋਡਵੇਜ਼ ਨੇ ਸਿਰਫ਼ 0.3 ਕਰੋੜ ਦੀ ਰਿਆਇਤ (ਸਬਸਿਡੀ) ਵਿਦਿਆਰਥੀ ਪਾਸਾਂ ਆਦਿ ਤੇ ਦਿਤੀ। ਪੰਜਾਬ ਰੋਡਵੇਜ਼ ਦੀ ਸਮੁੱਚੀ ਵਿਕਰੀ ਅੰਦਾਜ਼ਨ 50 ਕਰੋੜ ਬਣਦੀ ਹੈ ਅਤੇ ਪੈਪਸੂ ਰੋਡਵੇਜ਼ ਦੀ ਪਿਛਲੇ ਸਾਲ ਦੁਰਾਨ ਸਾਡੇ ਵੀਹ ਕਰੋੜ ਦੀ ਵਿਕਰੀ ਹੋਈ। ਪਾਸਾਂ ਉਪਰ ਦਿਤੀ ਜਾਣ ਵਾਲੀ ਕੁਲ ਰਿਆਇਤ (ਪੌਣੇ ਦੋ ਕਰੋੜ ਰੁਪਏ) ਸਮੁੱਚੀ ਆਮਦਨ (ਸੱਤਰ ਕਰੋੜ) ਦਾ ਮਸਾਂ ਢਾਈ ਫ਼ੀ ਸਦੀ ਹੀ ਬਣਦਾ ਹੈ।

## ਕੰਡਕਟਰਾਂ ਦੀ ਕਰੱਪਸ਼ਨ—

ਦਰਮਿਆਨੇ ਰੂਟਾਂ ਉਪਰ ਇਕ ਸਰਕਾਰੀ ਬੱਸ ਪੰਜ, ਸਾਡੇ ਪੰਜ ਸੌ ਰੁਪਏ ਕਮਾ ਕੇ ਲਿਆਉਂਦੀ ਹੈ ਅਤੇ ਵਧੀਆ ਰੂਟਾਂ ਤੇ ਅੱਠ ਸੌ-ਸਾਡੇ ਅੱਠ ਸੌ। ਪੈਪਸੂ ਰੋਡਵੇਜ਼ ਦੀ ਬੱਸ ਵਧ ਘਾਟੇ ਵਾਲੇ ਅਦਾਰਾ ਹੈ ਇਸ ਦੀ ਔਸਤਨ ਰੁਜ਼ਾਨਾ ਕਮਾਈ ਛੇ ਸੌ ਦੇ ਕਰੀਬ ਹੈ। ਇਕ ਕੰਡਕਟਰ 20-25 ਰੁਜ਼ਾਨਾ ਉਪਰਲੀ ਆਮਦਨ ਬਣਾ ਲੈਂਦਾ ਹੈ (ਪਰ ਹਰ ਕੰਡਕਟਰ ਨਹੀਂ) ਵਧੀਆ ਦਾਅ ਲਗਣ ਤੇ ਕੰਡਕਟਰ ਦੀ ਆਮਦਨ 30-35 ਰੁਪਏ ਵੀ ਹੋ ਜਾਂਦੀ ਹੈ। ਜੇ ਔਸਤਨ ਕੰਡਕਟਰ ਦੀ ਹੇਰਾ ਫੇਰਾ 30 ਰੁਪਏ ਪ੍ਰਤੀ ਬੱਸ ਪ੍ਰਤੀ ਦਿਨ ਵੀ ਲਾ ਲਈਏ ਤਾਂ ਸਮੁੱਚੀ ਆਮਦਨ ਦਾ 4 ਫ਼ੀ ਸਦੀ ਹੀ ਬਣਦਾ ਹੈ। ਅਸੀਂ ਇਸ ਹੇਰਾ ਫੇਰੀ ਨੂੰ ਠੀਕ ਨਹੀਂ ਕਹਿੰਦੇ ਪਰ ਦਸਨਾਂ ਚਾਹੁੰਦੇ ਹਾਂ ਕਿ ਅਸਲੀ ਲੁੱਟ ਕਿਥੇ ਹੈ? ਬਿਰਲੇ ਟਾਟੇ ਜੋ ਛੇਆਂ ਸਾਲਾਂ ਵਿਚ ਚਵੀ ਵਾਰ ਕੀਮਤਾਂ ਚੁੱਕ ਗਏ ਹਨ...... ਡੰਨਲੋਪ-ਮੋਦੀ ਜੋ ਟਾਇਰਾਂ ਦੀਆਂ ਕੀਮਤਾਂ ਸਾਡੇ ਚਾਰ ਸਾਲਾਂ ਵਿਚ ਹੀ 900 ਤੋਂ 1300 ਕਰ ਦਿੰਦੇ ਹਨ...ਸਰਕਾਰ ਜੋ ਪ੍ਰਤੀ ਬੱਸ ਇਕ ਲੱਖ ਰੁਪਈਆ ਬਤੌਰ ਸੇਲ ਟੈਕਸ ਮੁਸਾਫ਼ਰ ਟੈਕਸ, ਰੂਟ ਟੈਕਸ, ਰੋਡ ਟੈਕਸ, ਆਦਿ ਹੀ ਲੈ ਜਾਂਦੀ ਹੈ ਅਤੇ ਬੈਂਕਾਂ ਵਾਲੇ ਪਿਛਲੇ ਦੋ ਸਾਲਾਂ ਵਿਚ ਹੀ 2 ਕਰੋੜ ਬਤੌਰ ਵਿਆਜ ਹੜੱਪ ਚੁਕੇ ਹਨ ਉਹ ਸਭ ਮੁਕਤ ਹੋ ਜਾਂਦੇ ਹਨ...... ਅਤੇ ਰਹਿ ਜਾਂਦੇ ਹਨ ਮੁੱਖ ਕਸੂਰਵਾਰ-ਕੰਡਕਟਰ/ਡਰਾਈਵਰ-ਪਾਸਾਂ ਵਾਲੇ ਵਿਦਿਆਰਥੀ?

ਇਹਨਾਂ ਹਾਲਾਂ ਤੋਂ ਅਸੀਂ ਹੇਠ ਲਿਖੇ ਨਤੀਜਿਆਂ ਤੇ ਪੁੱਜਦੇ ਹਾਂ :—

1. ਕਿਰਾਇਆ ਵਧਾਉਣਾ ਕਿਵੇਂ ਵੀ ਜਾਇਜ਼ ਨਹੀਂ ਸਗੋਂ ਕੁਝ ਮੁੱਢਲੀਆਂ ਖਾਮੀਆਂ ਜਿਵੇਂ ਵਰਕਸ਼ਾਪਾਂ ਦੀ ਸਖ਼ਤ ਘਾਟਾਂ, ਬਾਡੀ ਬਿਲਡਿੰਗ ਵਰਕਸ਼ਾਪ ਦਾ ਨਾਂ ਹੋਣਾ ਆਦਿ ਦੂਰ ਕਰਕੇ ਵਧ ਆਮਦਨ ਪੈਦਾ ਕਰਕੇ ਕਿਰਾਏ ਘਟਾਉਣੇ ਚਾਹੀਦੇ ਹਨ ਜਿਵੇਂ ਕਿ ਤਮਾਮ ਸਮਾਜਵਾਦੀ ਅਤੇ ਹੋਰ ਯੂਰਪੀਅਨ ਦੇਸ਼ਾਂ ਵਿਚ ਹਨ ਜਿਥੇ ਟਰਾਂਸਪੋਰਟ ਲਈ ਸਰਕਾਰ ਖਾਸ ਰਿਆਇਤਾਂ ਦਿੰਦੀ ਹੈ ਤਾਂ ਜੁ ਆਮ ਜੰਤਾ ਅਸਾਨੀ ਨਾਂਲ ਆ ਜਾ ਸਕੇ।

2. ਸਰਕਾਰ ਦੇ ਆਪਣੇ ਫ਼ੈਸਲੇ ਮੁਤਾਬਕ (ਦੇਖੋ ਸਰਕਾਰੀ ਚਿੱਠੀ ਨੰ: 12748-147-69-19-6-69) 1976-89 ਦੇ ਤਿੰਨ ਸਾਲਾਂ ਦੁਰਾਨ ਬਾਕੀ ਦੇ 40 ਫ਼ੀ ਸਦੀ ਰੂਟਾਂ ਦਾ ਵੀ ਕੌਮੀਕਰਨ ਤੋਂ ਜਾਣਾ ਚਾਹੀਦਾ ਸੀ ਪਰ ਜੋ ਨਹੀਂ ਹੋਇਆ। ਖੈਰ, ਜੇ ਪਿਛੇ ਨਹੀਂ ਹੋ ਸਕਿਆ ਤਾਂ ਹੁਣ ਹੀ ਜਲਦ ਪੂਰਣ-ਕੌਮੀਕਰਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੁ ਪ੍ਰਾਈਵੇਟ ਟਰਾਂਸਪੋਰਟਰਾਂ ਦੁਆਰਾ ਕਰੋੜਾਂ ਰੁਪਏ ਦੀ ਟੈਕਸ-ਚੋਰੀ ਤੇ ਰੋਕ ਲਗਾ ਕੇ, ਸੂਬੇ ਦੀ ਆਮਦਨ ਵਧਾਈ ਜਾ ਸਕੇ।

3. ਜਦ ਤਕ ਪੂਰਣ-ਕੌਮੀਕਰਨ ਨਹੀਂ ਹੋ ਜਾਂਦਾ, ਪ੍ਰਾਈਵੇਟ ਬੱਸਾਂ ਵਿਚ ਦਿਤੀਆਂ ਜਾਣ ਵਾਲੀਆਂ ਟਿਕਟਾਂ, ਸਰਕਾਰੀ ਬੱਸਾਂ ਦੀਆਂ ਟਿਕਟਾਂ ਦੇ ਨਾਲ ਹੀ ਛਾਪ ਕੇ, ਯਕਦਮ ਭੇਜੀਆਂ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਉਪਰ ਟੈਕਸ ਵੀ ਉਪਰ ਹੀ ਪੱਕੇ ਤੌਰ ਤੇ ਛਪਿਆ ਹੋਵੇ।

4. ਸਰਕਾਰ ਨੂੰ ਮੁਲਾਜ਼ਮਾਂ ਅਤੇ ਰੋਡਵੇਜ਼ ਦੇ ਖ਼ਿਲਾਫ਼ ਝੂਠਾ ਪ੍ਰਚਾਰ ਕਰਨ ਤੋਂ ਗਰੇਜ਼ ਕਰਨਾ ਚਾਹੀਦਾ ਹੈ। ਇਹ ਕਹਿਣਾ ਕਿ ਹਿਮਾਚਲ ਪ੍ਰਦੇਸ਼ ਨਾਲੋਂ ਸਾਡੇ 8 ਫ਼ੀ ਸਦੀ ਕਿਰਾਇਆ ਘਟ ਹੈ ਕਿਵੇਂ ਵੀ ਜਾਇਜ਼ ਨਹੀਂ। ਹਿਮਾਚਲ ਪ੍ਰਦੇਸ਼ ਵਿਚ ਉਤਰਾਈ-ਚੜ੍ਹਾਈ, ਚੜ੍ਹਾਈ ਹੀ ਸਾਰੇ ਰਸਤੇ ਆਉਂਦੀ ਰਹਿੰਦੀ ਹੈ। ਉਥੇ ਤੇਲ ਦੀ ਖਪਤ ਵੀ ਵੱਧ ਹੁੰਦੀ ਹੈ। ਇਸ ਤੋਂ ਇਲਾਵਾ ਬਸ ਪੰਜਾਬ ਦੇ ਮੈਦਾਨਾਂ ਵਾਂਗੂੰ 60 ਮੀਲ ਦੀ ਸਪੀਡ ਨਾਲ ਦੌੜ ਵੀ ਨਹੀਂ ਸਕਦੀ। ਪਹਾੜੀ ਇਲਾਕਿਆਂ ਵਿਚ ਗਾਹਕੀ ਵੀ ਘਟ ਹੁੰਦੀ ਹੈ ਅਤੇ ਉਥੇ ਕਦੇ ਵੀ ਤੁਸੀਂ ਯਾਤਰੂਆਂ ਨੂੰ ਬੱਸਾਂ ਵਿਚ ਖੜੇ ਜਾਂਦੇ ਨਹੀਂ ਤਕਿਆ ਹੋਵੇਗਾ। ਸੜਕਾਂ ਵੀ ਕਦੇ ਪੱਧਰੀਆਂ ਨਹੀਂ ਨਹੀਂ ਹੁੰਦੀਆਂ। ਇਸ ਬਦੌਲਤ ਟਾਇਰ ਦੀ ਘਸਾਈ

ਬਹੁਤ ਜ਼ਿਆਦਾ ਹੈ ।

ਪਹਾੜੀ ਇਲਾਕਿਆਂ ਵਿਚ ਮਹਿੰਗਾਈ ਵੀ ਬਹੁਤ ਹੁੰਦੀ ਹੈ (ਇਸ ਲਈ ਮੁਲਾਜ਼ਮਾ ਦੀਆਂ ਤਨਖਾਹਾਂ ਵੀ ਮੈਦਾਨੀ ਇਲਾਕਿਆਂ ਤੋਂ ਮੁਕਾਬਲਨ ਸਵਾਈਆਂ ਹੁੰਦੀਆਂ ਹਨ । ਸਾਡੇ ਕਈ ਕਈ ਮੁੱਖ ਸੜਕਾਂ ਤਾਂ ਹਿੰਦੁਸਤਾਨ ਵਿਚੋਂ ਸਭ ਤੋਂ ਬੇਹਤਰ ਸੜਕਾਂ ਵਿਚੋਂ ਹਨ ਜਿਵੇਂ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਚੰਡੀਗੜ੍ਹ ਆਦਿ । ਫਿਰ ਸਭ ਤੋਂ ਵਧ ਗਾਹਕੀ ਵੀ ਪੰਜਾਬ ਦੀ ਬੱਸਾਂ ਵਿਚ ਹੁੰਦੀ ਹੈ । ਤੇਲ ਅਤੇ ਘਸਾਈ ਦਾ ਖਰਚਾ ਵੀ ਘਟ ਹੁੰਦਾ ਹੈ । ਪਰੰਤੂ ਇਸ ਕਾਜੇ ਦਾ ਬਾਵਜੂਦ ਸਾਡਾ ਕਰਾਇਆ ਹਿਮਾਚਲ ਨਾਲੋਂ ਸਿਰਫ 8 ਫੀ ਸਦੀ ਹੀ ਘਟ ਹੈ. ਰਾਜਸਥਾਨ ਨਾਲੋਂ ਦੋ ਪਰਸੈਂਟ ਤੋਂ ਵੀ ਘਟ ਹੈ ਰਾਜਸਥਾਨ ਵਿਚ ਵੀ ਤੰਗ ਸੜਕਾਂ ਹਨ ਜਿਥੇ ਹਨ੍ਹੇਰੀਆਂ ਦੁਆਰਾ ਵਛਾਈ ਰੇਤਾਂ ਦਾ ਅਸਰ, ਹਿਮਾਚਲ ਪ੍ਰਦੇਸ਼ ਦੀਆਂ ਸੜਕਾਂ ਤੇ ਪੈਣ ਵਾਲੀ ਬਰਫ ਨਾਲੋਂ ਵੀ ਵਧ ਭੈੜਾ ਹੁੰਦਾ ਹੈ, ਪਛੜਾ ਇਲਾਕਾ ਹੋਣ ਕਰਕੇ ਗਾਹਕੀ ਵੀ ਕਿਤੇ ਘਟ ਹੁੰਦੀ ਹੈ ।

ਅਤੇ ਜੇ ਹਰਿਆਣੇ ਨਾਲੋਂ 14 ਫੀ ਸਦੀ ਘੱਟ ਵੀ ਹੈ ਤਾਂ ਕੋਈ ਖਾਸ ਮਾਰਕੇ ਵਾਲੀ ਗਲ ਨਹੀਂ । ਹਰਿਆਣੇ ਦੀਆਂ ਮੁੱਖ-ਰੂਟਾਂ ਤੇ ਚਲਣ ਵਾਲੀਆਂ ਬੱਸਾਂ ਵੀ ਹਿੰਦੁਸਤਾਨ ਭਰ ਵਿਚੋਂ ਸਭ ਤੋਂ ਬੇਹਤਰ ਹਨ ਜਦੋਂ ਕਿ ਅੰਮ੍ਰਿਤਸਰ, ਪਠਾਨਕੋਟ, ਜਲੰਧਰ, ਲੁਧਿਆਣਾ, ਪਟਿਆਲਾ, ਚੰਡੀਗੜ੍ਹ ਦੇ ਮੁਕਾਬਲੇ, ਇਕ ਜੀ. ਟੀ. ਰੋਡ (ਅੰਬਾਲਾ-ਦਿੱਲੀ ਨੂੰ ਛਡ ਕੇ) ਦੂਸਰੀ ਇਕ ਵੀ ਸੜਕ ਸਾਰੇ ਹਰਿਆਣੇ ਵਿਚ ਨਹੀਂ ਮਿਲੇਗੀ । ਫਿਰ ਹਰਿਆਣੇ ਦਾ ਬੱਸ-ਅਦਾਰਾ ਵੀ ਪੰਜਾਬ ਦੇ ਮੁਕਾਬਲੇ ਬਿਲਕੁਲ ਨਵਾਂ ਹੈ ਅਤੇ ਜਿਥੇ ਵੀ ਨਵੀਆਂ, ਵਰਕਸ਼ਾਪਾਂ ਵਗੈਰਾ ਬਨਣਗੀਆਂ ਖਰਚਾ ਵਧ ਹੀ ਹੋਵੇਗਾ । ਉਂਜ ਵੀ ਛਟੇ ਅਦਾਰਿਆਂ ਵਿਚ ਖਰਚਾ ਵਧ ਹੁੰਦਾ ਹੈ । ਪਰ ਸਰਕਾਰ ਵਦੇ ਇਹ ਤਾਂ ਦਸਦੀ ਹੀ ਨਹੀਂ ਕਿ ਹਿਮਾਚਲੀ ਦੇ ਮੁਕਾਬਲੇ ਇਕ ਪੰਜਾਬੀ ਦੁਗਣੇ ਤੋਂ ਵੀ ਵਧ ਟੈਕਸ ਦਿੰਦਾ ਹੈ (82/175)........ਇਕ ਰਾਜਸਥਾਨੀ ਨਾਲੋਂ ਡਿਉਢਾ 116/175 ਅਤੇ ਇਕ ਹਰਿਆਣਵੀ ਨਾਲੋਂ 15 ਫੀਸਦੀ ਵਧ ਟੈਕਸ ਦਿੰਦਾ ਹੈ (152/175) ! ਤਸਵੀਰ ਦਾ ਇਕੋ ਪਾਸਾ ਹੀ ਵਖਾਈ ਜਾਣਾ ਕਿਵੇਂ ਵੀ ਦਰੁਅਸਤ ਨਹੀਂ । ਘਾਟੇ-ਘਾਟੇ ਦਾ ਘਾਟ-ਰਾਗ ਹੀ ਅਲਾਪੀ ਜਾਣਾ ਕਿਵੇਂ ਵੀ ਸ਼ੋਭਾ ਨਹੀਂ ਦਿੰਦਾ-ਸਚਾਈ ਤਾਂ ਇਹ ਹੈ ਕਿ ਰੋਡਵੇਜ਼ ਨਾਂ ਕਦੇ ਘਾਟੇ ਵਿਚ ਸੀ, ਨਾਂ ਹੈ ਅਤੇ ਨਾਂ ਹੀ ਹੋਵੇਗੀ ।

0

( ਸਫ਼ਾ 4 ਦਾ ਬਾਕੀ )

ਨਾਲ ਕਿਉਂ ਬਦਲ ਦਿਤਾ ? ਕੋਈ ਇਸ ਦੀ ਵਿਆਖਿਆ ਨਹੀਂ ਕਰ ਸਕਦਾ ਕਿ ਜਾਗੀਰੂ ਕਿਰਸਾਨ ਮਲਕੀਅਤ (peasant proprietorship) ਤੋਂ ਜਿਵੇਂ ਕਿ ਰੀਫਾਰਮ ਤੋਂ ਪਹਿਲਾ ਸੀ, ਤੋਂ ਇਕ ਅਜੇਹੀ ਹਾਲਾਤ ਜਿਥੇ ਕਿਰਸਾਨ ਨੂੰ ਆਪਣੇ ਗੁਜ਼ਾਰੇ ਲਈ ਮਾਲਕ ਦੀ ਜ਼ਮੀਨ ਤੇ ਕੰਮ ਕਰਨਾ ਸੀ, ਵਿਚ ਤਬਦੀਲੀ ਕਿਵੇਂ ਵਾਪਰੀ ? ਸ਼ਾਇਦ ਲੈਨਿਨ ਦੇ ਇਸ ਕਥਨ ਨੂੰ ਸਮਝਣ 'ਚ ਔਕੜ ਆਵੇ :''ਸਰਮਾਏਦਾਰੀ ਆਰਥਿਕਤਾ ਇਕਦਮ ਹੀ ਨਹੀਂ ਉਭਰ ਸਕਦੀ ਅਤੇ ਬੇਗਾਰ ਆਰਥਿਕਤਾ ਇਕਦਮ ਹੀ ਲੋਪ ਨਹੀਂ ਹੋ ਸਕਦੀ । ਇਕੋ ਇਕ ਸੰਭਵ ਪ੍ਰਬੰਧ ਤਬਦੀਲੀ ਦਾ ਹੈ । ਇਸ ਪ੍ਰਬੰਧ ਵਿਚ ਬੇਗਾਰੀ ਅਤੇ ਸਰਮਾਏਦਾਰੀ ਪ੍ਰਬੰਧ, ਦੋਨਾਂ ਦੇ ਰਲਵੇਂ ਲੱਛਣ ਹਨ । (ਲੈਨਿਨ, ਸੰਕਲਿਤ ਰਚਨਾ, ਸੈਂਚੀ 3, ਸਫ਼ਾ 203) ।

ਇਹਨਾਂ ਕਾਰਨਾਂ ਕਰਕੇ ਸਾਡਾ ਵਿਸ਼ਵਾਸ ਹੈ ਕਿ ਬਟਾਈ ਪ੍ਰਬੰਧ ਲੈਨਿਨ ਵਲੋਂ ਇਕ ਪ੍ਰਮੁਖ ਜਾਗੀਰੂ ਸੰਸਥਾ ਦੇ ਰੂਪ 'ਚ ਨਹੀਂ ਵੇਖਿਆ ਗਿਆ, ਸਗੋਂ ਤਬਦੀਲੀ ਦੇ ਕਾਲ ਦੇ ਰੂਪ ਵਿਚ ਜੋ ਸਰਮਾਏਦਾਰਾਂ ਦੀ ਪ੍ਰਵਿਰਤੀ ਦੁਆਰਾ ਲਿਆਂਦਾ ਗਿਆ ਸੀ । ਕਿਉਂਕਿ ਸਰਮਾਏਦਾਰੀ ਹਾਲੀ ਬਹੁਤੀ ਤਾਕਤਵਰ ਨਹੀਂ ਸੀ, ਇਸ ਲਈ ਇਹ ਅਸਰ ਪਾਉਣ ਲਈ ਤਬਦੀਲੀ ਦੇ ਪ੍ਰਬੰਧ ਦੁਆਰਾ ਕੰਮ ਕਰਦੀ ਸੀ । ਇਸੇ ਤਰ੍ਹਾਂ ਲੈਨਿਨ ਕਿਰਤ-ਸੇਵਾ ਦੇ ਅਤੇ ਸਰਮਾਏਦਾਰੀ ਪ੍ਰਬੰਧ ਇਸ ਮੇਲ ਵਿਚ ਅਤੇ ਸ਼ਹਿਰੀ ਸਰਮਾਏਦਾਰੀ ਦੇ ਮੁਢਲੇ ਅਰਥਾਤ ਉਦਯੋਗੀ-ਕਰਣ ਤੋਂ ਪਹਿਲਾਂ ਦੇ ਪੜਾਵਾਂ 'ਚ ਸਮਾਨਤਾ ਦਖਾਈ । ਇਹ ਸਮਝ ਮਾਰਕਸ ਦੀ ਬਟਾਈ ਸੰਬੰਧੀ ਚਰਚਾ ਨਾਲ ਮੇਲ ਖਾਂਦੀ ਹੈ । ਮਾਰਕਸ ਅਨੁਸਾਰ : "ਕਿਰਾਏ ਦੇ ਮੌਲਿਕ ਰੂਪ ਤੋਂ ਸਰਮਾਏਦਾਰੀ ਕਿਰਾਏ ਵਿਚ ਤਬਦੀਲੀ ਦੇ ਰੂਪ ਵਿਚ, ਅਸੀਂ ਮੇਟਾਅਰ ਪ੍ਰਬੰਧ (metayer system) ਜਾਂ ਬਟਾਈ ਬਾਰੇ ਵਿਚਾਰ ਕਰ ਸਕਦੇ ਹਾਂ । ਅਤੇ ਇਹ ਤੱਥ ਕਿ ਇੰਗਲੈਂਡ ਵਿਚ ਇਸ ਦਾ ਬਿਨਾਂ ਕਿਸੇ ਉਥਲ-ਪੁਥਲ ਤੋਂ ਉਭਰਨਾ ਤੇ ਲੋਪ ਹੋ ਜਾਣਾ ਇਸ ਤੱਥ ਦੀ ਗਵਾਹੀ ਦੇਂਦਾ ਹੈ ਕਿ ਇਹ ਇਕ ਤਬਦੀਲੀ ਵਾਲੀ ਸੰਸਥਾ ਹੈ ਜਿਸ ਦੇ ਰਾਹੀਂ ਸਰਮਾਏਦਾਰ ਜ਼ਰਾਇਤ ਵਿਚ ਆਪਣੇ ਮੁਢਲੇ ਪੜਾਵਾਂ 'ਚ ਕੰਮ ਕਰਦੀ ਹੈ ।

ਇਸੇ ਸੰਸਥਾ ਕਰਕੇ ਹੀ ਬਟਾਈ ਜਾਂ ਕਿਰਤ ਜਾਂ ਕਿਰਤ-ਸੇਵਾ ਨੂੰ ਲੈਨਿਨ ਨੇ ਬਦਲਵਾਂ ਜਾਂ ਉਤਰ-ਜਗੀਰੂ ਸਮਝਿਆ ਹੈ । ਉਸ ਦਾ ਵਿਚਾਰ ਹੈ ਕਿ "ਅਜੋਕੀ ਜ਼ਮੀਨ-ਮਾਲਕ ਕਾਸ਼ਤਕਾਰੀ ਦੀ ਆਰਥਿਕ

ਜਥੇਬੰਦੀ ਬੜੇ ਕਿਸਮਦੇ ਮੇਲ ਵਿਚ ਦੋ ਮੁਖ ਪ੍ਰਬੰਧਾਂ ਕਿਰਤ ਸੇਵਾ ਪ੍ਰਬੰਧ ਅਤੇ ਸਰਮਾਏਦਾਰੀ ਪ੍ਰਬੰਧ ਦੇ ਮੁੱਖ ਪ੍ਰਬੰਧਾਂ ਦੇ ਬਰਾਬਰ ਹੈ।" ਜਿਹਨਾਂ ਦਾ ਮੇਲ "ਹਰ ਤਬਦੀਲੀ ਵਾਲੇ ਕਾਲ ਦਾ ਲੱਛਣ ਹੈ। ਪਰ ਅਹਿਮ ਨੁੱਕਤਾ ਇਹ ਹੈ ਕਿ ਅਜਿਹੀਆਂ ਸੰਸਥਾਵਾਂ ਦੀ ਹੋਂਦ ਸੰਕੇਤ ਕਰਦੀ ਹੈ ਕਿ ਜਗੀਰੂ ਢਾਂਚੇ ਦੀ ਸੁਭਾਵਕ ਤੇਜ਼ੀ ਤਬਾਹ ਹੋ ਗਈ ਹੈ।ਬੇਗਾਰ ਪ੍ਰਬੰਧ ਜਗੀਰੂ ਢਾਂਚੇ ਤੋਂ ਅਵਿੱਖ ਹੁੰਦਾ ਤੇ ਇਸ ਦੇ ਕਈ ਪੱਖਾਂ ਨੂੰ ਕਿਰਤ ਸੇਵਾ ਵਾਂਗ ਮੁੜ ਨਵਾਂ ਰੂਪ ਸਰਮਾਏਦਾਰੀ ਦੇ ਹਿਤ ਵਿਚ ਦੇਂਦਾ ਹੈ।। ਇਸ ਵਿੱਚ ਮੁੱਢਲੇ ਹਾਲਾਤ ਵਜੋਂ ਕਿਰਸਾਨ ਨੂੰ ਉਸਦੇ ਉਤਪਾਦਨ ਦੇ ਸਾਧਨਾਂ ਤੋਂ ਵੱਖ ਕਰ ਦਿਤਾ ਜਾਂਦਾ ਹੈ। ਇਸੇ ਕਰਕੇ "ਕਈ ਵੇਰ ਕਿਰਤ ਸੇਵਾ ਪ੍ਰਬੰਧ ਸਰਮਾਏਦਾਰੀ ਪ੍ਰਬੰਧ ਵਿਚ ਇਸ ਹੱਦ ਤਕ ਬਦਲ ਜਾਂਦਾ ਹੈ ਕਿ ਇਹ ਲਗਭਗ ਅਸੰਭਵ ਹੋ ਜਾਂਦਾ ਹੈ ਕਿ ਇਕ ਨੂੰ ਦੂਜੇ ਤੋਂ ਨਿਖੇੜਿਆ ਜਾ ਸਕੇ।" (ਉਹੀ, ਸਫਾ 197)

ਕਈ ਵਿਦਵਾਨਾਂ ਨੇ ਇਸ ਸਬੰਧ ਵਿਚ ਲੈਨਿਨ ਨੂੰ ਕੋਟ ਕੀਤਾ ਹੈ: ਇਹ ਕਹਿਣਾ ਅਸੰਭਵ ਹੋ ਗਿਆ ਹੈ ਕਿ ਕਿਥੇ ਕਿਰਤ ਸੇਵਾ ਮੁਕਦੀ ਹੈ ਅਤੇ ਕਿਥੋਂ ਸਰਮਾਏਦਾਰੀ ਸ਼ੁਰੂ ਹੁੰਦੀ ਹੈ।" (ਉਹੀ) ਇਸ ਵਾਕ ਨੂੰ ਕੋਟ ਕਰਕੇ, ਉਹ ਵਿਸ਼ਵਾਸ ਕਰਦੇ ਹਨ ਕਿ ਕਿਰਤ ਸੇਵਾ ਤੋਂ ਲੈਨਿਨ ਜਾਗੀਰਦਾਰੀ ਦੀ ਗੱਲ ਕਰਦੇ ਹਨ ਅਤੇ ਉਹ ਇਸ ਤੱਥ ਨੂੰ ਅੱਖੋਂ ਪਰੋਖੇ ਕਰ ਜਾਂਦੇ ਹਨ ਕਿ ਜਦੋਂ ਲੈਨਿਨ ਤਬਦੀਲੀ ਦੇ ਪੜਾਅ ਦੀ ਗਲ ਕਰਦੇ ਹਨ ਤਾਂ ਬੜੀ ਸਾਵਧਾਨੀ ਨਾਲ 'ਬੇਗਾਰ' ਪ੍ਰਬੰਧ ਦੇ ਸ਼ਬਦਾਂ ਵਿਚ ਗੱਲ ਕਰਨੋਂ ਕਤਰਾਉਂਦੇ ਹਨ। ਅਜਿਹੇ ਵੇਲੇ ਉਹ 'ਕਿਰਤ ਸੇਵਾ' ਸਬਦ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ, ਕਿਉਂਕਿ ਕਿਰਤ ਸੇਵਾ ਪ੍ਰਬੰਧ ਨੂੰ ਇਸਦੇ ਲਾਜ਼ਮੀ ਪੱਖਾਂ ਵਿਚ ਜਾਗੀਰਦਾਰੀ ਤੋਂ ਵੱਖ ਕਰ ਦਿਤਾ ਹੈ, ਇਸ ਲਈ ਸੰਭਵ ਹੋ ਗਿਆ ਕਿ ਉਹ ਸਰਮਾਏਦਾਰੀ ਪ੍ਰਬੰਧ ਵਿਚ ਸ਼ਾਮਿਲ ਹੋ ਜਾਵੇ। ਜੇ ਇੰਝ ਨਾ ਹੁੰਦਾ ਤਾਂ ਇਕ ਦੂਜੇ ਵਿਚ ਸ਼ਾਮਿਲ ਹੋਣ ਵਾਲੇ ਉਤਪਾਦਨ ਦੇ ਦੋ ਵਿਰੋਧੀ ਢੰਗਾਂ ਦਾ ਸੁਆਲ ਨਾ ਉੱਠਦਾ।

ਉਪਰਲੀ ਚਰਚਾ ਤੋਂ ਇਹ ਪਤਾ ਚਲਦਾ ਹੈ ਕਿ ਖ਼ਾਸ ਤੌਰ ਤੇ ਸਰਮਾਏਦਾਰੀ ਬਾਰੇ ਸਾਡੀ ਸਮਝ ਦੇ ਪ੍ਰਸੰਗ ਵਿਚ ਭਾਵੇਂ ਭਾਰਤ ਵਿੱਚਲੀ ਬੱਟਾਈ ਦੀਆਂ ਉਦਾਹਰਣਾਂ ਵਿਚ ਸਰਮਾਏ ਹੇਠ ਕਿਰਤ ਦੀ ਅਸਲੀ ਸਮੂਲੀਅਤ ਨਹੀਂ ਵਾਪਰੀ, ਪਰ ਸਰਮਾਏ ਅਧੀਨ ਕਿਰਤ ਦੀ ਰਸਮੀ ਸਮੂਲੀਅਤ ਹੋਈ ਹੈ। ਪਰੰਪਰਾਗਤ ਰੂਪ ਵਿਚ ਬਟਾਈ 'ਚ ਸਰਮਾਏ ਦੇ ਲਾਉਣ ਦਾ ਸ਼ਾਇਦ ਹੀ ਕੋਈ ਉਦਾਹਰਣ ਮਿਲੇ, ਪਰ ਲਾਜ਼ਮੀ ਤੌਰ ਤੇ ਇਹ ਪ੍ਰਬੰਧ ਨੇ ਜਗੀਰੂ ਵਾਧੂ ਲੁਟ ਦੇ ਆਧਾਰ ਨੂੰ ਖਤਮ ਕੀਤਾ, ਉਸਨੇ ਦਸਤਕਾਰੀ ਤੇ ਉਦਯੋਗ ਵਿਚਲੀ ਏਕਤਾ ਤਬਾਹ ਕਰ ਦਤੀ, ਅਤੇ ਕਿਰਸਾਣ ਨੂੰ ਮਜਬੂਰ ਕੀਤਾ ਕਿ ਉਹ ਪਰਾਈ ਜ਼ਮੀਨੀ-ਜਾਇਦਾਦ ਤੇ ਰੋਜ਼ੀ ਲਈ ਕੰਮ ਕਰਨ। ਪਰ ਜੇ ਇਹ ਗੱਲ ਹੈ ਤਾਂ ਸਵਾਲ ਉੱਠਦਾ ਹੈ ਕਿ ਬਟਾਈ ਦੀ ਸੰਸਥਾ ਭਾਰਤ ਵਿਚ ਐਨਾ ਚਿਰ ਕਿਉਂ ਪ੍ਰਚਲਤ ਰਹੀ?

ਪਹਿਲਾਂ ਇਹ ਦਸਿਆਂ ਜਾਵੇਗਾ ਕਿ ਪੱਛਮੀ ਦੇਸ਼ਾਂ ਤੋਂ ਭਿੰਨ ਭਾਰਤ ਵਿਚ ਪ੍ਰਾਈਵੇਟ ਜ਼ਮੀਨੀ-ਮਾਲਕੀ ਸਮਾਜ ਦੀ ਗਠਨ-ਵਿਵਸਥਾ (organic order) ਦੇ ਸਮਾਪਤ ਹੋਣ ਨਾਲ ਉੱਭਰੀ, ਜਦ ਕਿ ਪੱਛਮੀ ਦੇਸ਼ਾਂ ਵਿਚ ਇਸ ਨੂੰ "ਸਰਮਾਏਦਾਰੀ ਉਤਪਾਦਨ ਦੀ ਤਰੱਕੀ ਨੇ ਲਿਆਂਦਾ" (ਮਾਰਕਸ, ਸਰਮਾਇਆ ।II ਸਫਾ 616) ਸਰਮਾਏਦਾਰੀ ਪ੍ਰਵਿਰਤੀਆਂ ਭਾਵੇਂ 19ਵੀਂ ਸਦੀ ਦੇ ਅਰੰਭ ਵਿਚ ਭਾਰਤ ਵਿਚ ਹੋਣ, ਜਦੋਂ ਬਟਾਈ ਪ੍ਰਚਲਤ ਸੀ ਜਾਂ ਉੱਤਰ-ਰੀਫਾਰਮ ਰੂਸ ਵਿਚ, ਪੂਰੇ ਸਰਮਾਏ-ਦਾਰੀ ਇਨਕਲਾਬ ਨਾਲ ਨਹੀਂ ਉੱਭਰੀਆਂ, ਸਗੋਂ ਉਨ੍ਹਾਂ ਨੂੰ ਉਪਰੋਂ ਲਾਗੂ ਕੀਤਾ ਗਿਆ। ਜਦ ਕਿ ਭਾਰਤ ਵਿਚ ਉਹਨਾਂ ਨੂੰ ਬ੍ਰਤਾਨਵੀ ਹਾਕਮਾਂ ਨੇ ਆਪਣੇ ਦੇਸ਼ ਵਿਚ ਸਰਮਾਏਦਾਰੀ ਇਨਕਲਾਬ ਨੂੰ ਅਗਾਂਹ ਵਧਾਉਣ ਲਈ ਲਾਗੂ ਕੀਤਾ। ਰੂਸ ਵਿਚ ਇਹ ਕੰਮ ਜ਼ਾਰਵਾਦੀਆਂ ਦੇ ਫੈਸਲਿਆਂ ਨੇ ਕੀਤਾ ਜੋ ਰੂਸ ਨੂੰ ਪੱਛਮੀ ਗੁਆਢੀ ਦੇਸ਼ਾਂ ਨਾਲ ਰਲਾਉਣਾ ਚਾਹੁੰਦੇ ਸਨ ਅਤੇ ਸਾਮਰਾਜਵਾਦੀ ਲੁੱਟ ਵਿਚ ਸ਼ਾਮਿਲ ਹੋਣਾ ਚਾਹੁੰਦੇ ਸਨ। ਇਹ ਗੱਲ ਉੱਕਾ ਹੀ ਨਹੀਂ ਸੋਚੀ ਜਾ ਸਕਦੀ ਕਿ ਸਰਮਾਏਦਾਰੀ ਉਦਯੋਗਾਂ ਦੀਆਂ ਲੋੜਾਂ ਨੂੰ ਜਰਣ ਲਈ ਜ਼ਮੀਨ 'ਚ ਕਿਰਸਾਣ ਜ਼ਮੀਨੀ-ਮਾਲਕੀ ਨੂੰ ਵਾਧੂ-ਆਰਥਿਕ ਦਮਨ ਨਾਲ ਹੀ ਚਲਨਾ ਚਾਹੀਦਾ ਹੈ। ਇਹ ਵਿਰੋਧੀ ਹਾਲਤ ਹੋਵੇਗੀ ਅਤੇ ਕਿਸੇ ਚੰਗੇ ਤਰੀਕੇ ਨਾਲ ਸਾਕਾਰ ਨਹੀਂ ਕੀਤੀ ਜਾ ਸਕਦਾ।

ਅਸੀਂ ਕਉਤਸਕੀ ਉਤੇ ਯਕੀਨ ਕਰਦੇ ਹਾਂ ਕਿ "ਉਦਯੋਗ ਪ੍ਰੇਰਕ ਸ਼ਕਤੀ ਬਣਦਾ ਹੈ, ਨਾ ਸਿਰਫ ਆਪਣੇ ਨਿਜੀ ਵਿਕਾਸ ਲਈ ਸਗੋਂ ਜ਼ਰਾਇਤ ਦੀ ਤਰੱਕੀ ਲਈ ਵੀ।" ਇਸ ਲਈ ਇਕ ਆਮ ਘਟਨਾ ਦੇ ਰੂਪ ਵਿਚ ਸਰਮਾਏਦਾਰੀ ਦੇ ਉਤਰਨ ਲਈ ਸਰਮਾਏਦਾਰੀ ਉਦਯੋਗਾਂ ਨੂੰ ਵਧਣ-ਫੁਲਣ ਤੇ ਤਰੱਕੀ ਕਰਨੀ ਲੋੜੀਂਦੀ ਹੈ। ਇੰਜ ਹੋਣ ਲਈ ਕਿਰਸਾਣ ਦਾ ਗਰੀਬ ਹੋਣਾ ਤੇ ਉਸ ਦਾ ਜ਼ਮੀਨ ਤੋਂ ਬੇਗਾਨੇ ਹੋ ਜਾਣਾ, ਉਦਯੋਗਿਕ ਬੇਕਾਰਾਂ ਦੀ ਫੌਜ ਦਾ ਵਧਣਾ, ਅਤੇ ਨਾਲ ਹੀ ਅਰੰਭਕ-ਜਮ੍ਹਾਂ ਲਈ ਧੱਕੇ ਸ਼ਾਹੀ ਲੁੱਟ ਦਾ ਹੋਣਾ ਜ਼ਰੂਰੀ ਹੈ। ਨਾਲ ਹੀ ਨਾ ਕੇਵਲ ਕਿਰਸਾਣਾਂ ਦੀ ਜ਼ਮੀਨ ਖੋਹ ਲਈ ਜਾਵੇ ਅਤੇ ਉਹਨਾਂ ਨੂੰ ਵਖਰਾ ਕਰ ਦਿਤਾ ਜਾਵੇ, ਸਗੋਂ ਵਖ ਕੀਤੀਆਂ ਜ਼ਮੀਨਾਂ – ਚਰਦਾਂ, ਘਾਹ ਦੇ ਮੈਦਾਨ ਅਤੇ ਜੰਗਲ – ਤੇ ਵੀ ਜ਼ਮੀਨ ਮਾਲਕਾਂ ਅਤੇ ਸ਼ਹਿਰੀ

ਸ਼ਾਹੂਕਾਰਾਂ ਵਲੋਂ ਇਜਾਰੇਦਾਰੀ ਕਰ ਲਈ ਜਾਵੇ ਤਾਂ ਕਿ ਉਦਯੋਗ ਨੂੰ ਲੋੜੀਦਾ ਬਾਲਣ ਤੇ ਕੱਚਾ ਮਾਲ ਮੁਹੱਈਆ ਕੀਤਾ ਜਾ ਸਕੇ ਇਸ ਬਾਰੇ ਪੱਛਮੀ ਯੂਰਪ ਵਿਚ ਕਉਤਸਕੀ ਨੇ ਹੀ ਉਲੇਖ ਨਹੀਂ ਕੀਤਾ, ਸਗੋਂ ਰੂਸ ਵਿਚ ਵੀ ਘਟਦਿਆਂ ਵੇਖਿਆ ਗਿਆ ਹੈ। (ਲੈਨਿਨ, ਜਿਹੀ ਸੈਂਚੀ 3, ਸਫ਼ਾ 194) ਅਤੇ ਨਾਲ ਹੀ ਭਾਰਤ ਵਿਚ ਵੀ। ਜਿਵੇਂ ਮਾਰਕਸ ਨੇ ਕਿਹਾ ਹੈ: "ਇਕ ਚੀਜ਼ ਨੂੰ ਵੇਚਣ ਲਈ ਇਜਾਰੇਦਾਰੀ ਕਰਨ ਤੇ ਇਸ ਨੂੰ ਬੇਗਾਨੀ ਕਰਨ ਦੀ ਇਸ ਦੀ ਸਮਰੱਥਾ ਤੋਂ ਵਧ ਹੋਰ ਕਿਸੇ ਦੀ ਵੀ ਲੋੜ ਨਹੀਂ (ਮਾਰਕਸ, ਸਰਮਾਇਆ, ਸੈਂਚੀ 1, ਸਫ਼ਾ 633)। ਇਸ ਤਰ੍ਹਾਂ ਜ਼ਮੀਨ ਨੂੰ ਜਿਣਸ ਬਣਾ ਕੇ, ਸਰਮਾਇਆ ਇਸ ਦੀ ਅੜਚਨ ਨੂੰ ਪਾਸੇ ਕਰਕੇ ਆਪਣੇ ਆਪ ਨੂੰ ਅਗਾਂਹ ਵਧਾਉਂਦਾ ਹੈ।

ਕਿਰਸਾਣ ਨੂੰ ਗਰੀਬ ਬਣਾਉਣ ਅਤੇ ਉਸ ਦੀ ਠੱਗੀ ਨ ਕੇਵਲ ਉਸ ਨੂੰ ਜ਼ਮੀਨ ਤੋਂ ਵਖ ਕਰਕੇ ਕੀਤੀ ਜਾਂਦੀ ਹੈ, ਸਗੋਂ ਸਰਮਾਏ ਦੇ ਦਕਿਆਨੂਸੀ ਰੂਪਾਂ ਦੀ ਵਰਤੋਂ ਦੁਆਰਾ ਜਿਵੇਂ ਕਿ ਸੂਦਖੋਰ ਸਰਮਾਇਆ। ਬ੍ਰਤਾਨਵੀ ਰਾਜ ਤੋਂ ਪਹਿਲੇ ਸਮੇਂ ਤੋਂ ਉਲਟ ਸ਼ਾਹੂਕਾਰੀ ਦਾ ਕਿਸਾਨਾਂ ਨੂੰ ਗਰੀਬ ਬਣਾਉਣ ਅਤੇ ਉਹਨਾਂ ਨੂੰ ਹੱਥੋਂ ਜ਼ਮੀਨ ਗਵਾਣ ਵਿਚ ਮਹਤਵਪੂਰਨ ਅਸਰ ਸੀ। ਜ਼ਮੀਨ ਤੋਂ ਵਖ ਹੋਣ ਦੀ ਇਹ ਪ੍ਰਕ੍ਰਿਆ ਸਾਰੇ ਬ੍ਰਤਾਨਵੀਂ ਰਾਜ ਸਮੇਂ ਚਲਦੀ ਰਹੀ।

ਪਰ ਸਰਮਾਏਦਾਰੀ ਉਸੇ ਹੈਸੀਅਤ ਵਿਚ ਪੇਂਡੂ ਇਲਾਕਿਆਂ ਵਿਚ ਦਾਖਲ ਨਾ ਹੋਈ, ਇਸ ਅਰਥ ਵਿਚ ਕਿ ਸਰਮਾਏ ਹੇਠ ਕਿਰਤ ਦੀ ਅਮਲੀ ਸ਼ਮੂਲੀਅਤ ਵਿਚ ਧਿਆਨ ਦੇਣ ਯੋਗ ਵਾਧਾ ਨ ਹੋਇਆ। ਫੇਰ ਵੀ ਇਹ ਪ੍ਰਾਈਵੇਟ ਜ਼ਮੀਨੀ-ਜਾਇਦਾਦ ਅਤੇ ਕਿਰਸਾਣਾ ਦੇ ਕੰਗਾਲੀ ਕਰਣ ਦੇ ਆਧਾਰ ਉਤੇ ਬਰਤਾਨਵੀ ਨੀਲ ਦੀ ਖੇਤੀ ਕਰਵਾਉਣ ਵਾਲੇ ਕੁਝ ਦੇਸੀ ਠੇਕੇਦਾਰਾਂ ਤੇ ਜ਼ਮੀਨ ਦੇ ਮਾਲਕਾਂ ਨਾਲ ਰਲਕੇ ਖੁਸ਼ਹਾਲ ਹੋਏ ਅਤੇ ਉਹਨਾਂ ਨੇ ਆਪਣੇ ਘਰ ਦੇ ਖਜ਼ਾਨੇ ਭਰਪੂਰ ਕੀਤੇ। ਇਹ ਮਹਤਵ ਪੂਰਨ ਤੱਥ ਹੈ ਕਿ ਜਿਹਨਾਂ ਇਲਾਕਿਆਂ ਵਿਚ ਬਟਾਈ ਪ੍ਰਚਲਿਤ ਹੈ ਉਹਨਾਂ ਵਿਚ, ਗੁਜ਼ਾਰੇ ਲਈ ਕੀਤੀ ਕਾਸ਼ਤਕਾਰੀ ਵਾਲੇ ਇਲਾਕਿਆਂ ਦੇ ਮੁਕਾਬਲੇ ਪੇਂਡੂ ਕਰਜ਼ਿਆਂ ਦੀ ਮਿਕਦਾਰ ਬਹੁਤੀ ਹੈ ਨਤੀਜੇ ਵਜੋਂ ਵਧ ਲੋਕ ਕਿਰਸਾਣੀ ਛੱਡਦੇ ਹਨ।

ਜ਼ਰਾਇਤ ਵਿਚ ਸਰਮਾਏਦਾਰੀ ਦੀ ਤਰੱਕੀ ਲਈ ਉਦਯੋਗਿਕ ਖ਼ੇਤਰ ਨੂੰ ਸਰਮਾਏਦਾਰੀ ਰੂਪ ਵਿਚ ਕਾਫ਼ੀ ਵਿਕਸਿਤ ਹੋਣ ਦੀ ਲੋੜ ਹੈ। ਪਰ ਇਹ ਵਾਪਰਨ ਲਈ, ਉਦਯੋਗਿਕ ਸਰਮਾਇਆ ਚਾਹੁੰਦਾ ਹੈ ਕਿ ਕਿਸਾਨਾਂ ਦੀ ਠਗੀ ਹੋਵੇ ਤੇ ਉਹਨਾਂ ਨੂੰ ਨਿਹੱਥੇ ਕੀਤਾ ਜਾਵੇ। ਇਹ ਗਲਤ ਹੋਵੇਗਾ ਕਿ ਅਸੀਂ ਅਜੇਹੇ ਸਮਾਜ ਵਿਚ ਵਿਕਸਿਤ ਸਰਮਾਏਦਾਰੀ ਕਾਸ਼ਤਕਾਰੀ ਨੂੰ ਵੇਖੀਏ ਜਿਸ ਦਾ ਵਿਕਸਿਤ ਉਦਯੋਗਿਕ ਖੇਤਰ ਨਹੀਂ ਹੈ। ਇਹ ਵਿਸ਼ਵਾਸ ਕਰਨਾ ਵੀ ਉਹਨਾਂ ਹੀ ਗ਼ਲਤ ਹੋਵੇਗਾ ਕਿ ਕਿਉਂਕਿ ਸਰਮਾਏਦਾਰੀ ਕਾਸ਼ਤਕਾਰਾਂ ਦੀ ਕੋਈ ਜਮਾਤ ਨਹੀਂ ਹੈ ਕਿਸਾਨਾਂ ਤੋਂ ਜ਼ਮੀਨ ਦਾ ਖੁਸਣਾ ਸਰਮਾਏਦਾਰੀ ਵਲ ਨਹੀਂ ਲੈ ਜਾਂਦਾ। ਬਸਤੀਵਾਦ ਹੇਠ ਕਿਉਂਕਿ ਦੇਸੀ ਉਦਯੋਗਿਕ ਸਰਮਾਇਆ ਅਹਿਮ ਹੱਦ ਤਕ ਨਹੀਂ ਵਿਕਸਿਤ ਹੋਇਆ, ਸੋ ਬਟਾਈ ਆਪਣੇ ਮੁਢਲੇ ਵਿਸ਼ਾਲ ਰੂਪ ਵਿਚ ਹੀ ਆਜ਼ਾਦੀ ਤੱਕ ਬਣੀ ਰਹੀ ਹੈ। ਦੂਜੇ ਪਾਸੇ ਰੂਸ ਵਿਚ ਜੋ ਕਿ ਖੁਦ ਹੀ ਤਰੱਕੀਯਾਫ਼ਤਾ ਸਰਮਾਏਦਾਰੀ ਤਾਕਤ ਸੀ, ਬਸਤੀਵਾਦੀ ਜ਼ੰਜੀਰਾਂ ਨੂੰ ਤੋੜਕੇ ਬਟਾਈ ਤੋਂ ਕਿਰਾਏਦੀ ਕਿਰਤ hired labour ਵਿਚ ਤਬਦੀਲੀ 1899 ਤੱਕ ਨਜ਼ਰ ਆਉਣ ਲਗ ਪਈ ਸੀ ਅਰਥਾਤ ਉਦੋਂ ਤੱਕ ਜਦੋਂ ਲੈਨਿਨ ਨੇ "ਰੂਸ ਵਿਚ ਸਰਮਾਏਦਾਰੀ ਦਾ ਵਿਕਾਸ" ਲਿਖੀ।

ਇਸ ਲਈ ਸਾਡਾ ਮਤ ਇਹ ਹੈ ਕਿ ਬਟਾਈ ਜਾਗੀਰੂ ਸੰਸਥਾ ਨਹੀਂ ਹੈ, ਇਹ ਉਦੋਂ ਹੀ ਨਜ਼ਰ ਆਉਂਦੀ ਹੈ ਜਦੋਂ ਸਰਮਾਏਦਾਰੀ ਨੇ ਜਾਗੀਰੂ ਸੰਸਥਾਵਾਂ ਨੂੰ ਖ਼ਤਮ ਕਰ ਦਿਤਾ ਹੋਏ ਅਤੇ ਜਿਥੇ ਸਰਮਾਏਦਾਰੀ ਆਪਣੀ ਪੂਰੀ ਤਾਕਤ ਨਾਲ ਨਾ ਉਭਰਿਆ ਹੋਵੇ।' ਆਪਣੇ ਰੂਪ ਨੂੰ ਹੋਰ ਪੁਖਤਾ ਕਰਨ ਲਈ ਉਹ ਆਪਣੇ ਹਿਤਾਂ ਅਨੁਕੂਲ ਸਥਿਤੀ ਪੈਦਾ ਕਰਦਾ ਹੈ ਅਤੇ ਆਪਣੇ ਆਪ ਨੂੰ ਸਪਸ਼ਟ ਰੂਪ 'ਚ ਨਹੀਂ ਪ੍ਰਗਟਾਉਂਦਾ, ਸਗੋਂ ਸ਼ੁਰੂ ਵਿਚ ਹੀ ਜਾਗੀਰੂ ਸੰਸਥਾਵਾ ਦੀ ਬਰਬਾਦੀ ਲਿਆਉਂਦਾ ਹੈ। ਇਸ ਪ੍ਰਕ੍ਰਿਆ ਵਿਚ, ਜ਼ਮੀਨ ਬੇਗਾਨੀ ਹੋ ਜਾਂਦੀ ਹੈ, ਸਿਧੇ ਉਤਪਾਦਕ ਉਤਪਾਦਨ ਦੇ ਵਸੀਲਿਆ ਤੋਂ ਅੱਡ ਹੋ ਜਾਂਦੇ ਹਨ, ਅਤੇ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਲਈ ਤਿਆਰੀ ਪੂਰੀ ਹੋ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬਟਾਈ ਵਿਚ ਉਪਰਲੀਆਂ ਜਮਾਤਾਂ ਵਲੋਂ ਵਾਧੂ ਹਾਸਲ ਕਰਨ ਲਈ ਵਰਤੀ ਗਈ ਧੱਕੇ-ਜ਼ੋਰੀ ਉਹ ਨਹੀਂ ਜਿਹੜਾ ਫ਼ਾਲਤੂ ਆਰਥਿਕ ਹੈ ਸਗੋਂ ਜਿਹੜਾ ਮੂਲ ਰੂਪ 'ਚ ਆਰਥਿਕ ਹੈ, ਜਦੋਂ ਤਕ ਜ਼ਮੀਨ-ਮਾਲਕਾਂ ਦੀ ਜਮਾਤ ਕੋਲ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਹਨ। ਇਹ ਫ਼ਾਲਤੂ ਆਰਥਿਕ ਦਬਾਅ-ਧੁਰਾ ਨਹੀਂ ਹੈ ਅਤੇ ਇਸੇ ਲਈ, ਜਿਵੇਂ ਲੈਨਿਨ ਨੇ ਕਿਹਾ ਹੈ, ਇਸ ਦੀ "ਵਧ ਜਾਂ ਘਟ ਰੋਕ ਹੋ ਸਕਦੀ ਹੈ।

ਸਰਮਾਏਦਾਰੀ ਵਿਚ, ਸਰਮਾਇਆ ਕਿਰਤ ਉਤੇ ਹਾਵੀ ਹੁੰਦਾ ਹੈ ਅਤੇ ਇਸ ਲਈ ਕਿਰਤ ਨੂੰ ਬੇਦਖਲ ਹੋਣਾ ਪੈਂਦਾ ਹੈ। ਸੋ ਇਸ ਸਬੰਧ ਵਿਚ ਮੁਜਾਰਾ-ਕਾਸ਼ਤਕਾਰੀ ਜ਼ਰਾਇਤ ਵਿਚ ਸਰਮਾਏਦਾਰੀ ਲਈ 'ਬਾਲ ਸਕੂਲ' ਮੁਹਈਆ ਕਰਦੀ ਹੈ। ਕਿਉਂਕਿ ਜਿਵੇਂ ਮਾਰਕਸ ਨੇ

ਕਿਹਾ ਹੈ, "ਜਿਵੇਂ ਹੀ ਜ਼ਮੀਨ ਕਿਰਾਏ ਤੇ ਦੇ ਦਿਤੀ ਜਾਂਦੀ ਹੈ, ਜ਼ਮੀਨੀ ਲੋੜੀਂਦੇ ਸਰਮਾਏ ਦੀ ਲਾਗਤ ਦੇ ਖਿਲਾਫ਼ ਪੂਰੀ ਨਾਕਾਬੰਦੀ ਵਾਂਗ ਜ਼ਮੀਨੀ ਜਾਇਦਾਦ ਦਾ ਕੰਮ ਕਰਨਾ ਖਤਮ ਹੋ ਜਾਂਦਾ ਹੈ।" (ਮਾਰਕਸ, ਸਰਮਾਇਆ. ਸੈਂਚੀ 3, ਸਫ਼ਾ)

ਹੁਣ ਅਸੀਂ ਨੇੜੇ ਵਿਚ ਹੋਈ ਖੋਜ ਬਾਰੇ ਵੀ ਸਮਝ ਸਕਦੇ ਹਾਂ ਕਿ ਦੇਸੀ ਉਦਯੋਗਿਕ ਸਰਮਾਏਦੀ ਵਿਕਾਸ ਨਾਲ, ਕਈ ਇਲਾਕਿਆਂ ਵਿਚ ਬਟਾਈ ਤੇ ਸਰਮਾਏਦਾਰੀ ਲਾਗਤ ਇਕੱਠੇ ਰਹਿੰਦੇ ਹਨ। ਇਹ ਉਹਨਾਂ ਸੰਸਥਾਵਾਂ ਤੇ ਅਮਲਾਂ ਨੂੰ ਪੈਦਾ ਕਰਦੇ ਹਨ ਜੋ ਸਰਮਾਏਦਾਰੀ ਜਮਾਤ ਦੇ ਪ੍ਰਭਾਵ ਹੇਠ ਹਨ।

ਭਾਵੇਂ ਬਟਾਈ ਦੀ ਸੰਸਥਾ ਵਿਚ ਕੁਝ ਜਗੀਰੂ ਰਹਿੰਦ-ਖੂੰਦ ਬਚ ਗਈ ਹੋਵੇ, ਪਰ ਉਹਨਾਂ ਦੀ ਹੋਂਦ ਨਾਲ ਆਰਥਿਕਤਾ ਜਾਗੀਰਦਾਰੀ ਵੱਲ ਨਹੀਂ ਚਲੀ ਜਾਂਦੀ ਜਿਵੇਂ ਕਿ ਇਤਿਹਾਸਕ ਅਨੁਭਵ ਤੋਂ ਪਤਾ ਲੱਗਾ ਹੈ ਅਤੇ ਨਾ ਹੀ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਦੇ ਵਿਕਾਸ ਦੀ ਵਿਰੋਧੀ ਹੈ।

(4)

## ਰਾਜਨੀਤਕ ਅਮਲ ਲਈ ਗੁਝੇ—ਅਰਥ

ਭਾਰਤ ਵਿਚ ਸਰਮਾਏਦਾਰੀ ਦਾ ਵਿਕਾਸ ਇਕਸਾਰ ਬਹੁਤ ਹੀ ਘੱਟ ਹੈ। ਪੰਜਾਬ, ਹਰਿਆਣਾ, ਤਾਮਿਲ-ਨਾਡੂ ਦੇ ਕੁਝ ਹਿਸੇ ਅਤੇ ਗੁਜਰਾਤ ਵਿਚ ਸਰਮਾਏਦਾਰੀ ਉਜਰਤੀ ਕਿਰਤ ਅਤੇ ਸਰਮਾਏ ਦੇ ਵਾਧੇ ਨਾਲ ਪ੍ਰਫੁਲਿਤ ਹੋ ਰਿਹਾ ਹੈ, ਪਰ ਪੂਰਬੀ ਖੇਤਰ ਵਿਚ, ਜਿਵੇਂ ਬੰਗਾਲ ਵਿਚ, ਸਰਮਾਏਦਾਰੀ ਹਾਲੀ ਵੀ ਕਮਜ਼ੋਰ ਹੈ ਅਤੇ ਇਥੇ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਬਹੁਤੀ ਵੇਖੀ ਜਾ ਸਕਦੀ ਹੈ। ਹਾਲਾਂਕਿ ਪੂਰੀ ਸਰਮਾਏਦਾਰੀ ਦੇ ਉਭਾਰ ਦੇ ਵੀ ਉਦਾਹਰਣ ਮਿਲਦੇ ਹਨ।

ਪਰ ਜੇ ਭਾਰਤ ਦੀ ਆਰਥਿਕਤਾ ਨੂੰ ਸਮਗ੍ਰਤਾ ਵਿਚ ਸਰਮਾਏਦਾਰੀ ਦੇ ਰੂਪ ਵਿਚ ਵੇਖਿਆ ਜਾਵੇ, ਤਾਂ ਬਟਾਈ ਦੇ ਇਲਾਕਿਆਂ 'ਚੋਂ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਦੇ ਉਭਾਰ 'ਚੋਂ ਵਖਰੇ ਅਰਥ ਕੱਢੇ ਜਾ ਸਕਦੇ ਹਨ। ਅਰਥਾਤ ਇਹ ਵਿਕਾਸ ਨੇ ਕੋਈ ਸਮਾਜਿਕ ਉਥਲ-ਪੁਥਲ ਨਹੀਂ ਲਿਆਂਦੀ, ਸਗੋਂ ਪਹਿਲਾਂ ਤੋਂ ਚਲੇ ਆ ਰਹੇ ਆਧਾਰ 'ਚੋਂ ਸੁਭਾਵਿਕ ਹੀ ਉਭਰਿਆ ਹੈ।

ਇਸ ਨਾਲ ਸਾਨੂੰ ਫ਼ਜ਼ੂਲ ਸਿਧਾਂਤਕ ਫ਼ਾਰਮੂਲੇਸ਼ਨ 'ਤੇ ਕਾਬੂ ਪਾਉਣ ਵਿਚ ਸਹਾਇਤਾ ਮਿਲੇਗੀ, ਜਿਹਨਾਂ ਅਨੁਸਾਰ ਸਰਮਾਏਦਾਰੀ ਜਾਗੀਰਦਾਰੀ ਨਾਲ ਬਗ਼ੈਰ ਕਿਸੇ ਵਿਰੋਧ ਤੋਂ ਇਕੱਠੀ ਰਹਿੰਦੀ ਹੈ।

ਜੇ ਉਪਰਲੇ ਵਿਚਾਰ ਨੂੰ ਕੇਵਲ ਇਸਦੀ ਰੂਪ ਰੇਖਾ ਵਿਚ ਹੀ ਮੰਨ ਲਿਆ ਜਾਵੇ ਤਾਂ ਇਸ ਦੇ ਅਸਲੀ ਗੁਝੇ-ਅਰਥ ਵੀ ਉਸ ਦੇ ਨਾਲ ਹੀ ਕੁਝ ਹੱਦ ਤਕ ਭਾਰਤ ਵਿਚ ਖੱਬੂ ਅਮਲ ਦੀਆਂ ਮੁਖ ਲਾਈਨਾਂ ਵੀ ਕੁਰਾਹੇ ਪੈ ਜਾਂਦੀਆਂ ਹਨ। ਇਕ ਦੇ ਲਈ, ਸਰਮਾਏਦਾਰੀ ਖਿਲਾਫ ਜਥੇਬੰਦ ਕਰਨ ਦੀ ਤਿਆਰੀ ਜ਼ਰਾਇਤੀ ਖੇਤਰ ਵਿਚ ਬਹੁਤੀ ਸਪਸ਼ਟ ਹੋਵੇਗੀ, ਜਿੰਨੀ ਅਜੋਕੇ ਵੇਲੇ ਹੈ। ਖੱਬੀ ਲਹਿਰ ਦੇ ਅੰਦਰ ਕਈ ਹਿੱਸਿਆਂ ਵਿਚ ਹਾਲੀ ਵੀ ਇਹ ਵਿਸ਼ਵਾਸ਼ ਹੈ ਕਿ ਜਾਗੀਰ ਸੰਸਥਾਵਾਂ ਅਤੇ ਜਗੀਰੂ ਜਮਾਤਾਂ ਹਾਲੇ ਵੀ ਬਣੀਆਂ ਹਨ ਅਤੇ ਉਹਨਾਂ ਨੂੰ ਖਤਮ ਕਰਕੇ ਹੀ ਸਰਮਾਏਦਾਰੀ ਤਾਕਤਾਂ ਨੂੰ ਲਿਆਂਦਾ ਜਾ ਸਕਦਾ ਹੈ। ਨਤੀਜੇ ਵਜੋਂ ਅਮੀਰ ਸਰਮਾਏਦਾਰ ਕਾਸ਼ਤਕਾਰਾਂ ਨੂੰ ਨਾਲ ਰਲਾ ਲਿਆ ਜਾਂਦਾ ਹੈ। ਤੇ ਇਹ ਗੱਲ ਉਹਨਾਂ ਇਲਾਕਿਆਂ ਬਾਰੇ ਵੀ ਸੱਚੀ ਹੈ ਜਿਥੇ ਸਰਮਾਏ ਹੇਠ ਕਿਰਤ ਦੀ ਰਸਮੀ ਸਮੂਲੀਅਤ ਹੋ ਚੁੱਕੀ ਹੈ। ਅਤੇ ਉਹਨਾਂ ਇਲਾਕਿਆਂ ਬਾਰੇ ਵੀ ਜਿਥੇ ਵਿਕਸਿਤ ਸਰਮਾਏਦਾਰੀ ਹੈ।

ਪਰ ਸਾਡਾ ਇਹ ਵਿਚਾਰ ਹੈ ਕਿ ਇਸ ਪੜਾਅ ਤੇ ਜਾਗੀਰਦਾਰੀ ਦੀ ਪੂਰੀ ਤਰ੍ਹਾਂ ਤਬਾਹੀ ਵਿਅਰਥ ਹੋਵੇਗੀ। ਇਸ ਨਾਲ ਅਸੀਂ ਸਰਮਾਏਦਾਰੀ ਦੇ ਸਿਲਸਿਲੇਵਾਰ ਵਿਕਾਸ ਨੂੰ ਦਿਤੇ ਹੋਏ ਆਰਥਿਕ ਢਾਂਚੇ ਵਿਚ, ਵੇਖਣੋਂ ਉੱਕ ਜਾਵਾਂਗੇ। ਨਾਲੇ ਸ਼ਾਇਦ ਸਰਮਾਏ ਦੇ ਖਿਲਾਫ ਸੰਘਰਸ਼ ਅੱਗੇ ਪਾ ਦੇਵਾਂਗੇ ਅਤੇ ਨਾਲ ਹੀ ਇਸ ਗਲ ਲਈ ਪ੍ਰੇਰਿਤ ਹੋਵਾਂਗੇ ਕਿ ਜਾਗੀਰਦਾਰੀ ਦੇ ਖਿਲਾਫ਼ ਝੂਠੀ ਮੂਠੀ ਦੀ ਲੜਾਈ ਛੇੜਾਂਗੇ। ਇਸ ਤਰ੍ਹਾਂ ਦੀ ਲੜਾਈ ਵਿਚ ਸਰਮਾਏਦਾਰੀ ਦੇ ਹਿੱਤ ਸਿਧਾਂਤਕ ਰੂਪ ਉੱਪਰ ਰੱਖੇ ਜਾਣਗੇ, ਭਾਵੇਂ ਅਮਲ ਵਿਚ ਹਰ ਸਮੇਂ ਇੰਞ ਕਰ ਸਕਣਾ ਸੰਭਵ ਨਹੀਂ। ਇਸ ਲਈ ਪ੍ਰੋਲੇਤਾਰੀ ਹਿਤ ਹਮੇਸ਼ਾਂ ਹੀ ਪੱਕੇ ਨਹੀਂ ਹੁੰਦੇ ਜਾਂ ਸਮਾਜਵਾਦ ਦੀ ਜਿੱਤ ਲਈ ਇਸ ਦੇ ਸੰਘਰਸ਼ ਵਿਚ ਖੱਬੂਆਂ ਵਲੋਂ ਵਡੇ ਗਠਜੋੜ ਵਿਚ ਅਗਵਾਈ ਕਰਨ ਵਾਲੇ ਨਹੀਂ ਹੁੰਦੇ।

ਇਸ ਤੋਂ ਵਧ, ਸਰਮਾਏਦਾਰ ਨੂੰ ਮੁਖ ਦੁਸ਼ਮਣ ਦੇ ਰੂਪ ਵਿਚ ਪਛਾਨਣ ਦੀ ਅਸਲੀ ਲੋੜ ਵੀ ਹੈ। ਕਿਉਂਕਿ ਇਨਕਲਾਬੀ ਜ਼ਿੰਮੇਵਾਰੀ ਹਾਲੀ ਨਜ਼ਰ ਨਹੀਂ ਆ ਰਹੀ, ਅਗਾਂਹ ਲੰਮੇ ਸਮੇਂ ਦੇ ਸੰਘਰਸ਼ ਨੂੰ ਦਿਮਾਗ ਵਿਚ ਰਖਕੇ ਤਿਆਰੀ ਕਰਨ ਦੀ ਲੋੜ ਹੈ ਅਤੇ ਜੇ ਇਹ ਮੰਨ ਲਿਆ ਜਾਵੇ ਕਿ ਜਗੀਰੂ ਸੰਸਥਾਵਾਂ ਹੁਣ ਸ਼ਕਤੀ-ਸ਼ਾਲੀ ਵਿਰੋਧੀ ਤਾਕਤ ਨਹੀਂ ਰਹੀਆਂ, ਨਤੀਜੇ ਵਜੋਂ ਸੁਭਾਵਿਕ ਹੀ ਖਬੂਆਂ ਨੂੰ ਵਧ ਤੋਂ ਵਧ ਆਪਣੇ ਤੋਪਖਾਨੇ ਨੂੰ ਸਰਮਾਏਦਾਰੀ ਦੇ ਖਿਲਾਫ ਪਹਿਲਾਂ ਹੀ ਕਰ ਲੈਣਾ ਚਾਹੀਦਾ ਹੈ, ਕਿਉਂਕਿ ਜਦ ਉਹ ਵਧਦਾ ਹੈ ਤਾਂ ਲਖਾਂ

ਨੂੰ ਨਕਾਰੇ ਜਾਂ ਤਬਾਹ ਕਰ ਦੇਂਦਾ ਹੈ। ਪਰ ਇਹ ਕਰਨ ਲਈ ਸਭ ਤੋਂ ਪਹਿਲਾਂ ਸਿਧਾਂਤਕ ਤੌਰ 'ਤੇ ਯਕੀਨ ਕਰ ਲੈਣਾ ਚਾਹੀਦਾ ਹੈ ਕਿ ਭਾਰਤੀ ਜ਼ਰਾਇਤ ਮੁਢਲੇ ਰੂਪ ਵਿਚ ਸਮਾਏਦਾਰੀ ਨਾਲ ਸੰਚਾਲਿਤ ਹੈ।

ਫੇਰ ਵੀ, ਸਾਡਾ ਇਹ ਸੁਝਾਓਣ ਦਾ ਇਰਾਦਾ ਨਹੀਂ ਕਿ ਖਬੂਆਂ ਨੂੰ ਜ਼ਮੀਨ ਦੇ ਫੌਰਨ ਸਮਾਜੀਕਰਣ ਲਈ ਨਾਅਰਾ ਅਪਣਾ ਲੈਣਾ ਹੈ। ਭਾਰਤੀ ਜ਼ਰਾਇਤ ਵਿਚ ਸਰਮਾਏਦਾਰੀ ਦੀ ਪ੍ਰਗਤੀ ਹਾਲੀ ਉਸ ਪੱਧਰ ਉਤੇ ਨਹੀਂ ਅਪੜੀ ਜਦੋਂ ਕਿਰਸਾਣ ਦੀਆਂ ਨਿਜੀ ਜੋਤਾਂ ਵਿਕਾਸਯੋਗ ਨਹੀਂ ਰਹੀਆਂ ਅਤੇ ਇਸ ਲਈ 'ਜ਼ਮੀਨ ਵਾਹੁਣ ਵਾਲੇ ਦੀ' ਵਰਗੇ ਨਾਅਰੇ ਹਾਲੀ ਵੀ ਬਹੁਤਿਆਂ ਕਿਸਾਨਾਂ ਨੂੰ ਪ੍ਰੇਰਿਤ ਕਰ ਸਕਦੇ ਹਨ। ਨਾ ਹੀ ਜਾਗੀਰਦਾਰੀ ਦੇ ਉਪਰ ਦੇ ਸੰਰਚਨਾਤਮਕ ਤੱਤ ਪੂਰੀ ਤਰ੍ਹਾਂ ਹੂੰਝ ਦਿਤੇ ਗਏ ਹਨ, ਅਤੇ ਸਰਮਾਏਦਾਰੀ ਨੂੰ ਦੇਸ਼ ਵਿਚ ਲਿਆਂਦਾ ਗਿਆ ਹੈ। ਨੀਵੀਂ ਸਰਮਾਏਦਾਰੀ ਵਿਕਾਸ ਦੇ ਇਕ ਪੜਾਅ, ਜਿਥੇ ਸਰਮਾਇਆ ਕੇਵਲ ਰਸਮੀ ਤੌਰ ਤੇ ਕਿਰਤ ਨੂੰ ਆਪਣੇ ਹੇਠ ਲਿਆਉਂਦਾ ਹੈ, ਕਿਰਸਾਣਾਂ ਨੂੰ ਪੂਰੀ ਤਰਾਂ ਉਦਯੋਗਿਕ ਹੈਸੀਅਤ ਨਹੀਂ ਬਖਸ਼ਦਾ। ਉਹਨਾਂ ਦੀ ਸਮਾਜਿਕ ਦ੍ਰਿਸ਼ਟੀ ਵੀ ਹਾਲੀ ਉਹਨਾਂ ਦੇ ਬੀਤੇ ਸਮੇਂ ਦੇ ਅੱਡਰੇਪਨ ਦੀ ਪ੍ਰਕਰਮਾ ਕਰਦੀ ਹੈ, ਜਿਵੇਂ ਉਹਨਾਂ ਨੇ ਸਰਮਾਏਦਾਰੀ ਸ਼ਕਤੀਆਂ ਦੀ ਆਜ਼ਾਦੀ ਤੇ ਗੈਰ-ਮਨੁੱਖੀ ਦਾਨ ਨੂੰ ਅਨੁਭਵ ਨਹੀਂ ਕੀਤਾ। ਨਾ ਹੀ ਉਹ ਵਿਕਸਿਤ ਸਰਮਾਏਦਾਰੀ ਅਰਥਾਂ ਵਿਚ ਖੁਦ-ਮੁਖਤਾਰ ਹੋਏ ਹਨ।

ਪਰ ਇਹ ਸਭ ਕੁਝ ਇਸ ਤਥ ਨੂੰ ਝੁਠਲਾਉਂਦੇ ਨਹੀਂ ਕਿ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਨਾਲ ਸਰਮਾਏਦਾਰੀ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਦੇ ਰਾਹ ਵਿਚੋਂ ਪ੍ਰਮੁਖ ਸੰਰਚਨਾਤਮਕ ਅੜਚਨ ਪਾਸੇ ਹੋ ਗਈ ਹੈ। ਅਤੇ ਇਸ ਲਈ ਇਹ ਮਗਰਲੇ ਉਭ ਦੇ ਝੁਕਾਅ ਦੇ ਖਿਲਾਫ ਹੀ ਖਬੂਆਂ ਨੂੰ ਸ਼ਾਇਦ ਬਹੁਤ ਹੱਦ ਤੱਕ ਆਪਣੇ ਆਪ ਜ਼ੋਰ ਮਾਰਨਾ ਚਾਹੀਦਾ ਹੈ। ਜਿਉਂ ਹੀ ਸਰਮਾਏ ਹੇਠ ਕਿਰਤ ਦੀ ਅਸਲੀ ਸ਼ਮੂਲੀਅਤ ਦਾ ਪੂਰਬ ਇਤਿਹਾਸ ਸਰਮਾਏ ਹੇਠ ਕਿਰਤ ਦੀ ਰਸਮੀ ਸ਼ਮੂਲੀਅਤ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਤਾਂ ਸਾਡਾ ਵਿਸ਼ਵਾਸ ਹੈ, ਵੱਧ ਸਿਧਾਂਤਕ ਸਪੱਸ਼ਟਤਾ ਆ ਸਕਦੀ ਹੈ ਜੋ ਸਾਡੀ ਅਜੋਕੇ ਜ਼ਰਾਇਤੀ ਖੇਤਰ ਬਾਰੇ ਸਾਡੀ ਸੂਝ ਨੂੰ ਕੁਝ ਅਗਾਂਹ ਲੈ ਜਾ ਸਕਦਾ ਹੈ। ਇਹ ਕੁਝ ਸੀਮਾਂ ਤਕ ਜਾਗੀਰਦਾਰੀ ਤੇ ਸਰਮਾਏਦਾਰੀ ਬਾਰੇ ਸਾਡੀ ਸੂਝ ਨੂੰ ਸਪਸ਼ਟ ਕਰਦਾ ਹੈ। ਅੰਤ ਵਿਚ ਇਹ ਦਸ ਦੇਣਾ ਵੀ ਠੀਕ ਰਹੇਗਾ ਕਿ ਇਸ ਪਰਚੇ ਦਾ ਮਨੋਰਥ ਪੇਂਡੂ ਆਰਥਿਕਤਾ ਨੂੰ ਨਵੀਂ ਦ੍ਰਿਸ਼ਟੀ ਤੋਂ ਸਮਝਣ ਦਾ ਹੈ ਅਤੇ ਕਿਸੇ ਵੀ ਤਰ੍ਹਾਂ ਨਿਸ਼ਚਿਤ ਸਿਟੇ ਦਸਣ ਦਾ ਨਹੀਂ।

(EPW ਤੋਂ ਧੰਨਵਾਦ ਸਹਿਤ–ਪੰਜਾਬੀ ਰੂਪ : ਸਵਿੰਦਰਜੀਤ ਸਾਗਰ)

---


## ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ

ਦੀਆਂ

## ਕੁਝ ਨਵੀਂਆਂ ਕਿਤਾਬਾਂ

ਘੁੰਮਣ ਘੇਰੀ—ਇਕਾਂਗੀ ਨਾਟਕ ਸੰਗ੍ਰਿਹ
ਗੁਰਸ਼ਰਨ ਸਿੰਘ — ਮੁਲ 2—00

ਲੋਕਾਂ ਦੇ ਬੋਲ—ਗੀਤ ਸੰਗ੍ਰਿਹ
ਬਖਸ਼ੀਸ਼ ਧਾਲੀਵਾਲ — ਮੁਲ 2—00

ਰਾਤ—ਨਾਵਲ
ਅਬਦੁੱਲਾ ਹੁਸੈਨ — ਮੁਲ 3—

ਪੰਛੀਆਂ ਦੇ ਆਲ੍ਹਣੇ—ਕਹਾਣੀ ਸੰਗ੍ਰਿਹ
ਭੂਰਾ ਸਿੰਘ ਕਲੇਰ — ਮੁਲ 2-00

ਵਸੋ ਵਸਣਾ ਖੇਡ ਨਹੀਂ—ਕਹਾਣੀ ਸੰਗ੍ਰਿਹ
ਪ੍ਰੀਤਮ ਬੇਲੀ — ਮੁਲ 2—00

ਗਿੱਲੀਆਂ ਛਿੱਟੀਆਂ ਦੀ ਅੱਗ-ਕਹਾਣੀ ਸੰਗ੍ਰਿਹ
ਬਲਦੇਵ ਸਿੰਘ — ਮੁਲ 3-00

ਗਾਡੀ ਰਾਹ—ਚਿੱਤੂ ਮਿੱਤ੍ਰ ਦੀ ਲੋਕ ਗਾਥਾ
ਮੁਖਤਿਆਰ ਸਿੰਘ ਜ਼ਫਰ — ਮੁਲ 2-00

ਸੱਤੇ ਹੀ ਕੁਆਰੀਆਂ—ਕਹਾਣੀ ਸੰਗ੍ਰਿਹ
ਰਾਜਿੰਦਰ ਕੌਰ — ਮੁਲ 3—00

ਜੇਲ੍ਹਾਂ ਜਾਈ—ਕਵਿਤਾ
ਮੱਲ ਸਿੰਘ ਰਾਮਪੁਰੀ — ਮੁਲ 2—00

ਮੈਂ ਨਾਸਤਕ ਕਿਉਂ ਹਾਂ
ਭਗਤ ਸਿੰਘ — ਮੁਲ 1—05

ਸੂਹੀ ਸਵੇਰ—ਸਵੈਸਾਚੀ—ਅਨੁਵਾਦਕ
ਗੁਰਬਖਸ਼ ਜੱਸ — ਮੁਲ 5—00


---


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼ I, ਭਾਈ ਵੀਰ ਮਾਰਕੀਟ, ਪੁਤਲੀਘਰ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਵਾਂ: ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ 143002

ਸੰਪਾਦਨ: ਸੰਪਾਦਕ ਮੰਡਲ — ਵਾਰਸ਼ਿਕ ਚੰਦਾ: 20 ਰੁਪਏ, ਵਿਦੇਸ਼ 60 ਰੁਪਏ

Registered with Registrar of News Paper Vide No MA/1/2397-D dated 14.8.80


# ਸਾਡੀਆਂ ਚੋਣਵੀਆਂ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ

ਹਰਨਾਮ ਸਿੰਘ 'ਨਾਜ਼'
ਦੀਆਂ ਤਿੰਨ ਨਵੀਆਂ ਪੁਸਤਕਾਂ

## ਮਿੱਟੀ ਦੇ ਬੋਲ

( ਲੇਖ )
ਮੁਲ : ਦਸ ਰੁਪਏ

## ਪਿਉਂਦ

ਮੁਲ : 10 ਰੁਪਏ

## ਅਖਰਾਵਲੀ

ਮੂਲ : 10 ਰੁਪਏ

## ਕਠਪੁਤਲੀਆਂ

( ਨਾਵਲ )
ਮਿਸਜ਼ ਪੁਸ਼ਪਾ ਮਹਾਜਨ
ਪ੍ਰਿੰਸੀਪਲ ਆਰੀਆ ਗਰਲਜ ਕਾਲਜ
ਦੀਨਾਨਗਰ
ਮੂਲ : ਬਾਰਾਂ ਰੁਪਏ

## ਧਰਤੀ ਤਾਂਬਾ ਹੋ ਗਈ

ਜਗੀਰ ਸੱਧਰ
ਦਾ ਪਲੇਠਾ ਕਾਵਿ ਸੰਗ੍ਰਿਹ ਹੈ

... ਮਾਏ ਨੀ ! ਜਿਥੇ ਉਸ ਛਲੀਏ ਨੇ
ਮੇਰਾ ਰੂਪ ਹੰਢਾਇਆ ਨੀ ।
ਰਸਾ ਚੂਸ ਮੇਰਾ ਐਸਾ ਉਡਿਆ
ਮੁੜ ਗੁਲਸ਼ਨ ਨਾ ਆਇਆ ਨੀ ।
ਕੀਤੇ ਕੌਲ ਭੁਲਾ ਕੇ ਸਾਰੇ
ਉਹ ਹੋ ਗਿਆ ਪਰਾਇਆ ਨੀ ।
ਉਸ ਦੀ ਯਾਦ 'ਚ ਰੋ ਰੋ 'ਸੱਧਰ'
ਜੋਬਨ ਅਸਾਂ ਗਵਾਇਆ ਨੀ ।

ਉੱਚੀਆਂ ਬਰਫਾਂ ਦੀਆਂ ਹੁਣ ਚੋਟੀਆਂ ਨੂੰ ਵੇਖ ਕੇ,
ਭਖ ਪਿਆ ਹੈ ਦੋਸਤੋ ਅੰਗਿਆਰ ਮੇਰੇ ਸ਼ਹਿਰ ਦਾ ।

## ਜਿਸ ਤਨ ਲਾਗੈ

(ਗ਼ਜ਼ਲ ਸੰਗ੍ਰਹਿ)
ਪਾਲ ਗੁਰਦਾਸਪੁਰੀ
ਮੂਲ : 10 ਰੁਪਏ

## ਤਿੜਕੇ ਦਿਹਟੇ

(ਕਹਾਣੀ ਸੰਗ੍ਰਹਿ)
ਸੁਰਿੰਦਰ ਮੱਤਾ ਦਾ ਪਲੇਠਾ
ਕਹਾਣੀ ਸੰਗ੍ਰਹਿ ਹੈ ।
ਮੂਲ : 1ᵒ ਰੁਪਏ

## ਇਕ ਸੂਰਜ ਦੀ ਮੌਤ

(ਕਹਾਣੀ ਸੰਗ੍ਰਹਿ)
ਸੀ.ਐਲ. ਨਾਰੰਗ
ਮੂਲ : ਦਸ ਰੁਪਏ

## ਚੁੱਪ ਦੀ ਆਵਾਜ਼

'ਚਰਨ' ਸੀਰੇਵਾਲਵੀ
ਦਾ ਪਲੇਠਾ ਕਾਵਿ-ਸੰਗ੍ਰਹਿ
ਮੂਲ : ਦਸ ਰੁਪਏ

ਵਧੀਆ ਪੰਜਾਬੀ ਦੀਆਂ ਪੁਸਤਕਾਂ ਛਪਵਾਉਣ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ।

ਇਹ ਤੇ ਹੋਰ ਚੰਗੀਆਂ ਕਿਤਾਬਾਂ ਮੰਗਵਾਉਣ ਲਈ ਸਦਾ ਯਾਦ ਰਖੋ ।
PUBLISHERS & LIBRARY SUPPLIERS

ਪੁਤਲੀ ਘਰ